# ਚਿਰਾਗ

ਅਪ੍ਰੈਲ-ਜੂਨ 2015

**April -June 2015**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

ISSN 2349-3658

# ਚਿਰਾਗ



ਚਿਰਾਗ ਦੇ ਪਾਠਕਾਂ ਨੂੰ ਨਵਾਂ ਸਾਲ ਮੁਬਾਰਕ

25/- 92 ਅਪ੍ਰੈਲ - ਜੂਨ 2015

# ਚਿਰਾ.ਗ ਤਿਮਾਹੀ

ISSN 2349-3658

**ਸੰਪਾਦਕ ਹਰਭਜਨ ਸਿੰਘ ਹੁੰਦਲ**



ਸੰਪਾਦਕੀ ਮੰਡਲ- ਡਾ. ਕਰਮਜੀਤ ਸਿੰਘ,
ਲਾਲ ਸਿੰਘ, ਸੁਲੱਖਣ ਸਰਹੱਦੀ, ਜਰਨੈਲ ਸਿੰਘ ਟਰਾਂਟੋ,
ਪ੍ਰਤੀਨਿਧ- ਗਿਆਨ ਸਿੰਘ ਬਿਲਗਾ (ਯੂ.ਐਸ.ਏ.), ਨਵਤੇਜ ਸਿੰਘ (ਕੈਨੇਡਾ)


## ਤਤਕਰਾ


1. ਤਿੰਨ ਕਵਿਤਾਵਾਂ/—ਕੁਲਵੰਤ ਔਜਲਾ - 1
2. "ਜਾਨਦਾਰ ਸ਼ਿਅਰ ਕਹਿਣ ਲਈ ਜ਼ੋਰ ਲਾਉਣ ਦੀ - 4
3. *ਕਹਾਣੀ :* ਜੰਗਲ - 7
4. ਤਿੰਨ .ਗ਼ਜ਼ਲਾਂ/— ਕਵਿੰਦਰ ਚਾਂਦ -19
5. *ਵਿਸ਼ਵ ਸਾਹਿਤ :* ਪਾਬਲੋ ਨੇਰੂਦਾ ਦੇ ਸ਼ੌਕ - 21
6. ਨਵਤੇਜ ਗੜ੍ਹਦੀਵਾਲ਼ਾ ਦੀਆਂ ਕਵਿਤਾਵਾਂ -28
7. *ਕਹਾਣੀ :* ਕੀ ਕਰਾਂ ? -31
8. *ਵਾਹਗਿਓਂ ਪਾਰ :* ਸਭਿਆਚਾਰ ਦੇ ਪ੍ਰਸੰਗ - 42
9. *ਵਾਘਿਉਂ ਪਾਰ ਦੋ ਕਵਿਤਾਵਾਂ* - 48
10. *ਰੇਖਾ-ਚਿਤਰ :* ਸਦਾ-ਬਹਾਰ ਬਿਰਖ - 50
11. ਤਿੰਨ ਗੀਤ — *ਅਵਤਾਰ ਸਿੰਘ ਸੰਧੂ - 58*
12. *ਨਵੀਆਂ ਕਲਮਾਂ* : ਚਾਰ .ਗ਼ਜ਼ਲਾਂ -60
13. *ਰੀਵਿਊ :* ਨੀਗਰੋ ਲੋਕਾਂ ਦੀਆਂ ਕਵਿਤਾਵਾਂ -62
14. ਨਾਜ਼ਿਮ ਹਿਕਮਤ : ਜੀਵਨ ਤੇ ਰਚਨਾ - 63 ਰੀਵਿਊ : ਸਮਕਾਲੀ ਰਾਜਨੀਤਕ ਅਤੇ
15. ਸਮਾਜਿਕ ਸੰਵਾਦ ਦੀ ਸ਼ਾਇਰੀ - 65
16. ਰੀਵਿਊ :'ਚੇਤਨਾ ਦੀ ਮਹਿਕ ਖਿਲਾਰਨ ਤੇ ਰੋਸ਼ਨੀਆਂ ਦੀ ਜ਼ਮੀਨ ਤਲਾਸ਼ਦਾ ਸ਼ਾਇਰ ਮੰਗਤ ਚੰਚਲ' - 68
17. ਜਰਨੈਲ ਸਿੰਘ ਦੀ ਚਿਤਰਾਵਲੀ - 69
18. ਗੁਰੂ ਨਾਨਕ ਦੇਵ, ਅਜੋਕੇ ਪ੍ਰਸੰਗ ਵਿਚ -71
19. ਗੁਰੂ ਰਵਿਦਾਸ ਬਾਣੀ ਵਿਚ ਮੁਕਤੀ ਦਾ ਸੰਕਲਪ - 74
20. ਪੁਸਤਕ ਪ੍ਰਾਪਤੀ - 79



Postal Address:
Harbhajan Singh Hundal,
V.Fattu Chak,
P.O. Dhilwan
Distt. Kapurthala -144804
(Pb.) India
Phone No. **01822-273188**
(M) **99150-42242**



ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | :100 ਰੁ. |
| ਇਕ ਪਰਚਾ | :25 ਰੁ. |
| ਸੰਸਥਾਵਾਂ (ਵਾਰਸ਼ਿਕ) | :120 ਰੁ. |
| ਯੂਰੋਪ | :12 ਪੌਂਡ |
| ਅਮਰੀਕਾ | :14 ਡਾਲਰ |
| ਕੈਨੇਡਾ | :16 ਡਾਲਰ |



**Website : www.lokdharapanjabi.com, e-mail : kjskurukshetra@yahoo.com**



**ਚੰਦਾ ਸਿਰ.ਫ ਮਨੀ ਆਰਡਰ ਰਾਹੀਂ ਭੇਜਿਆ ਜਾਵੇ।**

ਚਿਰਾ.ਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96
ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।



ਰਚਨਾ 'ਚ ਦਰਜ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਕਿਸੇ ਕਿਸਮ ਦੀ ਅਦਾਲਤੀ ਕਾਰਵਾਈ ਸਿਰ.ਫ ਜਲੰਧਰ 'ਚ ਹੋ ਸਕਦੀ ਹੈ।



ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼
282 -ਚੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ
352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

**ਪ੍ਰਕਾਸ਼ਨ - 11 ਜੂਨ 2015**


*ਇਸ ਵਾਰ ਦਾ ਕਵੀ :*

# ਤਿੰਨ ਕਵਿਤਾਵਾਂ/—ਕੁਲਵੰਤ ਔਜਲਾ

## ਦਿਲ 'ਚੋਂ ਬੋਲਦਾ ਹੈ ਜਦੋਂ ਕੋਈ

ਦਿਲ 'ਚੋਂ ਬੋਲਦਾ ਹੈ ਜਦੋਂ ਕੋਈ...
ਤਾਂ ਆਪ ਮੁਹਾਰੇ ਉਗ ਪੈਂਦੀ ਹੈ ਬਾਬਰਵਾਣੀ
ਤੇ ਬਹੁਤ ਕਾਵਿਕ ਲੱਗਦਾ ਹੈ
ਦਰਦ ਦੀ ਹੂਕ ਵਿਚ ਲੈਅ ਬੱਧ ਹੋਇਆ
ਭਾਈ ਲਾਲੋ ਦਾ ਸੰਬੋਧਨ
ਦਿਲ 'ਚੋਂ ਬੋਲਦਾ ਹੈ ਜਦੋਂ ਕੋਈ...
ਤਾਂ ਵਲੂੰਧਰੀਆਂ ਜਾਂਦੀਆਂ ਨੇ ਆਂਦਰਾਂ
ਧੁਰ ਅੰਦਰੋਂ ਉੱਠਦੀ ਹੈ ਚੀਸ
ਦਰਦ ਦੀ ਜ਼ਮੀਨ 'ਚੋਂ ਫੁੱਟਦਾ ਹੈ ਰੋਹ ਤੇ ਵਿਦਰੋਹ
ਤਪਦੀਆਂ ਅੱਖਾਂ ਲਈ ਫੰਧਾ ਬਣਦੇ ਨੇ
ਬਿੰਬ ਤੇ ਉਪਮਾਵਾਂ
ਦਿਲ 'ਚੋਂ ਬੋਲਦਾ ਹੈ ਜਦੋਂ ਕੋਈ...
ਤਾਂ ਕਲਮੀ ਨੋਕ 'ਚੋਂ ਸਿੰਮਦਾ ਹੈ
ਮਾਨਵੀ ਦੁੱਖਾਂ ਦਾ ਮਹਾਂ ਬਿਰਤਾਂਤ
ਤੇ ਖ਼ੂਨ 'ਚ ਡੁੱਬ ਕੇ ਲਿਖ ਹੁੰਦੀਆਂ ਨੇ
ਅਣਹੋਇਆਂ ਦੀਆਂ ਅਣਹੋਈਆਂ
ਦਿਲ 'ਚੋਂ ਬੋਲਦਾ ਹੈ ਜਦੋਂ ਕੋਈ...
ਤਾਂ ਅੱਖਰਾਂ ਦੀ ਕੁੱਖ 'ਚੋਂ ਉਦੈ ਹੁੰਦੇ ਨੇ ਸੁਪਨੇ ਤੇ ਸਵੇਰੇ
ਫੈਲਦੀ ਹੈ ਖ਼ਿਆਲਾਂ ਦੀ ਬਦਲਵਾਈ
ਅਰਮਾਨਾਂ ਦੀ ਕਿਣ ਮਿਣ ਹੁੰਦੀ ਹੈ ਬਰਸਾਤ
ਦਿਲ 'ਚੋਂ ਬੋਲਦਾ ਹੈ ਜਦੋਂ ਕੋਈ...
ਤਾਂ ਖੁਸ਼ਕ ਹਿਰਦਿਆਂ 'ਚੋਂ ਪੁੰਗਰਦੀ ਹੈ ਹਰਿਆਵਲ
ਮਨ ਦੀ ਰੇਤ 'ਚੋਂ ਸਿੰਮਦੀ ਹੈ ਨਮੀ
ਰਾਹਗੀਰਾਂ ਲਈ ਰਾਹਤ ਬਣਕੇ ਜੰਮਦੇ ਨੇ ਨਗ਼ਮੇਂ
ਦਿਲ 'ਚੋਂ ਬੋਲਦਾ ਹੈ ਜਦੋਂ ਕੋਈ...
ਦਿਲ 'ਚ ਰਬਾਬ ਹੁੰਦੀ
ਦਿਲ 'ਚ ਆਸ਼ਕਾਂ ਦਾ ਤਰੰਨਮ ਹੁੰਦਾ
ਦਿਲ 'ਚ ਹੁੰਦੀ ਸਰ.ਫਰੋਸ਼ੀ ਦੀ ਤਮੰਨਾ
ਦਿਲ ਦੀ ਗਹਿਰਾਈ 'ਚ ਰਿੜਕੀਆਂ ਨਜ਼ਮਾਂ
ਬਣਦੀਆਂ ਇਨਕਲਾਬ ਦੇ ਚਿਹਨ
ਦਿਲ ਦੇ ਰਿਆਜ਼ ਨਾਲ ਸੁਰ ਹੋਈਆਂ ਆਵਾਜ਼ਾਂ
ਬਣਦੀਆਂ ਬੇਜ਼ੁਬਾਨਾਂ ਲਈ ਜ਼ੁਬਾਨ
ਦਿਲ 'ਚ ਆਇਤਾਂ, ਅਸ਼ਟਪਦੀਆਂ ਤੇ ਸ਼ਲੋਕ ਹੁੰਦੇ

ਦਿਲ 'ਚੋਂ ਬੋਲਦਾ ਹੈ ਜਦੋਂ ਕੋਈ...
ਦਿਲ 'ਚੋਂ ਬੋਲਣ ਵਾਲਿਆਂ ਦੇ ਲਹੂ ਦੀ ਤਪਸ਼ ਮੌਲਿਕ ਹੁੰਦੀ ਹੈ
ਦਿਲ ਸਿਰਜਦਾ ਹੈ ਅਹਿਸਾਸਾਂ ਤੇ ਅਰਮਾਨਾਂ ਦੀ ਭਾਸ਼ਾ
ਦਿਲ ਚੋਂ ਰੂਪਕ ਤੇ ਅਲੰਕਾਰ ਉਪਜਦੇ ਨੇ ਕਰੂੰਬਲ਼ਾਂ ਦੀ ਤਰ੍ਹਾਂ
ਦਿਲ ਦੀ ਡੂੰਘ 'ਚ ਹੁੰਦੀਆਂ ਨੇ ਬਹਿਰ, ਵਜ਼ਨ, ਤੁਕਾਂਤ ਤੇ ਤਰੰਗਾਂ
ਦਿਲ ਚੋਂ ਪੈਦਾ ਹੁੰਦੇ ਨਾਨਕ, ਵਾਰਿਸ ਤੇ ਬੁਲ੍ਹੇ
ਦਿਲ ਸਿਰਜਦਾ ਹੈ ਦਿਲਾਂ ਵਾਲਿਆਂ ਦੀ ਮਾਨਵੀ ਵਰਣਮਾਲ਼ਾ
ਦਿ਼ਲ ਘੜਦਾ ਹੈ ਜੀਊਣ ਜੋਗੀਆਂ ਤਰਕ ਦਲੀਲਾਂ
ਦਿਲ ਦੀ ਜ਼ਰਖੇਜ਼ ਰੂਹ 'ਚੋਂ ਜਨਮਦੀਆਂ ਰਾਗ ਰਾਗਣੀਆਂ ਤੇ ਰਹਾਉ
ਦਿਲ 'ਚੋਂ ਬੋਲਦਾ ਹੈ ਜਦੋਂ ਕੋਈ...
ਤਾਂ ਦੁੱਖ ਬਣਦੇ ਨੇ ਇਤਿਹਾਸ
ਸੁਪਨੇ ਜਗਾਉਂਦੇ ਨੇ ਆਸ
ਤੇ ਅੱਖਰਾਂ 'ਚੋਂ ਉਗ ਆਉਂਦੇ ਨੇ ਨਾਮਦੇਵ ਤੇ ਰਵਿਦਾਸ
ਦਿਲ ਚੋਂ ਬੋਲਦਾ ਹੈ ਜਦੋਂ ਕੋਈ...
ਤਾਂ ਆਪ ਮੁਹਾਰੇ ਫੁੱਟ ਪੈਂਦੀ ਹੈ ਬਾਬਰਵਾਣੀ।

## ਕਾਵਿਕਤਾ ਦੀ ਖੋਜ

ਬਚੀ ਖੁਚੀ ਕਾਵਿਕਤਾ ਨੂੰ ਖੋਜਣ ਵਿਚ ਮਸਰੂਫ਼ ਹੈ ਮੇਰੀ ਕਵਿਤਾ
ਪੂਰੇ ਨਗਰ 'ਚੋਂ ਲੱਭ ਰਹੀ ਹੈ ਕੋਈ ਇਕ ਭਾਈ ਲਾਲੋ
ਬਣ ਸਕੇ ਜੋ ਮੇਰੀ ਕਵਿਤਾ ਲਈ
ਦਰਦ ਦੀ ਹੂਕ ਨਾਲ ਭਿੱਜਾ ਸੰਬੋਧਨ
ਢੂੰਡ ਰਹੀ ਹੈ ਕੋਈ ਇਕ ਭਾਈ ਘਨੱਈਆ
ਸਿੰਜ ਦੇਵੇ ਜੋ ਮੇਰੀ ਕਵਿਤਾ ਨੂੰ ਮਾਨਵਤਾ ਦੇ ਲਹੂ ਨਾਲ
ਕੰਘੇ ਹਨ, ਕੜੇ ਹਨ, ਕ੍ਰਿਪਾਨਾਂ ਹਨ
ਨਾਨਕ ਦੇ ਨਾਮ 'ਤੇ ਚਲ ਰਹੀਆਂ ਅਨੇਕਾਂ ਦੁਕਾਨਾਂ ਹਨ
ਲੱਭਦੇ ਨਹੀਂ ਪਰ ਤੇਰਾਂ ਤੇਰਾਂ ਤੋਲਣ ਵਾਲੇ ਵੱਟੇ
ਬਚੀ ਖੁਚੀ ਕਾਵਿਕਤਾ ਨੂੰ ਖੋਜਣ ਵਿਚ ਮਸਰੂਫ਼ ਹੈ ਮੇਰੀ ਕਵਿਤਾ
ਭੇਸ ਬਦਲ ਬਦਲ ਕੇ ਲੁੱਟ ਰਹੀਆਂ ਕੁਰਸੀਆਂ ਹਨ
ਜ਼ਾਤਾਂ ਪਾਤਾਂ ਦੀ ਉੱਤਰਆਧੁਨਿਕ ਖੇਤੀ ਕਰ ਰਿਹਾ ਮੀਰ ਮੰਨੂੰ ਹੈ
ਸੰਗਮਰਮਰੀ ਡੇਰੇ ਹਨ
ਸ਼ਹੀਦਾਂ ਦੀਆਂ ਫ਼ਿਰਕਾਪ੍ਰਸਤ ਤਸਵੀਰਾਂ ਹਨ
ਝੰਡੇ, ਪਹਿਰਾਵੇ ਤੇ ਯਾਦਗਾਰਾਂ ਹਨ
ਮਲਕ ਭਾਗੋਆਂ ਦੀਆਂ ਡਾਰਾਂ ਹਨ
ਨਾ ਭਾਵਨਾਵਾਂ ਨਾਲ ਗੜੁੱਚ ਰੋਹ ਹੈ
ਨਾ ਬਾਰ੍ਹੀਂ ਕੋਹੀਂ ਜਗਦੇ ਦੀਵੇ ਦੀ ਲੋਅ ਹੈ
ਬਚੀ ਖੁਚੀ ਕਾਵਿਕਤਾ ਨੂੰ ਖੋਜਣ ਵਿਚ ਮਸਰੂਫ਼ ਹੈ ਮੇਰੀ ਕਵਿਤਾ
ਮਾਛੀਵਾੜੇ ਦੇ ਜੰਗਲ 'ਚ ਉਗ ਆਈਆਂ ਨੇ ਕਲੋਨੀਆਂ



ਜਿਲਦਾਂ 'ਚ ਕੈਦ ਹੋ ਗਏ ਨੇ ਭਜਨ, ਸ਼ਲੋਕ ਤੇ ਆਇਤਾਂ
ਖਾਬਾਂ 'ਚ ਬੇਗਮਪੁਰਾ ਨਹੀਂ
ਸਵੇਰਿਆਂ 'ਚ ਆਸਾ ਦੀ ਵਾਰ ਨਹੀਂ
ਯਾਰੜੇ ਦਾ ਸੱਥਰ ਉਦਾਸ ਹੈ
ਬਸ ਏਹੋ ਸਾਡੇ ਸਮਿਆਂ ਦਾ ਇਤਿਹਾਸ ਹੈ
ਬਚੀ ਖੁਚੀ ਕਾਵਿਕਤਾ ਨੂੰ ਖੋਜਣ ਵਿਚ ਮਸਰੂਫ਼ ਹੈ ਮੇਰੀ ਕਵਿਤਾ।

## ਜਲਾਵਤਨ ਉਦਾਸੀ

ਆਦਿ ਵੀ ਪਰਵਾਸੀ ਸਾਡਾ ਜੁਗਾਦਿ ਵੀ ਪਰਵਾਸੀ
ਰਚ ਗਈ ਅਸਾਡੇ ਲਹੂ ਵਿਚ ਜਲਾਵਤਨ ਉਦਾਸੀ
ਸਤਾਰਾਂ ਸਾਲ ਦੀ ਉਮਰ ਵਿਚ
ਮੇਰਾ ਬਾਪ ਆਪਣੇ ਬਾਪ ਨਾਲ
ਲਾਇਲਪੁਰ ਦੀ ਉਪਜਾਊ ਧਰਤੀ ਛੱਡਕੇ
ਏਧਰਲੇ ਪੰਜਾਬ ਆਇਆ
ਫ਼ਿਰਕਾਪ੍ਰਸਤੀ ਦੇ ਖ਼ੂਨ ਨਾਲ ਭਿੱਜੀ ਖ਼ਾਨਾਬਦੋਸ਼ੀ
ਦਿਲ ਦੇ ਗੱਡੇ 'ਤੇ ਲੱਦ ਕੇ
ਆਪਣੇ ਨਾਲ ਲਿਆਇਆ
ਮੁਸਲਮਾਨਾਂ ਦੇ ਘਰ ਨੂੰ ਲਿੰਬ ਪੋਚ ਕੇ
ਗ੍ਰਹਿਸਥ ਵਸਾਇਆ
ਵੰਡ ਦੇ ਦਰਦ ਨੂੰ ਪਰ ਬਾਪ ਕੋਲੋਂ
ਉਮਰ ਭਰ ਗਿਆ ਨਾ ਭੁਲਾਇਆ...
ਇਲਮ ਦੀ ਤਾਲਾਸ਼ ਵਿਚ
ਤੇ ਨੌਕਰੀ ਦੀ ਆਸ ਵਿਚ
ਮੈਨੂੰ ਵੀ ਛੱਡਣਾ ਪਿਆ ਆਪਣਾ ਗਿਰਾਂ
ਇੱਛਰਾਂ ਵਾਂਗ ਉਡੀਕਦੀ ਰਹੀ ਮਾਂ
ਕੈਸਾ ਮੰਜ਼ਰ ਕਿ ਜਨਮ ਭੂਮੀ ਪਰਾਈ ਹੋਈ
ਕਿ ਪਿੰਡ ਦੇ ਜੰਮਿਆਂ ਨੂੰ ਸ਼ਹਿਰ 'ਚ ਮਿਲੀ ਢੋਈ
ਹੁਣ ਕਦੇ ਕਦੇ ਅਜਨਬੀਆਂ ਵਾਂਗ
ਮਾਂ ਬਾਪ ਨੂੰ ਮਿਲਣ ਪਿੰਡ ਜਾਈਦਾ ਹੈ
ਸ਼ਹਿਰੀ ਘਰ ਦੀ ਚਿੰਤਾ ਨੂੰ ਨਾਲ ਲਿਜਾਈਦਾ ਹੈ
ਤੇ ਜਲਦੀ ਜਲਦੀ ਵਾਪਸ ਆ ਜਾਈਦਾ ਹੈ...
ਤੇ ਫੇਰ ਇਕ ਦਿਨ ਐਸਾ ਦਿਹਾੜਾ ਆਇਆ
ਕਿ ਸਾਡੇ ਬੱਚਿਆਂ ਨੇ
ਚੰਗੇਰੇ ਭਵਿੱਖ ਦੀ ਖ਼ਾਤਰ
ਡਾਲਰਾਂ ਦੇ ਦੇਸ਼ ਜਾ ਡੇਰਾ ਲਾਇਆ
ਹੁਣ ਕਦੇ ਕਦੇ ਉਹ ਸਾਨੂੰ ਮਿਲਣ ਆਉਂਦੇ ਹਨ
ਕੈਨੇਡਾ ਵਾਲੇ ਘਰ ਦਾ ਫ਼ਿਕਰ ਨਾਲ ਲਿਆਉਂਦੇ ਹਨ

ਅਸੀਂ ਵੀ ਕਦੇ ਕਦੇ ਉਹਨਾਂ ਕੋਲ ਜਾਂਦੇ ਹਾਂ
ਆਪਣੇ ਘਰ ਵਾਪਸ ਮੁੜਨ ਦੀ ਕਾਹਲੀ
ਪਰ ਨਾਲ ਲਿਜਾਂਦੇ ਹਾਂ...
ਪੁਸ਼ਤ ਦਰ ਪੁਸ਼ਤ
ਮਿੱਟੀ ਦਰ ਮਿੱਟੀ
ਕੈਸਾ ਹੈ ਸਾਡੀਆਂ ਉਦਾਸੀਆਂ ਦਾ ਵਿਯੋਗ
ਕਿ ਰਿਜ਼ਕ ਦੀ ਖ਼ਾਤਰ
ਨਾ ਕੰਨ ਪੜਵਾ ਹੋਏ
ਤੇ ਨਾ ਹੀ ਕਮਾ ਹੋਇਆ ਜੋਗ।
ਆਦਿ ਵੀ ਪਰਵਾਸੀ ਸਾਡਾ ਜੁਗਾਦਿ ਵੀ ਪਰਵਾਸੀ
ਰਚ ਗਈ ਹੈ ਸਾਡੇ ਲਹੂ ਵਿਚ ਜਲਾਵਤਨ ਉਦਾਸੀ।

## "ਜਾਨਦਾਰ ਸ਼ਿਅਰ ਕਹਿਣ ਲਈ ਜ਼ੋਰ ਲਾਉਣ ਦੀ ਜ਼ਰੂਰਤ ਨਹੀਂ ਹੁੰਦੀ"

(9 ਮਾਰਚ ਨੂੰ ਨਵੀਂ ਦਿੱਲੀ ਵਿਖੇ ਪੰਜਾਬੀ ਦੇ ਮਾਣਮੱਤੇ ਸ਼ਾਇਰ ਜਸਵਿੰਦਰ ਨੂੰ ਭਾਰਤੀ ਸਾਹਿਤ ਅਕਾਦਮੀ ਇਨਾਮ ਭੇਟ ਕੀਤਾ ਗਿਆ। ਇਸ ਮੌਕੇ ਜਸਵਿੰਦਰ ਨੇ ਸੰਖੇਪ ਪਰ ਬੇਹੱਦ ਭਾਵ-ਪੂਰਤ ਭਾਸ਼ਣ ਕੀਤਾ। ਪਾਠਕਾਂ ਲਈ ਜਸਵਿੰਦਰ ਦਾ ਇਸ ਮੌਕੇ ਬੋਲਿਆ ਗਿਆ ਹਰ ਲਫ਼ਜ਼ ਪੇਸ਼ ਹੈ)

ਮਾਣਯੋਗ ਪ੍ਰਧਾਨ ਜੀ, ਵਿਦਵਾਨ ਸਾਹਿਤਕਾਰ ਸੱਜਣੋਂ, ਭੈਣੋਂ ਤੇ ਭਰਾਵੋ,

ਆਪਣੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਆਪਣੀ ਮਾਂ- ਬੋਲੀ ਪੰਜਾਬੀ ਅੱਗੇ ਸਿਰ ਝੁਕਾਉਂਦਾ ਹਾਂ। ਜਿਸ ਵਿਚ ਚਾਰ ਦਹਾਕਿਆਂ ਤੋਂ ਸ਼ਬਦ -ਸਾਧਨਾ ਕਰਨ ਉਪਰੰਤ ਮੈਂ ਅੱਜ ਇਸ ਮਹਾਨ ਦੇਸ ਦੇ ਸਿਰਮੌਰ ਅਦੀਬਾਂ ਵਿਦਵਾਨਾਂ ਦੇ ਰੂਬਰੂ ਹੋਣ ਦੇ ਯੋਗ ਹੋਇਆ ਹਾਂ। ਮੇਰੀ ਮਾਂ-ਬੋਲੀ ਦੇ ਸਾਹਿਤ ਦੀਆਂ ਜੜ੍ਹਾਂ ਹਜ਼ਾਰਾਂ ਸਾਲ ਪਿੱਛੇ ਵੈਦਿਕ ਕਾਲ ਤੀਕ ਫੈਲੀਆਂ ਪਈਆਂ ਨੇ। ਯੁਗਾਂ ਯੁਗਾਂ ਤੋਂ ਸਾਡੇ ਗਿਆਨਵਾਨ ਦਾਨਿਸ਼ਵਰ ਪੰਜਾਬੀ ਬੋਲੀ ਦਾ ਖਜ਼ਾਨਾ ਆਪਣੀਆਂ ਅਮਰ ਰਚਨਾਵਾਂ ਨਾਲ ਮਾਲਾ ਮਾਲ ਕਰਦੇ ਆ ਰਹੇ ਹਨ। ਮੈਨੂੰ ਅਹਿਸਾਸ ਹੈ ਕਿ ਪੰਜਾਬੀ ਕਵਿਤਾ ਦੀ ਗੌਰਵਸ਼ਾਲੀ ਵਿਰਾਸਤ ਅਤੇ ਇਤਿਹਾਸ ਬਾਰੇ ਤੁਸੀਂ ਮੇਰੇ ਨਾਲੋਂ ਕਿਤੇ ਵੱਧ ਜਾਣਦੇ ਹੋ। ਸੋ ਇਸ ਸਬੰਧੀ ਆਪਣੀ ਅਲਪ ਜਾਣਕਾਰੀ ਦਾ ਦਿਖਾਵਾ ਕਰਨ ਦੀ ਬਜਾਇ ਸਿਰਫ਼ ਉਨ੍ਹਾਂ ਸਥਿਤੀਆਂ, ਸਰੋਕਾਰਾਂ ਅਤੇ ਪ੍ਰੇਰਨਾਵਾਂ ਦੀ ਹੀ ਗੱਲ ਕਰਾਂਗਾ ਜਿਹੜੀਆਂ ਮੇਰੀ ਕਵਿਤਾ ਦੇ ਆਰ ਪਾਰ ਫੈਲੀਆਂ ਪਈਆਂ ਹਨ। ਮੈਂ ਕੋਸ਼ਿਸ਼ ਕਰਾਂਗਾ ਕਿ ਆਪਣੀ ਗੱਲ ਸਿੱਧੇ ਸਰਲ ਸ਼ਬਦਾਂ ਵਿਚ ਆਖ ਸਕਾਂ।

ਕਵਿਤਾ ਨਾਲ ਆਪਣਾ ਰਿਸ਼ਤਾ ਤਲਾਸ਼ਦਿਆਂ ਜ਼ਰਾ ਕੁ ਪਿੱਛੇ ਝਾਤ ਮਾਰ ਲਵਾਂ। ਮੈਂ ਪੰਜਾਬ ਦੇ ਦੱਖਣ ਪੱਛਮ ਦੀ ਇਕ ਅਣਜਾਣੀ ਗੁੱਠ ਵਿਚ ਵਸੇ ਪਿੰਡ ਕਲਾਲਵਾਲਾ ਦਾ ਜੰਮਪਲ ਹਾਂ। ਮੇਰੇ ਬਚਪਨ ਵੇਲੇ ਰੇਤਲੇ ਟਿੱਬਿਆਂ ਵਿਚਕਾਰ ਘਿਰੇ ਇਸ ਪਿੰਡ ਵਿਚ ਅਨਪੜ੍ਹਤਾ ਦਾ ਘੋਰ ਹਨੇਰਾ ਸੀ। ਮੇਰਾ ਸੁਭਾਗ ਹੈ ਕਿ ਮਿੱਟੀ ਨਾਲ ਮਿੱਟੀ ਹੋਣ ਵਾਲੇ ਮੇਰੇ ਕਿਸਾਨ ਮਾਪੇ ਗੁਰਮੁਖੀ ਅੱਖਰ ਉਠਾ ਲੈਂਦੇ ਸਨ ਅਤੇ ਪੰਜ ਗ੍ਰੰਥੀ ਪਾਸ ਸਨ। ਇਉਂ ਸਕੂਲ ਜਾਣ ਤੋਂ ਪਹਿਲਾਂ ਘਰ ਵਿਚ ਹੀ ਮੇਰਾ ਅੱਖਰਾਂ ਨਾਲ ਮੋਹ ਪੈ ਗਿਆ ਸੀ। ਪਿੰਡ ਦੇ ਡੇਰੇ ਵਿਚ ਬੋਹੜਾਂ ਦੀ ਛਾਂ ਹੇਠਾਂ ਵਾਰਿਸ ਦੀ ਹੀਰ ਪੜ੍ਹਦੇ ਸੰਤ ਬਸੰਤ ਮੁਨੀ ਦੁਆਲੇ ਬੈਠੇ ਸਿਆਣਿਆਂ ਕੋਲ ਅਸੀਂ ਨਿਆਣੇ ਵੀ ਜਾ ਬਹਿੰਦੇ। ਵਰ੍ਹੇ ਛਿਮਾਹੀ ਸੱਥ ਵਿਚ ਲਗਦੇ ਕਵੀਸ਼ਰਾਂ ਦੇ ਬੋਲ



ਵੀ ਬਾਲ ਚੇਤੇ ਵਿਚ ਵਸਦੇ ਗਏ। ਕਿਤੇ ਓਸੇ ਮਾਹੌਲ ਵਿਚ ਹੀ ਮੇਰੇ ਅੰਦਰ ਕਵਿਤਾ ਦੇ ਬੀਜ ਬੀਜੇ ਗਏ। ਖੇਡਣ ਦੀ ਉਮਰੇ ਮੈਂ ਆਪਣੇ ਹਾਣੀਆਂ ਤੋਂ ਅਲੱਗ ਇਕੱਲਖੋਰਾ ਸਾਂ। ਸੋ ਸਾਹਿਤ ਨਾਲ ਪੱਕੀ ਆੜੀ ਪਾ ਕੇ ਮੈਂ ਸ਼ਬਦਾਂ ਦੇ ਅਦਭੁਤ ਸੰਸਾਰ ਵਿਚ ਗੁਆਚਦਾ ਗਿਆ। ਹਾਈ ਸਕੂਲ ਦੀ ਛੋਟੀ ਜਿਹੀ ਲਾਇਬ੍ਰੇਰੀ ਮੈਂ ਅੱਠਵੀਂ ਨੌਵੀਂ ਜਮਾਤ ਤਕ ਹੀ ਪੜ੍ਹ ਲਈ ਸੀ। ਸਾਡੇ ਸਭਿਆਚਾਰ ਦੇ ਖ਼ਮੀਰ ਵਿਚ ਰਚੀ ਵਸੀ ਸਰੋਦੀ ਸ਼ਾਇਰੀ ਮੈਨੂੰ ਵਿਸ਼ੇਸ਼ ਖਿੱਚ ਪਾਉਂਦੀ। ਬਸ ਕਿਤੇ ਉਦੋਂ ਜਿਹੇ ਹੀ ਅੱਲ੍ਹੜ ਇਕਲਾਪੇ ਦੀ ਤੜਪ ਨੂੰ ਸਕੂਨ ਦੇਣ ਲਈ ਮੈਂ ਕਵਿਤਾਵਾਂ ਜੋੜਨ ਲਗ ਪਿਆ।

ਮੇਰੇ ਅੰਦਰ ਜਿੰਨੀ ਕੁ ਸੂਖ਼ਮਤਾ ਤੇ ਸੰਵੇਦਨਾ ਹੈ, ਇਹ ਮੇਰੀ ਮਰਹੂਮ ਮਾਂ ਦੀ ਬਖ਼ਸ਼ਿਸ਼ ਹੈ, ਜਿਸ ਅੰਦਰ ਨੇਕੀ ਤੇ ਪਰਸੁਆਰਥ ਦੇ ਗੁਣ ਕੁੱਟ ਕੁੱਟ ਕੇ ਭਰੇ ਹੋਏ ਸਨ। ਜ਼ਿੰਦਗੀ ਦੀ ਮੁਢਲੀ ਸੂਝ ਮੈਨੂੰ ਪਿਤਾ ਵੱਲੋਂ ਮਿਲੀ, ਜੋ ਅਨਪੜ੍ਹ ਹੋਣ ਦੇ ਬਾਵਜੂਦ ਜਗਿਆਸੂ ਬਿਰਤੀ ਵਾਲੇ ਸਨ। ਜਿੰਨ੍ਹਾਂ ਨੇ ਅੰਤਿਮ ਵੇਲੇ ਮਰਨ ਉਪਰੰਤ ਵੀ ਸਮਾਜ ਦੇ ਕੰਮ ਆਉਣ ਦੀ ਇੱਛਾ ਪ੍ਰਗਟਾਈ ਸੀ। ਸੋ ਉਨ੍ਹਾਂ ਦੀ ਮ੍ਰਿਤਕ ਦੇਹ ਖੋਜ ਕਾਰਜਾਂ ਲਈ ਮੈਡੀਕਲ ਕਾਲਿਜ ਦੇ ਸਪੁਰਦ ਕੀਤੀ ਗਈ ਸੀ। ਮੇਰੀ ਮਾਂ ਦੇ ਲਫ਼ਜ਼ਾਂ ਅਨੁਸਾਰ ਮੈਂ ਮੁੱਢੋਂ ਹੀ ਪਤਲ- ਚੰਮਾ ਹਾਂ ਜੋ ਜ਼ਰਾ ਕੁ ਤੱਤੀ 'ਵਾ ਨਾਲ ਕੁਮਲਾ ਜਾਂਦਾ ਹਾਂ। ਮੈਨੂੰ ਅਹਿਸਾਸ ਹੈ ਕਿ ਏਹੀ ਸੰਵੇਦਨਸ਼ੀਲਤਾ ਮੇਰੇ ਸ਼ਾਇਰ ਹੋਣ ਦਾ ਆਧਾਰ ਬਣੀ ਹੈ।

ਜ਼ਿੰਦਗੀ ਦੇ ਮੋੜਾਂ ਘੋੜਾਂ ਅਤੇ ਕੌੜੇ ਮਿਠੇ ਅਨੁਭਵਾਂ 'ਚੋਂ ਗੁਜ਼ਰਦਿਆਂ ਸਰੋਦੀ ਕਵਿਤਾ ਦੇ ਲੰਮੇ ਅਭਿਆਸ ਬਾਦ ਹੀ ਗ਼ਜ਼ਲ ਨਾਲ ਮੇਰਾ ਰਿਸ਼ਤਾ ਜੁੜਿਆ ਹੈ। ਕਿਸੇ ਸ਼ਿਅਰ ਦੀਆਂ ਸਿੱਧਾ ਦਿਲ 'ਤੇ ਅਸਰ ਕਰਨ ਵਾਲੀਆਂ ਦੋ ਸਤਰਾਂ ਵਿਸ਼ੇਸ਼ ਖਿੱਚ ਪਾਉਂਦੀਆਂ ਹਨ। ਮੈਨੂੰ ਕਦੇ ਵੀ ਨਹੀਂ ਲੱਗਿਆ ਕਿ ਗ਼ਜ਼ਲ ਕਿਸੇ ਹੋਰ ਮੁਲਕ 'ਚੋਂ ਲਿਆਂਦੀ ਗਈ ਕੋਈ ਪਰਾਈ ਵਿਧਾ ਹੈ। ਪੰਜਾਬੀ ਦੇ ਮੁਢਲੇ ਕਵੀ ਬਾਬਾ ਫ਼ਰੀਦ ਦੇ ਸ਼ਲੋਕਾਂ ਵਿਚੋਂ ਵੀ ਮੈਨੂੰ ਗ਼ਜ਼ਲ ਦਿਸਦੀ ਹੈ। ਮੈਨੂੰ ਲਗਦਾ ਹੈ ਕਿ ਪਿੰਗਲ ਅਰੂਜ਼ ਦੀ ਜਾਣਕਾਰੀ ਹਾਸਲ ਕਰਨ ਲਈ ਕਿਸੇ ਉਚੇਚੀ ਵਿਦਿਅਕ ਯੋਗਤਾ ਜਾਂ ਔਖੀ ਸਿਖਲਾਈ ਦੀ ਜ਼ਰੂਰਤ ਨਹੀਂ। ਲੈਅ ਸੁਰਤਾਲ ਸਾਡੀ ਜੀਵਨ ਸ਼ੈਲੀ ਵਿਚ ਸੁਭਾਵਿਕ ਤੌਰ 'ਤੇ ਸ਼ਾਮਿਲ ਹੈ। ਸਾਧਾਰਨ ਗੀਤਾਂ ਰਸਮਾਂ ਤੋਂ ਲੈ ਕੇ ਜੰਮਣ ਮਰਨ ਦੇ ਅਵਸਰਾਂ ਤਕ ਧੁਰ ਦਿਲ 'ਚੋਂ ਉਠੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਿਸੇ ਸੰਗੀਤਕ ਬੋਲ ਰਾਹੀਂ ਹੀ ਹੁੰਦਾ ਹੈ। ਸੋ ਗ਼ਜ਼ਲ ਪੰਜਾਬੀ ਕਵਿਤਾ ਦਾ ਹੀ ਇਕ ਕਾਵਿ- ਰੂਪ ਹੈ।

ਮੈਂ ਕਦੇ ਪ੍ਰਾਜੈਕਟ ਬਣਾ ਕੇ ਗ਼ਜ਼ਲ ਨਹੀਂ ਲਿਖੀ। ਜ਼ਿੰਦਗੀ ਦੀਆਂ ਤਲਖ਼ੀਆਂ ਰੰਗੀਨੀਆਂ ਦੇ ਰੂਬਰੂ ਹੁੰਦਿਆਂ ਖ਼ਿਆਲਾਂ ਦੇ ਝਲਕਾਰੇ ਪੈਂਦੇ ਨੇ, ਕਦੇ ਸ਼ਿਅਰਾਂ ਦੀ ਜ਼ੱਦ 'ਚ ਆ ਜਾਂਦੇ ਨੇ ਕਦੇ ਨਹੀਂ। ਕਈ ਵਾਰ ਸਾਧਾਰਨ ਸੋਚ, ਗੱਲ ਜਾਂ ਘਟਨਾ ਚੰਗਾ ਸ਼ਿਅਰ ਦੇ ਜਾਂਦੀ ਹੈ, ਕਈ ਵਾਰ ਕੋਈ ਸੀਨਾ ਚੀਰਵਾਂ ਅਹਿਸਾਸ ਵੀ ਕੋਲ ਦੀ ਬੇਗਾਨਗੀ ਨਾਲ ਲੰਘ ਜਾਂਦਾ ਹੈ। ਸ਼ਾਇਰੀ ਦੀ ਆਮਦ ਦਾ ਆਲਮ ਬੜਾ ਵਚਿੱਤਰ ਤੇ ਭੇਦ ਭਰਿਆ ਹੈ। ਮੈਥੋਂ ਕਿਸੇ ਦੀ ਮੰਗ ਅਨੁਸਾਰ ਜਾਂ ਜ਼ੋਰ ਲਾ ਕੇ ਨਹੀਂ ਲਿਖਿਆ ਜਾਂਦਾ। ਜਾਨਦਾਰ ਸ਼ਿਅਰ ਕਹਿਣ ਲਈ ਜ਼ੋਰ ਲਾਉਣ ਦੀ ਜ਼ਰੂਰਤ ਨਹੀਂ ਹੁੰਦੀ।

ਆਧੁਨਿਕ ਕਾਲ ਵਿਚ ਗ਼ਜ਼ਲ ਦੇ ਅਰਥ ਔਰਤਾਂ ਨਾਲ ਜਾਂ ਔਰਤਾਂ ਬਾਰੇ ਗੱਲਾਂ ਕਰਨਾ ਨਹੀਂ ਰਹੇ। ਨਾ ਹੀ ਅੱਜ ਦੀ ਗ਼ਜ਼ਲ ਜ਼ਿਹਨੀ ਸੰਤੁਸ਼ਟੀ ਲਈ ਹਲਕਾ ਮਨੋਰੰਜਨ ਹੈ। ਅੱਜ ਦੀ ਗ਼ਜ਼ਲ ਮਾਨਵੀ ਸਰੋਕਾਰਾਂ ਨਾਲ ਜੁੜੇ ਦਿਸਦੇ ਅਣਦਿਸਦੇ ਸੰਸਾਰ ਦੀ ਥਾਹ ਪਾਉਂਦੀ ਹੋਈ ਭਾਸ਼ਾ ਦੇ ਉਚਤਮ ਸੁਹਜ ਦੇ ਦੀਦਾਰ ਕਰਾਉਂਦੀ ਹੈ। ਮੇਰੇ ਲਈ ਗ਼ਜ਼ਲ ਸਿਰਜਣਾ ਭਾਵਨਾਵਾਂ ਦੇ ਡੂੰਘੇ ਵਹਿਣਾਂ ਵਿਚ ਉੱਤਰ ਕੇ ਸੰਭਾਵਨਾਵਾਂ ਦੀ ਨਿਸ਼ਾਨਦੇਹੀ ਕਰਨ ਦੀ ਪ੍ਰਕਿਰਿਆ ਹੈ।

ਮਾਨਵਤਾ ਦੇ ਚੰਗੇਰੇ ਭਵਿੱਖ ਲਈ ਇਸਦੀ ਜ਼ਖ਼ਮੀ ਹੋਣੀ ਦੀਆਂ ਪਰਤਾਂ ਫੋਲਣੀਆਂ ਹੀ ਪੈਣਗੀਆਂ। ਅਦੀਬ ਲੋਕ ਆਦਿ ਕਾਲ ਤੋਂ ਵਕਤ ਦੇ ਜ਼ਖ਼ਮਾਂ ਦੀ ਸ਼ਨਾਖ਼ਤ ਕਰਨ ਤੇ ਇਨ੍ਹਾਂ ਨੂੰ ਭਰਨ

ਲਈ ਯਤਨਸ਼ੀਲ ਰਹੇ ਨੇ। ਮੈਂ ਵੀ ਆਪਣੀ ਨਿਗੂਣੀ ਸਮਰੱਥਾ ਅਨੁਸਾਰ ਬਣਦਾ ਹਿੱਸਾ ਪਾਉਣ ਦੀ ਕੋਸ਼ਿਸ਼ ਵਿਚ ਹਾਂ। ਕਰੂਰ ਯਥਾਰਥ ਦੇ ਨਾਲ ਨਾਲ ਮਨੁੱਖ ਅਤੇ ਪ੍ਰਕਿਰਤੀ ਦੇ ਸਬੰਧਾਂ ਦਵੰਦਾਂ ਦੇ ਅਨੇਕ ਪਾਸਾਰ ਮੇਰੇ ਵਿਸ਼ੇ ਬਣਦੇ ਨੇ। ਮਨੁੱਖ ਨੂੰ ਹਾਸ਼ੀਏ 'ਤੇ ਧੱਕ ਕੇ ਅਮੁੱਕ ਹਿਰਸ ਦਾ ਭਾਰੂ ਹੋ ਜਾਣਾ ਮੈਨੂੰ ਪ੍ਰੇਸ਼ਾਨ ਕਰਦਾ ਹੈ। ਇਸ ਅਮਾਨਵੀ ਵਰਤਾਰੇ ਵਿਚ ਬੰਦੇ ਦੀ ਬੇਵਸੀ ਮੇਰੀ ਸਮਝ ਦਾ ਅੰਗ ਬਣ ਕੇ ਇਕ ਤਣਾਓ ਸਿਰਜਦੀ ਹੈ। ਇਸ ਤਣਾਓ ਤੋਂ ਛੁਟਕਾਰੇ ਲਈ ਮੈਂ ਗ਼ਜ਼ਲ ਦੀ ਸ਼ਰਨ ਵਿਚ ਜਾਂਦਾ ਹਾਂ। ਸ਼ਬਦਾਂ ਦੇ ਜੁਗਨੂੰ ਆਪਣੀ ਲੈਅ ਦੀ ਲੋਅ ਨਾਲ ਰਾਹ ਬਣਾਉਂਦੇ ਨੇ ਅਤੇ ਸ਼ਿਅਰ ਰੂਪ ਧਾਰਦੇ ਨੇ।

ਅੱਜ ਮਨੁੱਖ ਦੇ ਖੁੱਲ੍ਹ ਕੇ ਜੀਣ ਥੀਣ ਲਈ ਹਾਲਾਤ ਸਾਜ਼ਗਾਰ ਨਹੀਂ ਹਨ। ਵਿਸ਼ਵ ਅਰਥਚਾਰੇ ਦੀ ਗ਼ੈਰ ਕੁਦਰਤੀ ਗ਼ੈਰ ਮਨੁੱਖੀ ਹਨੇਰੀ ਨੇ ਸਾਡੀ ਜੀਵਨ-ਜਾਚ ਗ਼ਲਤ ਦਿਸ਼ਾ ਵੱਲ ਮੋੜ ਦਿੱਤੀ ਹੈ। ਇਸ ਹਨੇਰੀ ਦੇ ਹੇਠਾਂ ਇਕ ਅਣਦਿਸਦਾ ਤੂਫ਼ਾਨ ਸ਼ੂਕ ਰਿਹਾ ਹੈ, ਜਿਸ ਵਿਚ ਸਾਹਿਤ, ਕਲਾ, ਇਤਿਹਾਸ ਦੇ ਨਾਲ ਨਾਲ ਸਭਿਆਚਾਰ, ਕਦਰਾਂ ਕੀਮਤਾਂ ਤੇ ਇਨਸਾਨੀਅਤ ਦਾ ਗੌਰਵ ਉੱਡਦਾ ਜਾ ਰਿਹਾ ਹੈ। ਅਜਿਹੀ ਭਿਆਨਕ ਸਥਿਤੀ ਵਿਚ ਵਸਤੂਆਂ 'ਚ ਵਸਤੂ ਹੋਏ ਬੰਦੇ ਦਾ ਮਾਨਸਿਕ ਬੌਧਿਕ ਵਿਕਾਸ ਕਿੱਥੇ ਕੁ ਖੜਾ ਹੈ? ਕਿਸੇ ਕੋਲ ਕਵਿਤਾ ਦੀ ਸੂਖ਼ਮਤਾ ਨਾਲ ਜੁੜਨ ਦੀ ਕਿੰਨੀ ਕੁ ਸਪੇਸ ਬਚਦੀ ਹੈ? ਬੜੇ ਹੀ ਮੁਸ਼ਕਿਲ ਸਵਾਲ ਹਨ। ਸਾਧਾਰਨ ਬੰਦੇ ਦੀ ਕਵਿਤਾ ਨਾਲੋਂ ਅਲਹਿਦਗੀ ਦੀ ਇਕ ਨਿਜੀ ਮਿਸਾਲ ਦੇਣੀ ਚਾਹਾਂਗਾ। ਮੈਂ ਆਪਣੇ ਗਲ਼ੀ ਮੁਹੱਲੇ ਵਿਚ ਕਵੀ ਵਜੋਂ ਨਹੀਂ ਆਮ ਦੁਨੀਆਦਾਰ ਵਜੋਂ ਜਾਣਿਆ ਜਾਂਦਾ ਹਾਂ। ਜੇ ਕਿਸੇ ਨੂੰ ਮੇਰੇ ਕਵੀ ਹੋਣ ਬਾਰੇ ਪਤਾ ਵੀ ਹੈ ਤਾਂ ਉਹਨੂੰ ਲਗਦੈ ਕਿ ਕਵਿਤਾ ਲਿਖਣਾ ਮੇਰਾ ਸਾਈਡ ਬਿਜ਼ਨਸ ਹੈ। ਇਕ ਦਿਨ ਇਕ ਗੁਆਂਢੀ ਸੱਜਣ ਕਹਿੰਦਾ, 'ਸਰਦਾਰ ਜੀ, ਤੁਸੀਂ ਕੋਈ ਪਾਰਟੀ ਵੀ ਬਣਾਈ ਐ?' ਉਹਦੀ ਗੱਲ ਮੈਨੂੰ ਸਮਝ ਨਾ ਆਈ। ਮੈਂ ਸਪੱਸ਼ਟ ਕਰਨ ਲਈ ਕਿਹਾ ਤਾਂ ਬੋਲਿਆ, 'ਮੇਰਾ ਮਤਲਬ ਤੁਸੀਂ ਕਵੀ ਹੋ, ਸਟੇਜਾਂ 'ਤੇ ਪ੍ਰੋਗਰਾਮ ਦਿੰਦੇ ਹੋਵੋਗੇ, ਸਾਜ਼ਾਂ ਵਾਜ਼ਾਂ ਵਾਲਿਆਂ ਦੀ ਕੋਈ ਪਾਰਟੀ ਹੋਵੇਗੀ ਤੁਹਾਡੀ। ਕਿੰਨੀ ਕੁ ਕਮਾਈ ਹੋ ਜਾਂਦੀ ਐ ਇਕ ਪ੍ਰੋਗਰਾਮ 'ਚੋਂ? ਉਹਦੇ ਸਵਾਲਾਂ ਦੀ ਬੁਛਾੜ ਨੇ ਮੈਨੂੰ ਝੰਜੋੜ ਦਿੱਤਾ ਤੇ ਮੈਂ ਸਿਰ ਫੜ ਕੇ ਬਹਿ ਗਿਆ।

ਫੇਰ ਵੀ ਸਥਿਤੀ ਏਨੀ ਨਿਰਾਸ਼ਾਜਨਕ ਨਹੀਂ। ਮੂੰਹ ਜ਼ੋਰ ਤੂਫ਼ਾਨ ਵਿਚ ਵੀ ਟਾਵੇਂ ਟਾਵੇਂ ਜਗਦੇ ਦੀਵਿਆਂ ਨੇ ਆਸ ਬੰਨ੍ਹਾਈ ਹੋਈ ਹੈ। ਚੇਤਨਾ ਦੀ ਲੋਅ ਵੰਡਦੇ ਸਾਹਿਤਕ, ਸਭਿਆਚਾਰਕ, ਅਦਾਰਿਆਂ, ਸਭਾਵਾਂ, ਮੰਚਾਂ ਨਾਲ ਜੁੜੇ ਲੋਕਾਂ ਦੀ ਤਾਦਾਦ ਹਜ਼ਾਰਾਂ ਵਿਚ ਹੈ ਤੇ ਨਿਤ ਵਧਦੀ ਜਾਂਦੀ ਹੈ। ਪੁਸਤਕ ਮੇਲਿਆਂ ਵਿਚ ਲੱਖਾਂ ਰੁਪਈਆਂ ਦੀ ਵਿਕਰੀ ਦਸਦੀ ਹੈ ਕਿ ਚੰਗਾ ਸਾਹਿਤ ਅੱਜ ਵੀ ਪੜ੍ਹਿਆ ਜਾ ਰਿਹਾ ਹੈ, ਮੇਰਾ ਵਿਸ਼ਵਾਸ ਕਿ ਇਕ ਦਿਨ ਆਮ ਬੰਦਾ ਬੇਜਾਨ ਪਦਾਰਥਾਂ ਨਾਲੋਂ ਮੋਹ ਤੋੜ ਕੇ ਮੁੜ ਸਾਹਿਤ ਦੀ ਧੜਕਦੀ ਜ਼ਿੰਦਗੀ ਨਾਲ ਜੁੜੇਗਾ। ਸ਼ਬਦ ਕਦੇ ਮਰੇਗਾ ਨਹੀਂ। ਸੱਚੇ ਸੁੱਚੇ ਸ਼ਬਦਾਂ ਆਸਰੇ ਆਪਣੀ ਅਥਾਹ ਰਚਨਾਤਮਕ ਊਰਜਾ ਨੂੰ ਮੁੜ ਸੁਰਜੀਤ ਕਰਕੇ ਮਨੁੱਖ ਨੇ ਆਪਣੀਆਂ ਉਮੰਗਾਂ ਦੇ ਹਾਣ ਦਾ ਸੰਸਾਰ ਸਿਰਜ ਹੀ ਲੈਣਾ ਹੈ।

ਮੇਰੀ ਕਿਤਾਬ 'ਅਗਰਬੱਤੀ' ਵਿਚ ਉਪਰੋਕਤ ਸੰਸਿਆਂ ਅਤੇ ਜਗਦੀਆਂ ਬੁਝਦੀਆਂ ਉਮੀਦਾਂ ਦੀ ਹੀ ਹੂਕ ਹੈ। ਮੇਰੀਆਂ ਅਧੂਰੀਆਂ ਰੀਝਾਂ ਦਾ ਪਟਾਰਾ। ਮੈਂ ਗ਼ਜ਼ਲ ਵਿਚ ਵੀ ਤੇ ਜ਼ਿੰਦਗੀ ਵਿਚ ਵੀ 'ਸੱਤਿਅਮ, ਸ਼ਿਵਮ ਸੁੰਦਰਮ' ਦਾ ਅਭਿਲਾਸ਼ੀ ਹਾਂ। ਮੇਰੀਆਂ ਗ਼ਜ਼ਲਾਂ ਵਿਚ ਛੁਪੀ ਹੋਈ ਵੱਡੀ ਹਸਰਤ ਏਹੀ ਹੈ ਕਿ ਹਰ ਜੀਵੜੇ ਨੂੰ ਇੱਜ਼ਤ ਦੀ ਰੋਟੀ ਤੇ ਸੁਪਨਿਆਂ ਦੀ ਪੂਰਤੀ ਲਈ ਸਾਜ਼ਗਾਰ ਮਾਹੌਲ ਮਿਲੇ। ਪ੍ਰਿਥਵੀ ਨਾਂ ਦੇ ਇਸ ਗ੍ਰਹਿ ਉਤੇ ਮਨੁੱਖ ਅਤੇ ਕੁਦਰਤ ਦੀ ਜੁਗਲਬੰਦੀ ਨਾਲ ਉਹ ਖ਼ੂਬਸੂਰਤ ਸਦੀਵੀ ਤਰਾਨਾ ਪੈਦਾ ਹੋਵੇ ਜੋ ਕੁੱਲ ਕਾਇਨਾਤ ਦੇ ਕਣ ਕਣ ਨੂੰ ਤਰੰਨਮ ਤਰੰਨਮ ਕਰ ਦੇਵੇ। ਆਮੀਨ!

ਤੁਹਾਡਾ ਸਭ ਦਾ ਬਹੁਤ ਬਹੁਤ ਧੰਨਵਾਦ।

*—ਜਸਵਿੰਦਰ*



*ਕਹਾਣੀ :*

# ਜੰਗਲ-੨

*—ਬਲਵਿੰਦਰ ਸਿੰਘ ਗਰੇਵਾਲ*

ਲਹੂ ਪਹਿਲੀ ਵਾਰ ਨਹੀਂ ਸੀ ਡੁਲ੍ਹਣਾ...

ਮੁਖਤਿਆਰ ਨੂੰ ਆਪਣੀ ਗੋਲ਼ੀ ਲੱਗੀ ਬਾਂਹ 'ਚੋਂ ਤਿੱਪ, ਤਿੱਪ ਡਿਗਦਾ ਲਹੂ ਯਾਦ ਆਇਆ। ਮੌਤ ਤਾਂ ਹਮੇਸ਼ਾ ਉਹਦੇ ਨਾਲ਼ ਨਾਲ਼ ਰਹੀ ਸੀ। ਕਈ ਵਾਰ ਛੋਹ ਕੇ ਲੰਘੀ ਸੀ, ਕਈ ਵਾਰ ਖਹਿ ਕੇ। ਫੇਰ ਵੀ ਮੁਖਤਿਆਰ ਦੇ ਸਮਝ ਨਾ ਆਇਆ ਕਿ ਮੋਬਾਈਲ ਤੇ ਸੁਣ ਰਹੀਆਂ ਰੇਡੀਓ ਦੀਆਂ ਖਬਰਾਂ ਨੇ ਉਸ ਨੂੰ ਬੇ-ਚੈਨ ਕਿਉਂ ਕਰ ਦਿੱਤਾ ਸੀ! ਰੇਡੀਓ ਤੇ ਖ਼ਬਰ ਦਾ ਵਿਸਥਾਰ ਚੱਲ ਰਿਹਾ ਸੀ-

'...ਦਹਿਸ਼ਤਗਰਦਾਂ ਦੀ ਗਿਣਤੀ ਚਾਰ ਹੋਣ ਦਾ ਅਨੁਮਾਨ ਹੈ। ਸਵੇਰੇ ਹੋਈ ਗੋਲਾਬਾਰੀ ਵਿਚ ਪੁਲਿਸ ਦੇ ਤਿੰਨ ਸਿਪਾਹੀ ਸ਼ਹੀਦ ਹੋਏ ਦੱਸੇ ਜਾਂਦੇ ਹਨ...ਸੂਤਰਾਂ ਅਨੁਸਾਰ, ਫੌਜ ਬੁਲਾਈ ਜਾ ਸਕਦੀ ਹੈ। ਇਕ ਅਪੁਸ਼ਟ ਸੂਚਨਾ ਇਹ ਵੀ ਆ ਰਹੀ ਹੈ ਕਿ ਕੈਪਟਨ ਚਾਂਦ...'

ਕੈਪਟਨ ਚਾਂਦ ਦਾ ਨਾਂ ਆਏ ਤੋਂ ਮੁਖਤਿਆਰ ਤ੍ਰਭਕਿਆ ਸੀ। ਬਾਹਰਲੇ ਵਰਤਮਾਨ ਨਾਲ ਜੁੜਨ ਲਈ ਲਾਏ ਰੇਡੀਓ ਨੇ ਉਹਨੂੰ ਅਤੀਤ ਨਾਲ ਜੋੜ ਦਿੱਤਾ ਸੀ...

ਕੈਪਟਨ ਚਾਂਦ ਦੀ ਕਮਾਂਡ 'ਚ ਮੁਖਤਿਆਰ ਨੇ ਰੰਗਰੂਟੀ ਕੱਟੀ ਸੀ। ਉਹਦੀ ਯੂਨਿਟ 'ਚ ਹੀ ਹੁਣ ਉਹਦਾ ਯਾਰ, ਲੈਂਸ ਨਾਇਕ ਨੂਰ ਤਾਇਨਾਤ ਸੀ...

ਬੇ-ਚੈਨੀ ਦਾ ਸਬੱਬ ਇਸੇ ਨਾਂ 'ਚ ਪਿਆ ਸੀ...ਨੂਰ...

ਮਸ਼ੀਨ.ਗਨ ਤੇ ਟਿਕੀ ਮੁਖਤਿਆਰ ਦੀ ਨਜ਼ਰ ਧੁੰਦਲਾ ਗਈ। ਅਤੀਤ ਚਮਕ ਪਿਆ। ਇਸੇ ਅਤੀਤ ਦੇ ਇਕ ਟੋਟੇ 'ਚ ਦੁਸ਼ਮਣ ਦਾ ਉਹ ਫੌਜੀ ਪਿਆ ਸੀ ਜੀਹਦੀ ਹੇਕ ਹੁਣ ਵੀ ਕਦੇ ਕਦੇ ਮੁਖਤਿਆਰ ਦੇ ਦਿਲ 'ਚ ਧੂਅ ਪਾਉਂਦੀ-

ਓ...ਟਾਂਗਾ ਆ ਗਿਆ ਕਚਹਿਰੀਓਂ ਖਾਲੀ
ਮਿੱਤਰਾਂ ਨੂੰ ਕੈਦ ਬੋਲਗੀ
ਨੀ ਜਿੰਦੇ ਮੇਰੀਏ...

ਇਹੀ ਹੇਕ ਮੁਖਤਿਆਰ ਦੀ ਹਿੱਕ 'ਚ ਵੱਜੀ ਸੀ। ਸਾਹਮਣੇ ਪਏ ਦੁਸ਼ਮਣ ਦੇ ਸਿਪਾਹੀ ਵੱਲ ਦੇਖ ਕੇ ਹੌਕਾ ਨਿਕਲ਼ਿਆ ਸੀ। ਨੂਰ ਵੱਲ ਬਿਨਾਂ ਦੇਖਿਆਂ ਉਹਨੇ ਕਿਹਾ ਸੀ-

"ਕਿਹੋ ਜਿਹਾ ਕੰਮ ਚੁਣਿਐ ਆਪਾਂ ਵੀ, ਤਨਖਾਹ ਵੱਟੇ ਬੰਦੇ ਮਾਰਨ ਦਾ। ਇਹ ਦੱਸ ਵਿਚਾਰਾ ਆਪਣੇ ਦੇਸ਼ ਦਾ ਕੀ ਵਿਗਾੜਦਾ ਸੀ।" ਮੁਖਤਿਆਰ ਦੀ ਗੱਲ ਸੁਣਕੇ ਨੂਰ ਰੋਣ ਵਾਂਗ ਹੱਸਿਆ ਸੀ-

"ਮਰਜ਼ੀ ਨਾਲ ਬੰਦੇ ਮਾਰਨ ਕੌਣ ਆਉਂਦੈ ਮੁਖਤਿਆਰ ਰੋਟੀਆਂ ਕਰਾਉਂਦੀਐਂ ਸਭ ਕੁਸ਼..."

ਨੂਰ ਦਾ ਹਸਾਸਿਆ ਜਿਹਾ ਬੋਲ ਸੁਣ ਕੇ, ਦਿਲ 'ਚ ਆਈ ਗੱਲ ਮੁਖਤਿਆਰ ਦੇ ਸੰਘ 'ਚ ਅੜ ਗਈ ਸੀ। ਗੱਲ ਕਰਨ ਤੋਂ ਪਹਿਲਾਂ ਉਹਨੂੰ ਖੰਘੂਰਨਾ ਪਿਆ ਸੀ-

"ਗੱਲ ਤਾਂ ਸੱਚੀ ਐ ਤੇਰੀ ਜੇ ਮੇਰੇ ਬਾਪ ਦੀ ਦੁਕਾਨ ਰੋਟੀਆਂ ਦੇ ਦਿੰਦੀ, ਹੁਣ ਨੂੰ ਫਸ'ਕਲਾਸ ਹਲਵਾਈ ਹੁੰਦਾ ਮੈਂ! ਤਵੀ ਜਿੱਡੀ ਜਲੇਬੀ ਲਾਹੁੰਦਾ"

ਚਿਰਾਂ ਤੋਂ ਉੱਜੜ ਚੁੱਕੀ ਇਕ ਦੁਕਾਨ ਉਹਦੇ ਮੱਥੇ 'ਚ ਘੜੀ ਦੀ ਘੜੀ ਫਿਰ ਸਜ ਗਈ ਸੀ। ਉਹਦਾ ਰੁੰਧ ਗਿਆ ਗਲ਼ ਦੇਖ ਕੇ, ਘੜੀ ਕੁ ਪਹਿਲਾਂ ਲੜ ਕੇ ਲਏ ਬੂਟ ਨੂਰ ਨੇ ਆਪਣੇ ਮੋਢੇ ਤੋਂ ਲਾਹ ਕੇ ਉਹਦੀ ਕਿੱਟ ਨਾਲ ਬੰਨ੍ਹ ਦਿੱਤੇ ਸਨ। ਗੋਲ਼ੀ ਨਾਲ ਜ਼ਖ਼ਮੀ ਹੋ ਗਈ ਬਾਂਹ 'ਚ ਰਿਸਦਾ ਲਹੂ ਦੇਖ ਕੇ ਮਜ਼ਾਕ ਕੀਤਾ ਸੀ-

"ਦਿਲ ਕਿਉਂ ਛੱਡਦੈਂ ਜੁਆਨ, ਪੈਰ ਤਾਂ ਸਾਬਤੇ ਨੇ...ਬਹੁਤੀ ਹੱਦ ਬਾਂਹ ਵੱਢ ਹੋਊ..."

...ਤੇ ਤਵੀ ਜਿੱਡੀ ਜਲੇਬੀ ਇਕੋ ਵਾਰ 'ਚ ਪੂਰ ਦੇਣ ਵਾਲੀ ਬਾਂਹ ਵੱਢੀ ਗਈ ਸੀ... ਨਾਲ ਹੀ ਵੱਢਿਆ ਗਿਆ ਸੀ ਸੁਪਨਾ ਜਿਹੜਾ ਪੂਰਾ ਕਰਨ ਲਈ ਮੁਖਤਿਆਰ ਫੌਜ 'ਚ ਭਰਤੀ ਹੋਇਆ ਸੀ। ਹਸਪਤਾਲ 'ਚੋਂ ਛੁੱਟੀ ਮਿਲਣ ਵਾਲ਼ੇ ਦਿਨ ਮੁਖਤਿਆਰ ਦੀਆਂ ਅੱਖਾਂ 'ਚ ਇਹ ਸੁਪਨਾ ਰੜਕਿਆ ਸੀ।

ਹੋਇਆ ਇਹ ਕਿ ਮੁਖਤਿਆਰ ਨੂੰ ਉਦਾਸੀ 'ਚੋਂ ਕੱਢਣ ਲਈ ਨੂਰ ਹਾਸਾ ਠੱਠਾ ਕਰਦਾ ਰਿਹਾ ਸੀ। ਹਾਸੇ ਹਾਸੇ ਵਿਚ ਹੀ, ਤੁਰਨ ਵੇਲੇ ਉਹਨੇ ਦਵਾਈਆਂ ਵਾਲਾ ਲਿਫਾਫਾ ਉਹਦੀ ਪੱਟੀਆਂ ਵਾਲੀ ਬਾਂਹ ਤੇ ਟੰਗ ਦਿੱਤਾ ਸੀ। ਇਕ ਵਾਰ ਤਾਂ ਮੁਖਤਿਆਰ ਮੁਸਕਰਾਇਆ । ਪਰ ਅਗਲੀ ਹੀ ਘੜੀ ਬਾਂਹ ਤੇ ਝੂਲਦੇ ਲਿਫਾਫੇ ਦੇ ਨਾਲ ਉਹਦੇ ਬਾਪ ਦੇ ਸਾਈਕਲ ਦੇ ਹੈਂਡਲ ਤੇ ਲਟਕਦਾ 'ਸੌਦਿਆਂ' ਵਾਲ਼ਾ ਝੋਲ਼ਾ ਉਹਦੇ ਅੰਦਰ ਝੂਲਿਆ ਸੀ। ਝੋਲੇ 'ਚ ਬੰਨ੍ਹੀਆਂ ਪੁੜੀਆਂ...ਪੁੜੀਆਂ 'ਚ ਸੌਦੇ...

"...ਸੌ ਗ੍ਰਾਮ ਚਾਹ ਪੱਤੀ, ਪਾਈਆ ਮੂੰਗੀ-ਮਸਰੀ, ਇਕ ਟਿੱਕੀ ਕੱਪੜਿਆਂ ਵਾਲੇ ਸਾਬਣ ਦੀ...", ਉਹਦਾ ਬਾਪ ਸੌਦੇ ਲਿਖਾ ਰਿਹਾ ਸੀ। ਕੋਲ਼ ਖੜ੍ਹਾ ਕੋਈ ਜਾਣੂ ਪਹਿਲਾਂ ਗਹੁ ਨਾਲ ਦੇਖੀ ਗਿਆ ਤੇ ਫੇਰ ਸਲਾਹ ਦੇਣ ਲੱਗ ਪਿਆ ਸੀ-

"...ਆਹ ਕੀ ਪੁੜੀਆਂ ਜੀਆਂ ਬਨ੍ਹਾਈ ਜਾਨੈ...ਕੁਸ਼ ਲੈ...ਤਾਂ ਲੈ ਦੋਂਹ ਦਿਨਾਂ ਨੂੰ ਦਸ ਕੋਹ ਦੀ ਵਾਟਾ ਗਾਹੀ ਫੇਰ ਕਰੇਂਗਾ..."

ਮੁਖਤਿਆਰ ਦੇ ਬਾਪ ਦੇ ਚਿਹਰੇ ਦਾ ਰੰਗ ਇਕ ਪਲ ਲਈ ਬਦਲਿਆ ਸੀ। ਉਹਨੇ ਕਾਹਲੀ ਨਾਲ ਸੌਦਿਆਂ ਵਾਲੀਆਂ ਪੁੜੀਆਂ ਝੋਲੇ ਵਿਚ ਪਾਈਆਂ ਸਨ ਤੇ ਫੇਰ ਤੁਰਨ ਵੇਲੇ ਸਹਿਜ ਭਾਅ ਜਵਾਬ ਦਿੱਤਾ ਸੀ-

"ਤੇਰੇ, ਜੀਹਦੇ ਘਰ ਮਹੀਨੇ ਦੇ ਸੌਦੇ 'ਕੱਠੇ ਚਲੇ ਜਾਂਦੇ ਨੇ ਤੇਰੇ ਨੀ ਇਹ ਗੱਲ ਸਮਝ ਆਉਣੀ"।

ਮੁਖਤਿਆਰ ਦੇ ਚੇਤੇ 'ਚ ਉਹ ਪਹਿਲਾ ਤੇ ਆਖ਼ਰੀ ਦਿਨ ਸੀ ਜਦੋਂ ਉਹਨੂੰ ਆਪਣੇ ਬਾਪ ਤੇ ਮੋਹ ਆਇਆ ਸੀ। ਮੋਹ ਨੇ ਉਹਦੇ ਮੂੰਹ 'ਚ ਘੁੰਮਦੀ ਟਾਫੀ ਇਕੋ ਗੱਲ੍ਹ 'ਚ ਖੜ੍ਹਾ ਲਈ ਸੀ। ਪਰ ਘਰ ਤੱਕ ਪਹੁੰਚਦੇ ਕਰਦੇ, ਸਾਈਕਲ ਦੇ ਡੰਡੇ ਤੇ ਬੈਠੇ ਮੁਖਤਿਆਰ ਦੇ ਅੰਦਰ ਇਕ ਸੁਪਨਾ ਉਸਰ ਗਿਆ ਸੀ, 'ਇਕ ਦਿਨ 'ਕੱਠੇ ਸੌਦੇ ਲੈ ਕੇ ਜਾਣ ਦਾ ਸੁਪਨਾ'..." +੨ ਦਾ ਨਤੀਜਾ ਆਇਆ। ਉਹ ਬਿਨਾਂ ਕਿਸੇ ਨੂੰ ਦੱਸੇ-ਪੁੱਛੇ ਫੌਜ ਵਿਚ ਭਰਤੀ ਹੋ ਗਿਆ ਸੀ। ਬੱਸ ਅੱਡੇ ਦੇ ਨਾਲ਼ ਲਗਦੀ ਉਹ ਦੁਕਾਨ ਬਹੁਤ ਪਿੱਛੇ ਰਹਿ ਗਈ ਸੀ ਜਿਹਨੂੰ ਉਹ ਆਪਣੀ ਬਣਾਉਣ ਦਾ ਸੁਪਨਾ ਸਦਾ ਦੇਖਦਾ ਆਇਆ ਸੀ।

ਪਹਿਲੀ ਤਨਖਾਹ ਦੇ ਨਾਲ ਹੀ ਉਹਨੇ ਹੱਥੀਂ ਲਿਖ ਕੇ ਸੌਦਿਆਂ ਵਾਲੀ ਪਰਚੀ ਭੇਜੀ ਸੀ।'ਇਕ ਕਿਲੋ ਚਾਹ ਪੱਤੀ, ਦੋ ਕਿਲੋ ਮਾਂਹ, ਪੰਜ ਟਿੱਕੀਆਂ ਨ੍ਹਾਉਣ ਵਾਲਾ ਲਾਲ ਸਾਬਣ।

ਅਜੇ ਤਨਖਾਹ ਨੇ ਰੰਗਰੂਟੀ ਪੂਰੀ ਹੋਏ ਤੋਂ ਵਧਣਾ ਸੀ। ਪਰ ਰੰਗਰੂਟੀ ਖ਼ਤਮ ਹੋਣ ਤੋਂ ਪਹਿਲਾਂ ਈ ਜੰਗ ਲੱਗ ਗਈ ਸੀ...ਤੇ ਜੰਗ ਮੁੱਕਣ ਤੋਂ ਪਹਿਲਾਂ ਈ ਨੌਕਰੀ...

...ਹੈਂਡ ਗਰਨੇਡਾਂ ਵਾਲੇ ਥੈਲੇ ਉਹਲੇ ਪਏ ਮੋਬਾਈਲ ਦੀ ਦੋ ਵਾਰ ਮੱਚ ਕੇ ਬੁਝੀ ਲਾਈਟ ਅਤੇ ਹਲਕੀ ਜਿਹੀ ਥਰਥਰਾਹਟ ਨੇ ਮੁਖਤਿਆਰ ਨੂੰ ਅਤੀਤ 'ਚੋਂ ਕੱਢ ਕੇ ਵਰਤਮਾਨ 'ਚ ਲਿਆਂਦਾ।

ਰੇਡਿਓ ਬੰਦ ਕੀਤਾ ਤਾਂ ਇਕ ਦਮ ਮੁਕੰਮਲ ਚੁੱਪ ਛਾ ਗਈ। ਖ਼ਬਰਾਂ ਨੇ ਉਹਨੂੰ ਦੱਸ ਦਿੱਤਾ ਸੀ ਕਿ ਇਸ ਚੁੱਪ ਦਾ ਦੂਜਾ ਸਿਰਾ ਬਦਲ ਜਾਣ ਵਾਲਾ ਸੀ। ਪਹਿਲਾਂ ਪੁਲਿਸ ਸੀ ਤੇ ਹੁਣ ਉਸ ਸਿਰੇ ਤੇ ਫੌਜ ਨੇ ਆ ਖੜ੍ਹਨਾ ਸੀ। ਪੁਲਿਸ ਦੇ ਹੁੰਦੇ ਉਹਨੂੰ ਬਚ ਕੇ ਨਿਕਲ ਜਾਣ ਦਾ ਯਕੀਨ ਸੀ। ਪੁਲਿਸ ਦਾ ਘੇਰਾ ਤੋੜ ਕੇ ਉਹ ਬੜੀ ਵਾਰ ਨਿਕਲਿਆ ਸੀ। ਪਰ ਫੌਜ! ਲੜਿਆ ਤੇ ਮਰਿਆ ਈ ਜਾ ਸਕਦਾ ਸੀ...

ਮੁਬਾਈਲ ਤੇ ਮੈਸੇਜ, ਫਲੈਸ਼ ਕਰ ਰਿਹਾ ਸੀ-

'ਕਮਾਂਡਰ ਦਾ ਮੈਸੇਜ ਹੋਣੈ', ਮੁਖਤਿਆਰ ਦੇ ਮਨ 'ਚ ਆਈ। ਅੱਜ ਤਿੰਨ ਤਰੀਕ ਸੀ। ਰਾਸ਼ਨ ਭੇਜ ਦਿੱਤਾ ਗਿਆ ਹੋਵੇਗਾ। ਮੈਸਜ ਖੋਲ੍ਹਿਆ ਤਾਂ ਕਿਸੇ ਹਨੀ ਵੱਲੋਂ 'ਲਵ ਆਫਰ' ਸੀ। ਮੁਖਤਿਆਰ ਕੱਚਾ ਜਿਹਾ ਹ ਗਿਆ। ਉਹਨੇ ਮੋਰੀ ਚੋਂ ਬਾਹਰ ਦੇਖਿਆ। ਦੂਰ ਤੱਕ ਸੁੰਨ-ਮਸਾਨ ਸੀ। ਨਿਕਲਣ ਦਾ ਜੇ ਕੋਈ



ਸਬੱਬ ਬਣ ਸਕਦਾ ਸੀ ਤਾਂ ਉਹ ਫੌਜ ਦੇ ਐਕਸ਼ਨ ਸ਼ੁਰੂ ਕਰਨ ਤੋਂ ਪਹਿਲਾਂ ਪਹਿਲਾਂ ਸੀ...

ਮੁਖਤਿਆਰ ਨੇ ਈਅਰ ਫੋਨ ਕੱਢੇ ਤੇ ਮੋਬਾਈਲ ਜੇਬ 'ਚ ਪਾ ਲਿਆ।

ਹੇਠਲੇ ਕਮਰੇ 'ਚੋਂ 'ਕਿੱਟ' ਲੈ ਕੇ ਆਉਣ ਲਈ ਖੜ੍ਹਾ ਹੋਇਆ...

ਅਚਾਨਕ...

...ਥੜਾਕ...ਮੁਖਤਿਆਰ ਦੇ ਪੈਰਾਂ ਹੇਠ ਬਿਲਡਿੰਗ ਥਰਥਰਾਈ। ਉਹਦੀ ਅੱਖ, ਅੱਖ ਦੇ ਫੋਰ ਵਿਚ ਮੋਰੀ ਤੇ ਫੇਰ ਜਾ ਟਿਕੀ...

...ਅੱਗ ਦਾ ਇਕ ਗੋਲ਼ਾ ਵੱਡੇ ਘੇਰੇ 'ਚ ਮੱਚ ਕੇ ਬੁਝਿਆ ਤੇ ਗਲ਼ੀ ਦੂਰ ਤੱਕ ਧੂਏਂ ਨਾਲ ਭਰ ਗਈ। ਇਕ ਵਾਰੀ ਉਹਦੇ ਮਨ 'ਚ ਆਈ ਕਿ ਇਕ ਰਾਕੇਟ ਗਰਨੇਡ ਚਲਾਵੇ ਪਰ ਦੂਸਰੇ ਹੀ ਪਲ ਉਹਨੇ ਆਪਣਾ ਇਰਾਦਾ ਤਰਕ ਕਰ ਦਿੱਤਾ। ਓਧਰੋਂ ਆਏ ਹੈਂਡ ਗਰਨੇਡ ਦਾ ਮਤਲਬ ਸਾਫ਼ ਸੀ ਕਿ ਆਰਮੀ 'ਫਾਲ ਇਨ' ਹੋ ਗਈ ਸੀ। ਪੁਲਿਸ ਪਿੱਛੇ ਹਟ ਗਈ ਸੀ। ਲੜਾਈ ਹੁਣ ਸੌਖੀ ਨਹੀਂ ਸੀ ਰਹੀ...

ਮੁਖਤਿਆਰ ਨੇ ਮੋਰੀ ਤੇ ਅੱਖ ਟਿਕਾਈ ਰੱਖੀ । ਧੂਆਂ ਉੱਡਿਆ ਤੇ ਧੂੜ ਬੈਠ ਗਈ। ਸਮਾਂ ਇਕ ਇਕ ਧੜਕਣ ਬੀਤਣ ਲੱਗਿਆ। ਟਿਕੇ ਹੋਏ ਆਲ਼ੇ ਦੁਆਲ਼ੇ 'ਚ 'ਓਧਰੋਂ' ਆਵਾਜ਼ ਆਈ-

"ਇਟ'ਜ਼ ਫਸਟ ਐਂਡ ਫਾਈਨਲ ਵਾਰਨਿੰਗ...ਸੁਰੈਂਡਰ...ਆਲ ਆਫ ਯੂ ਆਰ ਅੰਡਰ ਸੀਜ਼", ਦੋ ਕੁ ਸੌ ਫੁੱਟ ਦੂਰੀ ਤੇ ਰਾਤੀਂ ਮੁਕਾਬਲੇ ਦੌਰਾਨ ਢਹਿ ਗਏ ਚੁਬਾਰੇ ਦੀ ਬਗਲ 'ਚ ਚੜ੍ਹਦੀਆਂ ਪੌੜੀਆਂ 'ਚੋਂ ਕੈਪਟਨ ਦੀ ਗਰਜ ਸੁਣੀ, "ਐਨਕਾਊਂਟਰ'ਜ਼ ਓਵਰ...ਯੂ ਹੈਵ ਨੋ ਐਸਕੇਪ..."

ਮੁਖਤਿਆਰ ਦਾ ਹਸਣ ਨੂੰ ਜੀਅ ਕੀਤਾ, "ਫਸਿਆ ਤਾਂ ਤੂੰ ਪਿਐਂ...ਪੌੜੀਆਂ 'ਚੋਂ ਸਿਰੀ ਕੱਢ ਮਾੜੀ ਜੀ...ਪਤਾ ਲੱਗੇ ਮੁਕਾਬਲਾ ਕੀ ਹੁੰਦੈ...ਐਥੇ ਈ ਤਿੰਨ ਰੋੜ੍ਹੇ ਨੇ ਸਵੇਰੇ"

ਅੰਦਰ ਉੱਠਿਆ ਹਾਸਾ ਬੁੱਲ੍ਹਾਂ ਤੱਕ ਆਉਂਦਾ ਘੂਰੀ ਬਣ ਗਿਆ। ਕੈਪਟਨ ਚਾਂਦ ਦਾ ਸਖ਼ਤ ਚਿਹਰਾ ਯਾਦ ਆਇਆ। ਉਦੋਂ ਚਾਂਦ ਸੂਬੇਦਾਰ ਹੁੰਦਾ ਸੀ-

"ਯਾਦ ਰੱਖੋ ਜਵਾਨ! ਦੁਸ਼ਮਣ ਤੁਹਾਡੇ ਸਾਹਮਣੇ ਸਿਰਫ਼ ਮਰਨ ਲਈ ਆਉਂਦਾ ਹੈ...ਉਹਦੀ ਇਹ ਹੀ ਹੋਣੀ ਹੈ।"

ਉਸੇ ਹੋਣੀ ਨੇ ਅੱਜ ਕੈਪਟਨ ਚਾਂਦ ਨੂੰ ਉਹਦੇ ਸਾਹਮਣੇ ਲਿਆ ਖੜ੍ਹਾਇਆ ਸੀ...

...ਮੁਖਤਿਆਰ ਦਾ ਟੁੰਡ ਕੰਬਿਆ। ਇਹ ਉਹਦੀ ਪਹਿਲੀ ਮੁੱਠ-ਭੇੜ ਨਹੀਂ ਸੀ। ਕਈ ਵਾਰ ਬੰਦੇ ਮਾਰੇ ਸਨ ਪਰ...ਚਾਂਦ ਦੀ ਓਹੀ ਸਖ਼ਤ ਆਵਾਜ਼ ਤੇ ਓਹੀ ਸਰਦ ਲਹਿਜ਼ਾ...ਇਕ ਵਾਰ ਤਾਂ ਮੁਖਤਿਆਰ ਨੂੰ ਤ੍ਰੇਲ਼ੀ ਆ ਗਈ। ਸੂਬੇਦਾਰ ਚਾਂਦ ਦੇ ਕਹੇ ਆਖ਼ਰੀ ਬੋਲ ਇਕ ਵਾਰ ਫਿਰ ਆਰੀ ਵਾਂਗ ਉਸ ਤਰ੍ਹਾਂ ਈ ਪੋਰ ਪੋਰ 'ਚੋਂ ਲੰਘੇ...

ਉਸ ਤੋਂ ਵੀ ਪਹਿਲਾਂ...

...ਉਸ ਦਿਨ, ਜਿਸ ਦਿਨ ਮੁਖਤਿਆਰ ਦੀ ਕਿਸਮਤ ਦਾ ਫੈਸਲਾ ਹੋਣਾ ਸੀ।...ਜਿਸ ਦਿਨ...ਬੜੇ ਸਾਰੇ ਮੇਜ਼ ਦੇ ਪਿੱਛੇ 'ਕੋਰਟ ਆਫ ਇਨਕੁਆਇਰੀ' ਦਾ ਜੱਜ ਬੈਠਾ ਸੀ ਤੇ ਉਹਦੇ ਸਜੇ ਹੱਥ ਯੂਨਿਟ ਵੱਲੋਂ ਸੂਬੇਦਾਰ ਚਾਂਦ ਖੜ੍ਹਾ ਸੀ। ਜੱਜ ਦੇ ਸਾਹਮਣੇ ਮੇਜ਼ ਤੇ ਮੁਖਤਿਆਰ ਦੀ ਫਾਈਲ ਖੁਲ੍ਹੀ ਪਈ ਸੀ...ਮੇਜ਼ ਦੇ ਐਧਰ ਮੁਖਤਿਆਰ ਲੇਲ੍ਹੜੀਆਂ ਕੱਢ ਰਿਹਾ ਸੀ...

..."ਕੰਮ ਤਾਂ ਸੱਜੀ ਬਾਂਹ ਨਾਲ ਕਰ ਸਕਦੈਂ ਸਾਹਿਬ ਮੈਂ...ਆਈ ਪਰਾਮਿਸ...ਲੜ ਸਕਦੈਂ..." 'ਕੋਰਟ ਆਫ ਇਨਕੁਆਇਰੀ' ਵਿਚ ਜੱਜ ਅੱਗੇ 'ਅਟੈਂਸ਼ਨ' ਖੜ੍ਹੇ ਦਾ ਉਹਦਾ ਟੁੰਡ ਸਾਬਤ ਬਾਂਹ ਵਾਂਗ ਤਣਿਆ ਰਿਹਾ ਸੀ।

"ਤੂੰ...", ਜੱਜ ਦੀਆਂ ਗਹਿਰੀਆਂ ਹੋ ਗਈਆਂ ਅੱਖਾਂ ਤੋਂ ਉਹਨੂੰ ਡਰ ਲੱਗਿਆ ਸੀ। ਉਹਦੀ ਲਿਲਕੜੀ ਨੂੰ ਅਣਸੁਣੀ ਕਰਦਿਆਂ ਜੱਜ ਨੇ ਪਹਿਲਾ 'ਫਾਇਰ' ਕੀਤਾ ਸੀ-

"ਤੇਰੀ ਤਾਂ ਅਜੇ ਰੰਗਰੂਟੀ ਵੀ ਪੂਰੀ ਨੀ ਹੋਈ...ਓਥ ਸੈਰੇਮਨੀ ਤੇਰੀ ਨੀ ਹੋਈ...ਹਾਊ ਕੁੱਡ ਯੂ

ਲੀਵ ਦਾ ਸੈਂਟਰ..."

"ਇਹ ਡੰਪ 'ਚ ਡਿਊਟੀ ਤੇ ਸੀ ਸਰ..." ਸੂਬੇਦਾਰ ਨੇ ਸੈਂਟਰ ਵੱਲੋਂ ਗਵਾਹੀ ਦਿੱਤੀ ਸੀ। ਨੂਰ ਦੀ ਬੇਨਤੀ ਤੇ ਸੂਬੇਦਾਰ ਚਾਂਦ, ਮੁਖਤਿਆਰ ਦੇ ਵਕੀਲ ਅਤੇ ਗਵਾਹ ਵਜੋਂ ਪੇਸ਼ ਹੋਇਆ ਸੀ। ਸੂਬੇਦਾਰ ਦੀ ਦਲੀਲ ਸੁਣਕੇ ਜੱਜ ਦੀਆਂ ਅੱਖਾਂ 'ਚ ਨਰਮਾਈ ਦੀ ਥਾਂ ਮਸ਼ਕਰੀ ਉੱਭਰੀ ਸੀ-

"ਯੰਗ ਮੈਨ! ਮਾਈ ਕਵਿਸਚਨ ਵਾਜ਼...ਤੂੰ ਬਾਰਡਰ ਤੇ ਕੀ ਕਰ ਰਿਹਾ ਸੀ...ਯੂ ਆਰ ਨਾਟ ਏ ਸੋਲਜ਼ਰ ਯੈੱਟ। ਏ ਰੰਗਰੂਟ ਇਜ਼ ਨਾਟ ਸਪੋਜ਼ਡ ਟੂ ਬੀ ਦੇਅਰ ਇਨ ਐਨੀ ਕੇਸ"

ਜੱਜ ਦੇ ਤੇਵਰ ਦੇਖ ਕੇ ਮੁਖਤਿਆਰ ਦੇ ਹੋਸ਼ ਉਡ ਗਏ ਸਨ। ਉਹ ਤਾਂ ਨੂਰ ਦੀ ਪਲਟੂਨ ਨੂੰ 'ਫਸਟ ਏਡ ਕਿੱਟਾਂ' ਸਪਲਾਈ ਕਰਨ ਗਿਆ ਐਵੇਂ ਨੂਰ ਦੇ ਨਾਲ ਹੀ ਤੁਰ ਪਿਆ ਸੀ। ਲੜਾਈ ਤਾਂ ਕਿਤੇ ਦੂਰ ਹੋ ਰਹੀ ਸੀ...ਬੱਸ ਉਹ ਦੋ ਸਿਪਾਹੀ...

"ਯੂ 'ਲ ਹੈਵ ਟੂ ਫੇਸ 'ਦ ਕੋਰਟ ਮਾਰਸ਼ਲ..." ਜੱਜ ਨੇ ਹੁਕਮ ਸੁਣਾ ਦਿੱਤਾ ਸੀ।

ਭੁੱਬ ਰੋਕਣ ਲਈ ਮੁਖਤਿਆਰ ਨੂੰ ਸਾਹ ਰੋਕਣਾ ਪਿਆ ਸੀ। ਉਹਦੇ ਸਲੂਟ ਕਰਕੇ ਮੁੜਨ ਤੋਂ ਪਹਿਲਾਂ ਹੀ ਵਿਸਾਖੀਆਂ ਸਹਾਰੇ ਤੁਰਦਾ, 'ਨੈਕਸਟ' ਅੰਦਰ ਆ ਗਿਆ ਸੀ।

ਕੋਰਟ ਮਾਰਸ਼ਲ ਦਾ ਖਿਆਲ ਹੁਣ ਵੀ ਮੁਖਤਿਆਰ ਦੀ ਰੂਹ ਕੰਬਾ ਦਿੰਦਾ ਸੀ।

ਪੂਰੀ ਯੂਨਿਟ ਦੇ ਸਾਹਮਣੇ ਪੂਰੀ ਵਰਦੀ 'ਚ ਸੱਜਿਆ ਮੁਖਤਿਆਰ। ਸੂਬੇਦਾਰ ਚਾਂਦ ਦਾ 'ਕਟਰ' ਵਾਲਾ ਹੱਥ ਉੱਠਿਆ ਤੇ ਵਰਦੀ ਮੋਢਿਆਂ ਤੋਂ ਵੱਢੀ ਜਾਣੀ ਸ਼ੁਰੂ ਹੋਈ। ਵੱਢ ਹੁੰਦਾ ਇਕ ਇਕ ਬਟਨ ਸਿੱਧੇ ਤਣੇ ਖੜ੍ਹੇ ਮੁਖਤਿਆਰ ਦੀ ਦੇਹ ਚੀਰ ਕੇ ਡਿਗਿਆ। ਆਖ਼ਿਰ 'ਚ ਬੂਟਾਂ ਦੇ ਫੀਤੇ ਕੜ ਕੜ ਕਰਦੇ ਸੁਣੇ। ਮੁਖਤਿਆਰ ਦੇ ਅੰਦਰ ਪੈਂਦੇ ਖੌਰੂ ਨੂੰ ਮਾਤ ਪਾਉਂਦੀ ਸੂਬੇਦਾਰ ਚਾਂਦ ਦੀ ਆਵਾਜ਼ ਗੂੰਜੀ ਸੀ...ਗੂੰਜਦੀ ਰਹੀ ਸੀ-

" 'ਦ ਫਾਈਟ ਐਂਡਜ਼ ਫਾਰ ਯੂ..."

ਕਿੰਨਾ ਚਿਰ ਬੇ-ਜਾਨ ਰਹੀ ਉਹਦੀ ਦੇਹ ਨੂੰ ਉਹਦੇ ਘਰ ਛੱਡਣ ਆਇਆ ਨੂਰ ਛਟੀਆਂ ਦੇ ਧੂਏਂ ਉਹਲੇ ਰੋਂਦੀ ਉਹਦੀ ਭਰਜਾਈ ਨੂੰ ਦੇਖਦਾ ਰਿਹਾ ਸੀ। ਜਾਣ ਵੇਲੇ ਉਹਦੇ ਮੋਢੇ ਤੇ ਹੱਥ ਰੱਖ ਕੇ ਬੋਲਿਆ ਸੀ-

"ਹੂੰ..." ਫੇਰ ਉਹਦੀ ਜੀਭ ਠਾਕੀ ਗਈ ਸੀ। ਉਹ ਤਾਂ ਬਹਾਨੇ ਨਾਲ ਉਸ 'ਬੁਜ਼ਦਿਲ' ਨਾਇਕ ਦੀ ਗੱਲ ਸੁਣਾਉਣ ਲੱਗਿਆ ਸੀ ਜਿਹੜਾ ਕੋਰਟ ਮਾਰਸ਼ਲ ਤੋਂ ਬਾਅਦ ਘਰ ਜਾਣ ਦੀ ਥਾਂ ਸਰਹਿੰਦ ਨਹਿਰ ਵਿਚ ਉੱਤਰ ਗਿਆ ਸੀ। ਇਸ ਡਰ ਕਾਰਨ ਹੀ ਤਾਂ ਉਹ ਮੁਖਤਿਆਰ ਦੇ ਨਾਲ ਆਇਆ ਸੀ। ਪਰ...ਘਰ ਦੇ ਕਣ ਕਣ 'ਚ ਸਮਾਈ ਗਰੀਬੀ ਨੇ ਉਹਦੇ ਸ਼ਬਦ ਬਦਲ ਦਿੱਤੇ ਸਨ। ਜਾਂਦੀ ਵਾਰ ਦੀ 'ਚੰਗਾ ਫੇਰ' ਕਹਿਣ ਦੀ ਥਾਂ ਉਹਦੇ ਮੂਹੋਂ ਨਿਕਲਿਆ ਸੀ "ਸੋ...ਜੁਆਨ! ਦ' ਫਾਈਟ ਬਗਿਨਜ਼ ਨਾਓ"

ਅਜੇ ਹੁਣੇ ਉਮਰ ਦਾ ਵੀਹਵਾਂ ਵਰ੍ਹਾ ਪੂਰਾ ਕਰਕੇ ਹਟੇ ਮੁਖਤਿਆਰ ਨੂੰ, ਉਮਰ ਵਿਚ ਉਹਤੋਂ ਦੋ ਦਿਨ ਛੋਟੇ ਨੂਰ ਦੀ ਗੱਲ ਸਮਝ ਆਉਣ ਨੂੰ ਦੋ ਸਾਲ ਲੱਗੇ ਸਨ। ਜਦੋਂ ਬੈਂਕ 'ਚ ਫੰਡ ਅਤੇ ਹਸਪਤਾਲ 'ਚ ਭਰਾ ਇਕੱਠੇ ਈ ਮੁੱਕ ਗਏ...

ਇਹਨਾ ਸਾਲਾਂ 'ਚ ਬੜਾ ਪਾਣੀ ਉਹਨਾ ਦੀ ਸਾਂਝ ਦੇ ਕਿਨਾਰਿਆਂ ਵਿਚਕਾਰੋਂ ਵਗ ਗਿਆ ਸੀ। ਉਹੀ ਨੂਰ ਹੁਣ ਕੈਪਟਨ ਚਾਂਦ ਦੇ ਨਾਲ ਕਿਤੇ ਪੌੜੀਆਂ 'ਚ ਖੜ੍ਹਾ ਸੀ...ਹੁਕਮ ਦੀ ਉਡੀਕ 'ਚ।

'ਉਹਨੂੰ ਮੇਰਾ ਪਤਾ ਹੋਊ?' ਮੁਖਤਿਆਰ ਦੇ ਹੌਲ ਪਿਆ। ਅੰਦਰੋਂ ਜਵਾਬ ਆਉਂਦਾ ਇਸ ਤੋਂ ਪਹਿਲਾਂ ਈ ਹੈਂਡ ਗਰਨੇਡਾਂ ਵਾਲੇ ਥੈਲੇ ਦੇ ਉਹਲੇ ਰੱਖੇ ਮੁਬਾਈਲ ਦੀ ਲਾਈਟ ਫੇਰ ਜਗੀ...

ਕਮਾਂਡਰ ਦਾ ਫੋਨ ਸੀ...

ਈਅਰ ਫੋਨ ਕੰਨਾਂ 'ਚ ਲਾਉਣ ਤੋਂ ਪਹਿਲਾਂ ਈ ਕਮਾਂਡਰ ਦੀ ਚਿਤਾਵਨੀ ਗੂੰਜੀ-

"ਐਧਰੋਂ ਕੋਈ ਸਵਾਲ ਜਾਂ ਸੂਚਨਾ ਨਹੀਂ ਦੇਣੀ...ਸਿਰਫ਼ ਮੇਰੀ ਗੱਲ ਸੁਣ...', 'ਯੈੱਸ ਕਮਾਂਡਰ'



ਕਹਿਣ ਲਈ ਮੁਖਤਿਆਰ ਦਾ ਮੂੰਹ ਖੁਲ੍ਹਾ ਈ ਰਹਿ ਗਿਆ -"ਹੂੰ ਵੀ ਨਹੀਂ ਕਹਿਣਾ। ਤੁਹਾਡੇ 'ਚੋਂ ਕਿਸੇ ਦਾ ਖੁਲਾਸਾ ਅਜੇ ਬਾਹਰ ਨਹੀਂ ਹੋਇਆ...ਤੁਹਾਡੇ ਸਾਹਮਣੇ ੩੦ ਫੌਜੀਆਂ ਦੀ ਯੂਨਿਟ ਐ...ਹਥਿਆਰ ਤੁਹਾਡੇ ਕੋਲ ਵਧੂ ਤੇ ਚੰਗੇ ਨੇ...ਸੱਜੇ ਹੱਥ ਗਰਾਊਂਡ ਤੋਂ ਪਾਰ ਦੂਸਰੀ ਯੂਨਿਟ ਹੈ...ਬਖਤਰ ਬੰਦ ਗੱਡੀਆਂ...ਪਰ ਤੁਹਾਨੂੰ ਓਧਰ ਧਿਆਨ ਦੇਣ ਦੀ ਲੋੜ ਨੀ...ਗਰਾਊਂਡ ਸਾਰਾ ਮਾਈਨਾਂ ਨਾਲ ਕਵਰ ਐ...ਈਵਨ ਟੈਂਕ ਮਾਈਨ ਇਜ਼ ਦੇਅਰ।"

ਮੁਖਤਿਆਰ ਕਮਾਂਡਰ ਦੀ ਸਿਆਣਪ ਤੋਂ ਹੈਰਾਨ ਹੋਇਆ। ਕਮਾਂਡਰ ਫੋਨ ਇੰਟਰਸੈਪਟਿੰਗ ਦੀ ਸੰਭਾਵਨਾ ਨੂੰ ਵੀ ਵਰਤ ਰਿਹਾ ਸੀ। ਅਸਲ ਸਾਹ ਮੁਖਤਿਆਰ ਨੂੰ ਇਸ ਗੱਲ ਨੇ ਦੁਆਇਆ ਕਿ ਫੌਜ ਨੂੰ ਉਹਦੇ ਸਾਥੀਆਂ ਦੇ ਮਾਰੇ ਜਾਣ ਦੀ ਖ਼ਬਰ ਨਹੀਂ ਸੀ। ਇਸ ਨਾਲ ਫੌਜ ਦੇ ਹੱਥੀਂ ਆ ਪੈਣ ਦਾ ਡਰ ਚੱਕਿਆ ਗਿਆ ...

"ਤੇ ਹਾਂ... 'ਹੋਸਟੇਜ' 'ਚੋਂ ਕਿਸੇ ਨੂੰ ਮਾਰਨ ਜਾਂ ਸ਼ੀਲਡ ਲੈਣ ਦੀ ਲੋੜ ਪਈ ਤਾਂ ਆਪਣੀ ਜਾਨ ਪਹਿਲਾਂ ਜ਼ਰੂਰੀ ਹੈ ਲੜਾਈ 'ਚ ਕੋਈ ਸਿਵਲੀਅਨ ਨੀ ਹੁੰਦਾ ਸਮਝਿਆ!...

ਮੁਖਤਿਆਰ ਸਮਝ ਰਿਹਾ ਸੀ। ਕਮਾਂਡਰ ਉਹਨੂੰ ਵਾਰਨਿੰਗ ਦੇ ਰਿਹਾ ਸੀ। ਜਥੇਬੰਦੀ ਕੋਈ ਹੁਕਮ-ਅਦੂਲੀ ਬਰਦਾਸ਼ਤ ਨਹੀਂ ਕਰੇਗੀ। ਆਪਣੇ ਹਿੱਸੇ ਦੀ ਮੁਆਫ਼ੀ ਮੁਖਤਿਆਰ ਆਪਣੇ ਪਹਿਲੇ ਐਕਸ਼ਨ ਵਿਚ ਹੀ ਲੈ ਚੁੱਕਿਆ ਸੀ...

...ਜਥੇਬੰਦੀ ਜੁਆਇਨ ਕਰਨ ਤੋਂ ਬਾਅਦ ਉਹਦਾ 'ਟੈਸਟ' ਐਕਸ਼ਨ ਸੀ। ਪਹਿਲਾਂ ਈ ਟ੍ਰੇਂਡ ਹੋਣ ਕਰਕੇ ਉਹਨੂੰ ਸਿੱਧੇ ਐਕਸ਼ਨ 'ਚ ਪਾ ਦਿੱਤਾ ਗਿਆ ਸੀ। ਪੁਲੀਸ ਤੋਂ ਬੰਦੇ ਛੁਡਾਉਣੇ ਸਨ। ਕਿਡਨੈਪ ਕੀਤੀ ਬੱਸ 'ਚੋਂ ਇਕ ਨੌਜੁਆਨ ਉਹਦੇ ਸਾਹਮਣੇ ਉੱਠ ਖੜ੍ਹਾ ਹੋਇਆ ਸੀ-

"ਸਾਡਾ ਕੀ ਕਸੂਰ ਐ...ਥੋਡੀ ਲੜਾਈ ਗੌਰਮਿੰਟ ਨਾਲ ਐ...ਬੰਦੇ ਥੋਡੇ ਉਹਨਾਂ ਨੇ ਫੜੇ ਨੇ...

"ਇਟਜ਼ ਬਾਈ ਚਾਂਸ ਦੈਟ ਯੂ ਆਰ ਹੇਅਰ, ਸਿੱਟ ਡਾਊਨ!" ਡਰਾਈਵਰ ਨੂੰ ਕਵਰ ਕਰੀ ਖੜ੍ਹਾ ਬੰਟੀ ਕਾਰੀਗਰ ਬੋਲਿਆ ਸੀ। ਉਹਨੂੰ ਸਿਰਫ਼ ਅੰਗ੍ਰੇਜ਼ੀ ਵਿਚ ਹੀ ਬੋਲਣ ਦਾ ਹੁਕਮ ਦਿੱਤਾ ਗਿਆ ਸੀ।

ਬੈਠਣ ਦੀ ਥਾਂ ਮੁੰਡਾ ਕਾਰੀਗਰ ਵੱਲ ਮੂੰਹ ਕਰਕੇ ਖੜ੍ਹ ਗਿਆ-

"ਯੂ ਮੀਨ...ਯੂ ਆਰ ਹੇਅਰ ਬਾਈ ਚੱਾਇਸ...!"

"ਸ਼ੂਟ ਹਿਮ", ਕਾਰੀਗਰ ਗਰਜਿਆ ਸੀ। ਹੁਕਮ ਸੁਣਦੇ ਸਾਰ ਮੁਖਤਿਆਰ ਦੇ ਹੱਥ ਹਰਕਤ 'ਚ ਆਏ ਵੀ ਪਰ...ਪਰ ਮੁੰਡੇ ਦੇ ਸਿਵਲੀਅਨ ਚਿਹਰੇ ਤੇ ਅਚਾਨਕ ਫੈਲ ਗਈ ਮੁਰਦੇਹਾਣੀ ਨਾਲ ਉਹਦੇ ਅੰਦਰ ਨੂਰ ਦੇ ਬੋਲ ਗੂੰਜਣ ਲੱਗੇ ਸਨ-

"ਮਰਜ਼ੀ ਨਾਲ ਬੰਦੇ ਮਾਰਨ ਕੌਣ ਆਉਂਦੈ ਮੁਖਤਿਆਰ...ਰੋਟੀਆਂ ਕਰਾਉਂਦੀਐਂ ਸਭ ਕੁਝ..."

ਉਸ ਘੜੀ ਰੋਟੀਆਂ ਵੀ ਮੁਖਤਿਆਰ ਤੋਂ ਇਕ ਸਿਵਲੀਅਨ ਤੇ ਗੋਲ਼ੀ ਨਹੀਂ ਸੀ ਚਲਵਾ ਸਕੀਆਂ। ਗੋਲ਼ੀ ਵੀ ਹੁਕਮ ਦੇਣ ਵਾਲੇ ਬੰਟੀ ਨੂੰ ਹੀ ਚਲਾਉਣੀ ਪਈ। ਮੁਖਤਿਆਰ ਨੂੰ ਸਜ਼ਾ ਹੋਈ। ਕੈਂਪ 'ਪਾਸ ਆਊਟ' ਕਰਨਾ ਪਿਆ ਸੀ। ਕੈਂਪ ਵਿਚ ਹੀ ਉਸ ਨੂੰ ਪਤਾ ਲੱਗਿਆ ਕਿ ਉਹਦੀ ਇਕ ਕੌਮ ਸੀ। ਕੌਮ ਨੂੰ ਖਤਰਾ ਸੀ। ਉਹ ਇਕੋ ਇਕ ਪਰਮ ਸੱਤਾ ਦੀ ਫੌਜ ਦਾ ਸਿਪਾਹੀ ਸੀ। ਦੁਸ਼ਮਣਾਂ ਨੂੰ ਮਾਰਨਾ ਪੁੰਨ ਸੀ। ਪੁੰਨ ਦਾ ਫਲ ਸਵਰਗ 'ਚ ਮਿਲਣਾ ਸੀ...

'ਕੈਂਪ' ਉਹਨੂੰ ਸਜ਼ਾ ਘੱਟ ਸਕੂਲ ਵੱਧ ਲੱਗਿਆ ਸੀ। ਪਰ ਇਕ ਦਿਨ ਉਹਨੂੰ ਸਕੂਲ ਤੇ ਕੈਂਪ ਦਾ ਫ਼ਰਕ ਵੀ ਪਤਾ ਲੱਗਿਆ ਸੀ। ਉਹਨੇ ਇਕ ਸਿੱਧਾ ਸਾਦਾ ਜਿਹਾ ਸਵਾਲ ਪੁੱਛ ਲਿਆ ਸੀ-

"ਕੈਂਪ ਦੀ ਭੂਗੋਲਿਕ ਸਥਿਤੀ ਕੀ ਐ?"

ਜਵਾਬ ਦੀ ਥਾਂ ਉਹਨੂੰ ਪੂਰਾ ਦਿਨ ਖੜ੍ਹੇ ਰਹਿਣ ਦਾ ਹੁਕਮ ਮਿਲਿਆ ਸੀ। ਦੋ ਦਿਨ ਪ੍ਰਵਚਨ ਸੁਣਨੇ ਪਏ ਸਨ। ਤਾਂ ਉਹਨੂੰ ਪਤਾ ਲੱਗਿਆ ਸੀ ਕਿ ਸਵਾਲ 'ਸ਼ੱਕ' ਦਾ ਰੂਪ ਹੁੰਦਾ ਹੈ। ਸ਼ੱਕ ਸ਼ੈਤਾਨ ਦਾ ਸੁਭਾਅ ਹੈ। ਉਹ ਸ਼ੈਤਾਨ ਨਹੀਂ ਪਰਮਸੱਤਾ ਦਾ ਦੂਤ ਹੈ...

ਕੈਂਪ ਦੇ ਨਾਲ਼ ਮਿਲ਼ੀ ਦੂਜੀ ਸਜ਼ਾ ਮੁਖਤਿਆਰ ਨੂੰ ਵੱਧ ਦੁਖਦਾਈ ਲੱਗੀ ਸੀ।

...ਐਕਸ਼ਨ 'ਚੋਂ ਉਹਨੂੰ ਮਿਲਣ ਵਾਲਾ ਇੰਸੈਂਟਿਵ ਰੋਕ ਲਿਆ ਗਿਆ ਸੀ...ਇੰਸੈਂਟਿਵ ਵਰਤ ਕੇ ਕੱਢੀ ਜਾਣ ਵਾਲੀ ਰਸੌਲ਼ੀ ਵੀ ਭਰਜਾਈ ਦੇ ਪੇਟ ਵਿਚ ਹੀ ਰੁਕ ਗਈ ਸੀ। ਮੁਖਤਿਆਰ ਨੇ ਚੀਸ ਵੱਟੀ ਸੀ। ਇਸ ਤਰ੍ਹਾਂ ਦੇ ਇੰਸੈਂਟਿਵ ਉਹਦੀ ਕਮਜ਼ੋਰੀ ਰਹੇ ਸਨ। ਕਿਸੇ ਮੇਲੇ ਵਿਚ ਸ਼ਾਮ ਨੂੰ ਚੰਡੋਲ ਝੂਟਣ ਦੇ ਲਾਲਚ 'ਚ ਉਹ ਸਾਰੀ ਦਿਹਾੜੀ ਬਾਪ ਨਾਲ ਕੰਮ ਲੱਗਿਆ ਰਹਿੰਦਾ। ਅਖ਼ਬਾਰ ਦੇ ਵਿਚੋਂ ਸਿੰਮ ਕੇ ਆਈ ਲਾਲ ਚਟਣੀ ਵਾਲੀਆਂ ਉਂਗਲੀਆਂ ਚੱਟਣ ਦੇ ਲਾਲਚ 'ਚ ਹਰੇਕ ਗਾਹਕ ਨੂੰ ਪਕੌੜੇ ਫੜਾਉਣ ਲਈ ਭੱਜਦਾ। ਸਿਰਫ਼ ਇਕ ਵਾਰੀ ਬਿਨਾਂ ਮੰਗੇ ਇੰਸੈਂਟਿਵ ਨੇ ਉਹਨੂੰ ਭਰਜਾਈ ਦੇ ਨੇੜੇ ਕਰ ਦਿੱਤਾ ਸੀ...

ਉਹ ਦਸਵੀਂ 'ਚ ਸੀ ਜਦੋਂ ਭਰਾ ਦਾ ਵਿਆਹ ਹੋਇਆ। ਬਾਰ੍ਹਵੀਂ 'ਚ ਸੀ ਜਦੋਂ ਉਹ ਘਟਨਾ ਹੋਈ ਜੀਹਨੇ ਉਹਨੂੰ ਭਰਜਾਈ ਦਾ ਗ਼ੁਲਾਮ ਬਣਾ ਦਿੱਤਾ ਸੀ। ਇਕ ਦਿਨ ਉਹ ਸਕੂਲੋਂ ਆਇਆ ਤਾਂ ਮਾਂ ਬਾਹਰ ਨਿਕਲ ਰਹੀ ਸੀ। ਉਹਨੂੰ ਭਰਜਾਈ ਦੀ ਹਾਕ ਸੁਣੀ-

"ਮੁਖੀ...ਉਰੇ ਆ ਪਹਿਲਾਂ...ਕੱਪੜੇ ਫੇਰ ਬਦਲੀਂ"

ਭਰਜਾਈ ਨੇ ਪਹਿਲਾਂ ਬਾਹਰ ਦੇਖਿਆ ਸੀ ਤੇ ਫੇਰ ਨੂਣਦਾਨੀ ਦੇ ਹੇਠੋਂ ਰੁਮਾਲ ਚੱਕਿਆ ਸੀ। ਰੁਮਾਲ ਦੀ ਗੱਠ ਖੋਲ੍ਹਦੇ ਉਹਦੇ ਹੱਥ ਕੰਬਦੇ ਰਹੇ ਸਨ-

"ਕਈ ਦਿਨਾਂ ਦੀ ਤਕਾਉਨੀ ਐਂ। ਮੈਖਿਆ ਬੀਬੀ ਨੇ ਦੇਖਲੇ, ਕਿਤੇ ਹੋਰੇ ਲਾ ਦੂ। ਆਹ ਲੈ...ਸਕੂਲ 'ਚ ਕੁਸ਼ ਲੈ ਕੇ ਖਾ ਲੀਂ..." ਪਤਾ ਨੀ ਕਿਹੜੇ ਵੇਲੇ ਦੇ ਬਚਾ ਕੇ ਰੱਖੇ ਦੋ ਰੁਪਈਏ ਭਰਜਾਈ ਨੇ ਉਹਦੀ ਮੁੱਠੀ 'ਚ ਘੁੱਟੇ ਸਨ...

ਮੁਖਤਿਆਰ ਨੇ ਖੁਸ਼ੀ ਵਿਚ ਛਾਲ ਮਾਰੀ ਸੀ। ਉਹਨੂੰ ਪਹਿਲੀ ਵਾਰ ਕਿਸੇ ਨੇ 'ਖਰਚਣ' ਲਈ ਕੁਸ਼ ਦਿੱਤਾ ਸੀ। ਹੁਣ ਕਦੇ, ਮੈਲ਼ੇ ਜਿਹੇ ਰੁਮਾਲ ਦੀਆਂ ਗੱਠਾਂ ਖੋਲ੍ਹਦੇ, ਭਰਜਾਈ ਦੇ ਕੰਬਦੇ ਹੱਥ ਯਾਦ ਆਉਂਦੇ ਤਾਂ ਉਹਦੇ ਹੱਥ ਪੈਰ ਝੂਠੇ ਪੈ ਜਾਂਦੇ।ਅੱਖਾਂ ਭਰ ਆਉਂਦੀਆਂ...

...ਮੁਖਤਿਆਰ ਨੇ ਈਅਰ ਫੋਨ ਤੋਂ ਹੱਥ ਚੱਕ ਕੇ ਅੱਖਾਂ ਪੂੰਝੀਆਂ। ਹੰਝੂ ਪੂੰਝੇ ਗਏ ਪਰ ਰਸੌਲ਼ੀ ਨਾਲ ਫੁੱਲਿਆ ਭਰਜਾਈ ਦਾ ਪੇਟ ਅੱਖਾਂ 'ਚ ਓਵੇਂ ਜੰਮਿਆ ਰਿਹਾ...

...ਈਅਰ ਫੋਨ ਵਿਚੋਂ ਕਮਾਂਡਰ ਦੀ ਭਿਣ ਭਿਣ ਸੁਣ ਰਹੀ ਸੀ। ਪੁੱਛ ਰਿਹਾ ਸੀ-

"ਕੋਈ ਹੋਸਟੇਜ ਮਾਰਨਾ ਤਾਂ ਨੀ ਪਿਆ...ਡੈੱਡ ਬਾਡੀ ਬਾਹਰ ਸਿੱਟ ਦਿਓ..."

ਅਸਲੇ ਦੇ ਸਟੋਰ ਵਿਚ ਬੰਧਕ ਕਿਥੋਂ ਆਉਣੇ ਸਨ! ਇਹ ਗੱਲ ਤਾਂ ਕੈਪਟਨ ਵੀ ਜਾਣਦਾ ਸੀ। ਮੁਖਤਿਆਰ ਸਮਝ ਰਿਹਾ ਸੀ। ਫੋਨ ਨਾ ਵੀ ਇੰਟਰਸੈਪਟ ਹੋਇਆ ਤਾਂ ਕੋਈ ਬਾਹਰੋਂ ਪੁਲਿਸ ਨਾਲ 'ਨੈਗੋਸ਼ੀਏਟ' ਕਰੇਗਾ। ਉਹਨੂੰ ਨਿਕਲ ਜਾਣ ਲਈ ਵਕਤ , ਹੋ ਸਕਦੈ, ਲਾਂਘਾ ਵੀ ਮਿਲ ਜਾਵੇ। ਨਾਲ਼ੇ ਹਾਲ ਦੀ ਘੜੀ ਫੌਜ ਨੇ ਬੰਨ੍ਹੀ ਜਾਣਾ ਸੀ।

ਮੁਖਤਿਆਰ ਨੇ ਆਪਣੀ ਪਹੁੰਚ 'ਚ ਹਥਿਆਰਾਂ ਤੇ ਨਿਗ੍ਹਾ ਮਾਰੀ। ਹਥਿਆਰ ਤਾਂ ਫੌਜ ਨਾਲ ਲੜਨ ਲਈ ਵੀ ਬਥੇਰੇ ਸਨ। ਬੱਸ ਜੇ ਕਿਤੇ ਜਹਾਜ਼ ਮਾਰ ਰਾਕੇਟ ਹੁੰਦਾ! ਪਿੱਛਲੇ, ਤੇ ਖੱਬੇ ਪਾਸੇ ਗਰਿਡ ਸੀ। ਤਾਰਾਂ ਦਾ ਜਾਲ਼। ਸੱਜੇ ਦੂਰ ਤੱਕ ਖੁਲ੍ਹਾ ਮੈਦਾਨ। ਪੂਰੀ ਫੌਜ ਵੀ ਆ 'ਜਵੇ ਤਾਂ ਵੀ ਉਸ ਤੱਕ ਪਹੁੰਚਣ ਤੋਂ ਪਹਿਲਾਂ ਉਹ ਆਖ਼ਰੀ ਸਿਪਾਹੀ ਨੂੰ ਸੁੱਟ ਲਵੇਗਾ। ਸਾਹਮਣੀ ਗਲ਼ੀ ਦਾ ਚੱਪਾ ਚੱਪਾ ਉਹਦੀ ਰੇਂਜ 'ਚ ਸੀ। ਮੱਲੋ ਮੱਲੀ ਉਹਦਾ ਧਿਆਨ ਗੰਜੇ ਏਰੀਆ ਕਮਾਂਡਰ ਵੱਲ ਗਿਆ। ਗੋਲ਼ੀ ਨੇ ਉਹਦੀ ਖੋਪਰੀ ਖੋਲ੍ਹ ਦਿੱਤੀ ਸੀ। ਐਕਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਦੇ ਉਹਦੇ ਆਤਮ ਵਿਸ਼ਵਾਸ਼ ਨਾਲ ਭਰੇ ਬੋਲ ਯਾਦ ਆਏ-

"ਸੱਤ ਦਿਨ ਵੀ ਮੁਕਾਬਲਾ ਚੱਲੀ ਜਾਵੇ...ਆਪਣੇ ਤੱਕ ਕੋਈ ਨੀ ਪਹੁੰਚ ਸਕਦਾ"

...ਪਰ ਮੁਕਾਬਲਾ ਪਹਿਲੇ ਸੱਤਾ ਮਿੰਟਾਂ ਵਿਚ ਹੀ ਹੱਥੋਂ ਨਿਕਲ ਗਿਆ ਸੀ। ਹੇਠ ਪਹਿਰੇ ਤੇ ਖੜ੍ਹੇ ਮੁਖਤਿਆਰ ਤੋਂ ਬਿਨਾਂ ਉਪਰਲੇ ਚਾਰੇ ਜਣੇ ਪਹਿਲੇ ਹੱਲੇ ਈ ਮਾਰੇ ਗਏ ਸਨ। ਮੁਖਤਿਆਰ ਦੇ ਉਪਰੋਥਲੀ



ਚਲਾਏ ਮੋਰਟਾਰਾਂ ਨੇ ਠੱਲ੍ਹ ਪਾਈ ਸੀ। ਪੁਲਿਸ ਰੀਟਰੀਟ ਕਰ ਗਈ ਸੀ।

...ਫੌਜ ਦੇ ਆਉਣ ਨੇ ਸਥਿਤੀ ਬਦਲ ਦਿੱਤੀ ਸੀ। ਉਹਦੇ ਉਪਰਲੀ ਛੱਤ ਨੰਗੀ ਸੀ। ਆਖ਼ਰੀ ਹੀਲੇ ਵਜੋਂ ਫੌਜ ਨੇ ਹੈਲੀਕਾਪਟਰ ਰਾਹੀਂ ਇੱਥੇ ਹੀ ਉਤਰਨਾ ਸੀ। ਉਹ ਜਾਣਦਾ ਸੀ। ਜਾਣਦਾ ਤਾਂ ਉਹ ਇਹ ਵੀ ਸੀ ਕਿ ਕਿਸੇ ਵੀ ਹੋਰ ਮੂਵ ਤੋਂ ਪਹਿਲਾਂ ਫੌਜ ਗਲ਼ੀ 'ਚੋਂ ਅਡਵਾਂਸ ਕਰੇਗੀ ਤੇ ਜਿੱਥੇ ਉਹ ਬੈਠਾ ਸੀ ਉਥੋਂ 'ਕਰਾਲਿੰਗ ਪੋਜ਼ੀਸ਼ਨ' 'ਚ ਅਡਵਾਂਸ ਰੋਕਿਆ ਨਹੀਂ ਸੀ ਜਾ ਸਕਦਾ...

ਜ਼ੀਰੋ ਲੈਵਲ ਫਾਇਰਿੰਗ ਕਰਨੀ ਪੈਣੀ ਸੀ...ਗਰਾਊਂਡ ਫਲੋਰ ਤੇ ਜਾਣਾ ਪੈਣਾ ਸੀ...

...ਸੂਰਜ ਉਹਦੇ ਸੱਜੇ ਹੱਥ ਸੀ। ਚੜ੍ਹਦੇ ਵੱਲ ਲੋਹੇ ਦੀ ਖਿੜਕੀ ਬੰਦ ਸੀ। ਖਿੜਕੀ ਦੇ ਨਾਲ ਬੰਟੀ ਕਾਰੀਗਰ ਦੀ ਲਾਸ਼ ਪਈ ਸੀ। ਛੇ ਫੁੱਟ ਤਿੰਨ ਇੰਚ ਲੰਮੇ ਕਾਰੀਗਰ ਦੀ ਚੌੜੀ ਛਾਤੀ 'ਚ ਮਾਮੂਲੀ ਜਿਹਾ ਛੇਕ ਸੀ। ਗੋਰੇ ਚਿਹਰੇ ਤੇ ਭੂਰੀਆਂ ਮੁੱਛਾਂ ਜਿਉਂਦੀਆਂ ਲੱਗ ਰਹੀਆਂ ਸਨ। ਉਹਦੇ ਪੈਰ ਇਕ ਦੂਜੇ ਨਾਲ ਬੇ-ਜਾਨ ਜੁੜੇ ਪਏ ਸਨ। ਪਿੱਠ 'ਚੋਂ ਵਗੇ ਲਹੂ ਨਾਲ ਉਹਦਾ ਸੱਜਾ ਬੂਟ ਭਰਿਆ ਪਿਆ ਸੀ। ਬੰਟੀ ਦਾ ਵੱਡਾ ਸਾਰਾ ਹੱਥ ਢਿੱਡ ਤੇ ਟਿਕਿਆ ਹੋਇਆ ਸੀ। ਹੱਥੇਲੀ ਨੂੰ ਲੱਗਿਆ ਲਹੂ ਤੇ ਕੁੜਤੇ ਤੇ ਲਹੂ ਰੰਗੀ ਛਾਪ ਦੱਸਦੀ ਸੀ ਕਿ ਗੋਲ਼ੀ ਲੱਗੇ ਤੋਂ ਉਹਦਾ ਹੱਥ ਜ਼ਖਮ ਤੇ ਚਲਿਆ ਗਿਆ ਹੋਵੇਗਾ...

...ਮੁਖਤਿਆਰ ਨੂੰ ਆਪਣੇ ਖੱਬੇ ਮੋਢੇ ਤੇ ਟਿਕਿਆ ਉਹਦਾ ਸੱਜਾ ਹੱਥ...ਡਰਾ ਕੇ ਜਾਨ ਕੱਢ ਦੇਣ ਵਾਲਾ ਬੋਲਣ ਦਾ ਉਹਦਾ ਲਹਿਜ਼ਾ...ਉਹਦੇ ਪੈਰਾਂ ਦੀ ਪਹਿਲੀ ਵਾਰ ਸੁਣੀ ਨਿੱਗਰ ਪੈੜਚਾਲ, ਅਜੇ ਤੱਕ ਯਾਦ ਸੀ...

...ਬੜੀ ਦੇਰ ਇਸ ਪੈੜਚਾਲ ਨੇ ਮੁਖਤਿਆਰ ਦਾ ਪਿੱਛਾ ਕੀਤਾ ਸੀ। ਕਾਰੀਗਰ ਦਾ ਭਾਰੀ ਬੋਲ ਉਹਨੂੰ ਸੁਣਦਾ ਰਿਹਾ ਸੀ। ਤਿੰਨ ਸਾਲ ਬੀਤ ਗਏ ਸਨ ਪਰ ਬੰਟੀ ਨਾਲ ਹੋਈ ਪਹਿਲੀ ਗੱਲਬਾਤ ਭੋਰਾ ਧੁੰਦਲੀ ਨਹੀਂ ਸੀ ਹੋਈ-

ਤਿੰਨ ਸਾਲ ਪਹਿਲਾਂ...

"ਬੂਟਾਂ ਵੱਟੇ ਪੈਸੇ ਈ ਚਾਹੀਦੇ ਨੇ...ਮੈਂ ਦੇ ਦਿੰਨੈ। ਲਿਆ ਮੈਨੂੰ ਦੇਹ ਬੂਟ"-

ਨੀਵੀਂ ਪਾਈਂ ਤੁਰੇ ਆਉਂਦੇ ਮੁਖਤਿਆਰ ਨੇ ਤ੍ਰਭਕ ਕੇ ਪਿੱਛੇ ਦੇਖਿਆ ਸੀ ਤਾਂ ਦੈਂਤ ਵਰਗੀ ਡੀਲ ਡੌਲ ਵਾਲਾ ਇਕ ਮੁੱਛੜ ਖੜ੍ਹਾ ਸੀ-

"ਲਾਲਾ ਤਾਂ ਕਹਿੰਦਾ ਸਿੱਟ ਦੇਹ", ਮੁਖਤਿਆਰ ਦੇ ਮੂਹੋਂ ਸੁਤੇ ਸਿੱਧ ਨਿਕਲਿਆ। ਅਜੇ ਹੁਣੇ ਉਹ ਆਪਣੇ ਆਪ ਨਾਲ ਹੀ ਗੱਲ ਕਰਦਾ ਜਾਂਦਾ ਸੀ ਕਿ ਲਾਲੇ ਦੀ ਕਹੀ ਗੱਲ ਕਿਸੇ ਓਪਰੇ ਦੇ ਕੰਨੀਂ ਨੀ ਪੈਣੀ ਚਾਹੀਦੀ।

ਮੁਖਤਿਆਰ ਦੀ ਗੱਲ ਸੁਣ ਕੇ ਕਾਰੀਗਰ ਨੇ ਉਹਦੇ ਪੈਰੀਂ ਪਾਏ ਛਿੱਤਰਾਂ ਤੋਂ ਲੈ ਕੇ ਟਾਕੀਆਂ ਲੱਗੇ ਫੌਜੀ ਕੁੜਤੇ ਵੱਲ ਗਹੁ ਨਾਲ ਦੇਖਿਆ ਸੀ-

"ਜਿਹਨਾਂ ਦੀ ਸੇਵਾ 'ਚ ਬਾਂਹ ਵਢਾਈ ਐ..." ਕਾਰੀਗਰ ਨੇ ਫੌਜੀ ਵਰਦੀ ਤੇ ਲੱਗੀ ਲਾਲ ਟਾਕੀ ਉਧੇੜਦਿਆਂ ਕਿਹਾ ਸੀ, "ਇਕ ਰੰਗ ਦੀਆਂ ਟਾਕੀਆਂ ਜੋਗੇ ਪੈਸੇ ਵੀ ਨੀ ਦੇ ਕੇ ਤੋਰਿਆ..."

ਕਾਰੀਗਰ ਦੀ ਗੱਲ ਸੁਣਕੇ ਹੈਰਾਨ ਹੋ ਗਿਆ ਮੁਖਤਿਆਰ ਅਜੇ ਤੱਕ ਵੀ ਓਨਾ ਹੀ ਹੈਰਾਨ ਸੀ। ਗੱਲਾਂ ਕਿਵੇਂ ਇਕ ਦੂਜੀ ਵਿਚ ਰਲ਼ ਗਈਆਂ ਸਨ। ਉਸ ਦਿਨ...ਐਨ... ਉਸੇ ਦਿਨ ਇਸੇ ਗੱਲ ਤੇ ਉਹ ਆਪਣੇ ਬਾਪ ਨਾਲ ਦੂਜੀ ਵਾਰ ਵੱਧ-ਘੱਟ ਹੋ ਕੇ ਹਟਿਆ ਸੀ। ਗੁੱਸੇ 'ਚ ਆਏ ਉਹਦੇ ਬਾਪ ਨੇ ਵੀ ਤਾਂ ਇਹੀ ਗੱਲ ਕਹੀ ਸੀ। ਕਾਰੀਗਰ ਦੇ ਭਾਰੇ ਹੱਥ ਦੀਆਂ ਆਕੜੀਆਂ ਹੋਈਆਂ ਉਂਗਲ਼ਾਂ 'ਚੋਂ ਸਟੇਨ ਕੱਢਦਿਆਂ, ਬਾਪ ਨਾਲ ਹੋਈ ਲੜਾਈ ਯਾਦ ਆਈ ਸੀ...ਬਾਪ ਯਾਦ ਆਇਆ ਸੀ...

...ਗੱਲ ਗੱਲ ਤੇ ਡੰਡਾ ਚੱਕ ਲੈਣ ਵਾਲਾ ਉਹਦਾ ਬਾਪ ਕਿੱਥੇ ਹੋਵੇਗਾ...ਸੁਪਨੇ 'ਚ ਅਕਸਰ ਦਿਸਦੀ ਡੱਬੀਦਾਰ ਸ਼ਰਟ ਤੇ ਸ਼ਰਟ ਪਿੱਛੇ ਬਾਪ ਨਾਲ ਹੋਈ ਉਹਦੀ ਲੜਾਈ ਮੁਖਤਿਆਰ ਦੇ ਸਾਹਮਣੇ ਸਾਵੀਂ ਆ ਖੜ੍ਹੀ। ਬਾਪ ਤੋਂ ਡਰਕੇ ਅਚਾਨਕ ਪਿੱਛੇ ਹਟਣ ਕਰਕੇ ਪਿੱਠ 'ਚ ਚੁਭ ਗਈ ਟੁੱਟੇ ਹੋਏ ਤਖਤੇ

ਦੀ ਨੁੱਕਰ ਚੀਸ ਮਾਰ ਉੱਠੀ। ਬਾਪ ਦੇ ਤਪਦੇ ਚਿਹਰੇ ਨੇ ਉਹਨੂੰ ਡਰਾ ਦਿੱਤਾ ਸੀ...

"ਇਕ ਪੈਂਟ ਸ਼ਰਟ ਈ ਮੰਗੀ ਐ...ਹੋਰ ਮੈਂ ਕੀ ਕਹਿਤਾ", ਮੁਖਤਿਆਰ ਦੇ ਆਪਣੀ ਰੋਣ ਹਾਕੀ ਸੂਰਤ ਯਾਦ ਆਈ। ਤਿੰਨ ਸਾਲਾਂ ਦੀ ਭਤੀਜੀ ਦੀ ਫਰਾਕ ਲਈ ਚੱਲਦੇ ਪ੍ਰਬੰਧ ਵਿਚ ਉਹ ਆਪਣੀ ਮੰਗ ਜੋੜ ਬੈਠਿਆ ਸੀ। ਸਾਹਮਣਿਓਂ ਉਹਦਾ ਬਾਪ ਪਕੌੜਿਆਂ ਵਾਲੀ ਝਾਰਨੀ ਬੰਦੂਕ ਵਾਂਗ ਤਾਣ ਕੇ ਖੜ੍ਹ ਗਿਆ ਸੀ-

"ਹਲ਼ਕ 'ਚ ਦੇ ਦੂੰ ਝਰਨੀ, ਜੇ ਬੋਲ ਕੱਢਿਐ...ਸਾਲਾ ਮਰਦੂਦ...ਹਯਾ ਨੀ ਆਉਂਦੀ ਤੈਨੂੰ ਭੋਰਾ ਭਰ ਜੁਆਕੜੀ ਨਾਲ ਆਢਾ ਬੰਨ੍ਹਦੇ ਨੂੰ... ਨਾਲੇ ਉਹਨੂੰ ਕਿਹੜਾ ਲੈ'ਤੀ ਫਰਾਕ...ਦੋ ਮੇਲੇ ਚੱਜ ਨਾਲ਼ ਕਮਾਏ ਜਾਣ..."

ਉਸ ਸਾਲ ਵੀ ਮੇਲੇ ਨਹੀਂ ਸੀ ਕਮਾ ਹੋਏ। ਸਾਰੇ ਹਿਸਾਬ ਕਿਤਾਬ ਤੋਂ ਬਾਅਦ ਬਾਪ ਦੇ ਕੱਢੇ ਪਕੌੜੇ ਮੇਲਾ ਕਮੇਟੀਆਂ ਨੂੰ ਦਿੱਤਾ ਕਿਰਾਇਆ ਈ ਪੂਰਾ ਕਰ ਸਕੇ ਸਨ। ਟੱਬਰ ਦੀ ਕੁੱਲ ਬੱਚਤ, ਕੜ੍ਹੇ ਹੋਏ ਤੇਲ ਦਾ ਅੱਧਾ ਪੀਪਾ, ਸਾਈਕਲ ਤੇ ਰੱਖੀਂ ਆਉਂਦਾ ਬਾਪ ਸਾਰੇ ਰਾਹ ਬੋਲਦਾ ਆਇਆ ਸੀ-

"ਪਿੱਛਾ ਲਿਆ 'ਤਾ ਕਾਲ਼ੇ ਮੂੰਹ ਆਲੇ ਨੇ! ਜੱ'ਦਾ ਫੌਜ 'ਚੋਂ ਆਇਐ..."

...ਉਸੇ ਭਤੀਜੀ ਦੀ ਫਰਾਕ ਲਈ ਬੂਟ ਵੇਚਣ ਗਏ ਮੁਖਤਿਆਰ ਨੂੰ ਕਬਾੜੀਏ ਨੇ ਡਰਾਇਆ ਸੀ-

"ਤੈਨੂੰ ਪਤੈ ਕੀ ਚੱਕੀਂ ਫਿਰਦੈਂ? ਕਿਸੇ ਨੇ ਪੈਰਾਂ 'ਚ ਪਾਏ ਦੇਖਲੇ...ਸਾਰੀ ਉਮਰ ਪੁੱਠਾ ਲਟਕਦੇ ਦੀ ਲੰਘੂ...ਦੁਸ਼ਮਣ ਫੌਜ ਦੇ ਬੂਟ ਤੇਰੇ ਕੋਲ ਕਿਥੋਂ ਆ'ਗੇ...ਸਿੱਟ ਦੇ ਪਰੇ ਕਿਤੇ..."

...ਕਾਰੀਗਰ ਦੇ ਪੈਰੀਂ ਹੁਣ ਵੀ ਓਹੀ ਬੂਟ ਸਨ...'ਐਕਸ਼ਨ ਸਪੈਸ਼ਲ' ਜਿਵੇਂ ਕਾਰੀਗਰ ਉਹਨਾਂ ਨੂੰ ਕਹਿੰਦਾ ਹੁੰਦਾ ਸੀ...

ਕਾਰੀਗਰ ਦੀ ਭਾਰੀ ਦੇਹ ਕੰਧ ਨਾਲ ਖੜ੍ਹੀ ਕਰਦਿਆਂ ਮੁਖਤਿਆਰ ਨੂੰ ਸਾਹ ਚੜ੍ਹ ਗਿਆ। ਗਰਨੇਡਾਂ ਵਾਲਾ ਇਕ ਥੈਲਾ ਉਹਦੇ ਮੂਹਰੇ ਟਿਕਾਇਆ। ਥੈਲੇ ਦੇ ਬੰਨ੍ਹੇ ਮੂੰਹ ਤੇ ਟੋਪੀ ਰੱਖੀ। ਸਟੇਨ ਕਾਰੀਗਰ ਦੇ ਕੱਛ 'ਚ ਦੱਬੀ ਤੇ ਹੇਠ ਬੈਠ ਕੇ ਖਿੜਕੀ ਖੋਲ੍ਹ ਦਿੱਤੀ। ਸਾਹਮਣੀ ਕੰਧ ਤੇ ਪੈਂਦੇ ਪਰਛਾਵੇਂ ਵਿਚ ਕਾਰੀਗਰ ਇਕ ਬੈਠੇ ਬੰਦੇ ਦੇ ਸਿਰ ਤੇ ਸਟੇਨ ਤਾਣੀ ਖੜ੍ਹਾ ਦਿਸਦਾ ਸੀ। ਆਮ ਬੰਦੇ ਨਾਲੋਂ ਡੂਢਾ ਉਹਦਾ ਹੱਥ ਪਰਛਾਵੇਂ 'ਚ ਹੋਰ ਵੀ ਵੱਡਾ ਲੱਗ ਰਿਹਾ ਸੀ। ਮੁਖਤਿਆਰ ਨੂੰ ਪਹਿਲੇ ਦਿਨ ਤੋਂ ਈ ਉਹਦੇ ਹੱਥ ਡਰਾਉਂਦੇ ਰਹੇ ਸਨ। ਪਰਛਾਵਾਂ ਦੇਖਦੇ ਮੁਖਤਿਆਰ ਦੀ ਸੁਰਤ ਕਾਰੀਗਰ ਨਾਲ ਪਹਿਲੀ ਮੁਲਾਕਾਤ 'ਚ ਹੀ ਫਿਰ ਜਾ ਟਿਕੀ...

..."ਬੰਦਾ ਤਾਂ ਤੂੰ ਕੰਮ ਦੈਂ", ਮੋਢੇ ਤੇ ਟਿਕਿਆ ਕਾਰੀਗਰ ਦਾ ਹੱਥ ਉਹਦੇ ਚੇਤੇ 'ਚ ਹਿਲਿਆ,"ਕਰਦਾ ਕੀ ਐਂ?"

ਉਧੜੀ ਹੋਈ ਟਾਕੀ ਹੇਠ ਵਰਦੀ ਦੇ ਲੰਗਾਰ ਵਿਚੋਂ ਆਪਣੇ ਟੁੰਡ ਤੋਂ ਥੋੜ੍ਹਾ ਉੱਪਰ ਨੰਗੇ ਹੋਏ ਕੂਲ਼ੇ ਮਾਸ ਵੱਲ ਦੇਖਦਿਆਂ ਮੁਖਤਿਆਰ ਮਸਾਂ ਬੋਲਿਆ ਸੀ-

"ਵਿਹਲੈਂ...ਕੰਮ ਕੌਣ ਦਿੰਦੈ"-ਮੁਖਤਿਆਰ ਨੇ ਵੱਢੀ ਹੋਈ ਬਾਂਹ, ਪਾਟੀ ਹੋਈ ਵਰਦੀ 'ਚੋਂ ਬਾਹਰ ਕੱਢ ਕੇ ਹਿਲਾਈ ਸੀ-

"ਮੈਂ...ਮੈਂ ਦਿੰਨੈਂ ਕੰਮ"-ਕਾਰੀਗਰ ਨੇ ਮੁਖਤਿਆਰ ਦੀ ਪਿੱਠ ਥਾਪੜੀ ਸੀ- "ਨਾਲੇ ਤੇਰਾ ਸਿੱਖਿਆ ਹੋਇਐ...ਤਨਖਾਹ ਦੁੱਗਣੀ" ਉਹਨੇ ਜੇਬ 'ਚੋਂ ਕਾਰਡ ਤੇ ਨੋਟ ਇਕੋ ਵਾਰ 'ਚ ਮੁਖਤਿਆਰ ਨੂੰ ਫੜਾ ਦਿੱਤੇ ਸਨ। ਬੂਟ ਫੜ ਕੇ ਕਾਰੀਗਰ ਤੁਰ ਗਿਆ ਸੀ।

ਕਾਰਡ ਤੇ ਲਿਖਿਆ ਐਡਰੈਸ ਮੁਖਤਿਆਰ ਨੂੰ ਉਸੇ ਕਬਾੜੀਏ ਦੀ ਦੁਕਾਨ ਤੇ ਲੈ ਗਿਆ ਸੀ ਜਿੱਥੇ ਕਾਰੀਗਰ ਉਹਦੇ ਮੇਚੇ ਦੀਆਂ ਬਰੈਂਡਡ ਪੈਂਟਾਂ, ਡੱਬੀਦਾਰ ਸ਼ਰਟਾਂ ਤੇ ਬੂਟੀਦਾਰ ਫਰਾਕਾਂ ਦਾ ਥੱਬਾ ਲਈ ਬੈਠਾ ਸੀ ...



"ਹੋਰ ਕੋਈ ਮੰਗ ਐ ਤਾਂ ਨਿਸ਼ੰਗ ਦੱਸ" ਕਾਰੀਗਰ ਨੇ ਸ਼ਰਟਾਂ ਤੇ ਫਰਾਕਾਂ ਦੇ ਉਹਲੇ ਰੱਖੀ ਗਨ ਦਖਾਉਂਦਿਆਂ ਪੁੱਛਿਆ ਸੀ-

"ਮੇਰੇ ਘਰ ਕਦੇ ਰਾਸ਼ਨ ਨੀ ਥੁੜ੍ਹਨਾ ਚਾਹੀਦਾ ਮੇਰੇ ਮਰਨ ਪਿੱਛੋਂ ਵੀ"...

ਹੱਥ ਤੇ ਡਿਗੇ ਹੰਝੂ ਪੂੰਝਦਿਆਂ ਮੁਖਤਿਆਰ ਨੂੰ ਕਾਰੀਗਰ ਦੇ ਦਰਿਆ ਦਿਲ ਬੋਲ ਯਾਦ ਆਏ-

"ਡੰਨ'! ਬੱਸ ਇਕ ਗੱਲ ਦਾ ਖਿਆਲ ਰੱਖੀਂ...ਇਹ ਵੀ ਆਰਮੀ ਐ...ਸ਼ਰਹੱਦਾਂ ਹੋਰ ਨੇ..."

ਮੁਖਤਿਆਰ ਨੇ ਕਦੇ ਨਹੀਂ ਸੀ ਪੁੱਛਿਆ ਕਿ ਸਰਹੱਦ ਕਿੱਥੇ ਸੀ। ਅੱਜ ਵੀ ਉਹਨੂੰ ਨਹੀਂ ਸੀ ਪਤਾ ਕਿ ਉਹ ਕਿਹੜੀ ਸਰਹੱਦ ਤੇ ਲੜ ਰਹੇ ਸਨ। ਇਹ ਸਰਹੱਦ ਦਾ ਕਿਹੜਾ ਪਾਸਾ ਸੀ ਜਿੱਥੇ ਉਹਦੇ ਸਾਥੀਆਂ ਦੀਆਂ ਲਾਸ਼ਾਂ ਪਈਆਂ ਸਨ। ਉਹਨੂੰ ਤਾਂ ਹੁਕਮ ਯਾਦ ਸੀ ਕਿ ਨਿਕਲਣ ਤੋਂ ਪਹਿਲਾਂ ਉਹਨੇ ਇਹਨਾਂ ਦੀਆਂ ਜੇਬਾਂ ਫੋਲਣੀਆਂ ਸਨ। ਕਾਗਜ਼ ਪੱਤਰ ਤੇ ਪਛਾਣਾਂ ਖ਼ਤਮ ਕਰਨੀਆਂ ਸਨ...

ਕਾਰੀਗਰ ਦੇ ਕਮੀਜ਼ ਦੀ ਖੱਬੀ ਜੇਬ 'ਚੋਂ ਰੁਮਾਲ 'ਚ ਲਿਪਟੀ ਇਕ ਪਰਚੀ ਨੇ ਉਹਦਾ ਹੱਥ ਰੋਕ ਲਿਆ। ਖੁਸ਼ਖ਼ਤ ਲਿਖਾਈ 'ਚ ਇਕ ਸਤਰ ਲਿਖੀ ਹੋਈ ਸੀ-

"ਮੈਨੂੰ ਦਫਨਾਇਆ ਜਾਵੇ...ਮੇਰੀ ਮਾਂ ਕ੍ਰਿਸਚੀਅਨ ਸੀ" ਪਹਿਲੀ ਵਾਰ ਉਹਨੂੰ ਕਾਰੀਗਰ ਤੇ ਤਰਸ ਆਇਆ। ਪਰਚੀ ਜੇਬ 'ਚ ਰੱਖ ਕੇ ਉਠਣ ਲੱਗੇ ਨੇ ਪਰਚੀ ਖੋਲ੍ਹੀ ਤੇ ਇਕ ਵਾਰ ਫੇਰ ਪੜ੍ਹ ਕੇ ਪਾੜ ਦਿੱਤੀ...

ਪਿਛਲੇ ਦਿਨਾਂ ਵਿਚ ਉਹਦੇ ਅੰਦਰ ਉਸਰ ਗਿਆ 'ਪਰਮਸੱਤਾ ਦਾ ਸਿਪਾਹੀ' ਜਾਣਦਾ ਸੀ ਉਹਨੂੰ ਇਥੋਂ ਨਿਕਲਣ ਲਈ ਅੱਗ ਦਾ ਉਹਲਾ ਕਰਨਾ ਪਵੇਗਾ।

ਉਹਨੇ ਲਾਸ਼ਾਂ ਦੱਖਣ ਵੱਲ ਪੈਰ ਕਰ ਕਰਕੇ, ਕਮਰੇ ਦੇ ਵਿਚਕਾਰ ਲਿਟਾ ਦਿੱਤੀਆਂ। ਬਾਰੂਦ ਦੇ ਦੋ ਥੈਲੇ ਉਹਨਾ ਦੇ ਉਤੇ ਟਿਕਾ ਦਿੱਤੇ। ਹੇਠ ਜਾਣ ਲਈ ਪੌੜੀਆਂ ਵੱਲ ਤੁਰਿਆ ਤਾਂ ਕੈਪਟਨ ਚਾਂਦ ਦੀ ਆਵਾਜ਼ ਬੰਬ ਵਾਂਗ ਗੂੰਜੀ-

"ਕਾਊਂਟ੍ਹ ਡਾਊਨ ਸ਼ੁਰੂ ਹੁੰਦੀ ਹੈ...ਦਸ ਮਿਨਟ...ਤੁਸੀਂ ਅਜੇ ਵੀ ਸੁਰੈਂਡਰ ਕਰ ਸਕਦੇ ਹੋ..."

ਮੁਖਤਿਆਰ ਨੇ ਕਾਹਲੀ ਨਾਲ ਮਸ਼ੀਨਗਨ ਦੇ ਪਟੇ 'ਚ ਟੁੰਡ ਫਸਾਇਆ ਤੇ ਪਹਿਲੇ ਹੁਝਕੇ ਨਾਲ ਮੋਢੇ ਤੇ ਧਰ ਲਈ। ਬੋਝ ਵਿਤੋਂ ਬਾਹਰਾ ਸੀ। ਮੁਖਤਿਆਰ ਨੇ ਆਪਣੀ ਦੇਹ ਨੂੰ ਬੈਲੈਂਸ ਕੀਤਾ ਤੇ ਪੌੜੀਆਂ ਉਤਰ ਗਿਆ...

...ਪੌੜੀਆਂ ਵਿਚਲਾ ਬਲਬ ਜਗ ਰਿਹਾ ਸੀ। ਸਪੱਸ਼ਟ ਸੀ ਕਿ ਅਜੇ ਤੱਕ ਬਿਜਲੀ ਕੱਟੀ ਨਹੀਂ ਸੀ ਗਈ। ਅਜੇ ਤੱਕ ਗਰਿਡ ਵਾਲੇ ਪਾਸਿਓਂ ਕੋਈ ਖ਼ਤਰਾ ਨਹੀਂ ਸੀ। ਹੇਠਲੇ ਕਮਰੇ ਤੱਕ ਮਸ਼ੀਨ ਗਨ ਚੁੱਕੀ ਆਉਂਦੇ ਮੁਖਤਿਆਰ ਨੂੰ ਸਾਹ ਚੜ੍ਹ ਗਿਆ-

"ਸਿਕਸ..." ਕੈਪਟਨ ਚਾਂਦ ਦੀ ਆਵਾਜ਼ ਸੁਣੀ।

ਮੁਖਤਿਆਰ ਨੇ ਪਲੀਤੇ ਦੀਆਂ ਦੋ ਲੈਂਥਾਂ ਜੋੜੀਆਂ ਤੇ ਚੁਬਾਰੇ ਦੇ ਪਿੱਛੇ ਵੱਲ ਖੁਲ੍ਹਦੀ ਖਿੜਕੀ ਨਾਲ ਬੰਨ੍ਹ ਆਇਆ। ਹੇਠੋਂ ਲਿਜਾ ਕੇ ਇਕ ਸਿਰਾ ਲਾਸ਼ਾਂ 'ਤੇ ਰੱਖੇ ਥੈਲਿਆਂ 'ਚ ਦੱਬਿਆ, ਲਾਈਟਰ ਬਾਲ਼ ਕੇ ਚੈੱਕ ਕੀਤਾ ਤੇ ਖਿੜਕੀ ਦੀ ਸਰਦਲ਼ ਤੇ ਪਲੀਤੇ ਦੇ ਨਾਲ ਹੀ ਰੱਖ ਦਿੱਤਾ। ਡੋਰੀ ਪਹਿਲਾਂ ਹੀ ਖਿੜਕੀ ਨਾਲ ਅੰਦਰੋਂ ਬੰਨ੍ਹੀ ਹੋਈ ਸੀ। ਉਹਨੇ ਇਕ ਵਾਰੀ ਮੋਰੀ 'ਚੋਂ ਇੱਟ ਖਿਸਕਾ ਕੇ ਗਲ਼ੀ ਵਿਚ ਦੇਖਿਆ। ਸੁੰਨ ਪਸਰੀ ਪਈ ਸੀ। ਇੱਟ ਰੱਖਣ ਲੱਗੇ ਉਹਨੂੰ ਕੈਪਟਨ ਚਾਂਦ ਦੀ ਆਵਾਜ਼ ਸੁਣੀ...

"ਫਾਈਵ.."

ਪੌੜੀਆਂ ਵਾਲਾ ਬੱਲਬ 'ਆਫ/ਆਨ' ਕੀਤਾ ਤੇ ਕਾਹਲੀ ਨਾਲ ਪੌੜੀਆਂ ਉਤਰ ਗਿਆ। ਨਾਲ਼ ਲੈ ਕੇ ਜਾਣ ਵਾਲ਼ੇ ਬੈਗ ਤੇ ਗੰਨ ਇਕ ਥਾਂ ਕੀਤੇ। ਪਹਿਲਾਂ ਤੋਂ ਈ ਪੁੱਟੀਆਂ ਫਰਸ਼ ਦੀਆਂ ਇੱਟਾਂ ਪਾਸੇ ਕੀਤੀਆਂ। ਇਹਨਾ ਇੱਟਾਂ ਨੂੰ 'ਕੱਚੀਆਂ' ਰੱਖਣ ਲਈ ਕਾਰੀਗਰ ਨਾਲ ਉਹਨੂੰ ਦੇਰ ਤੱਕ ਝਗੜਨਾ ਪਿਆ ਸੀ। ਇਸ ਖੂੰਜੇ 'ਚ ਦਰਵਾਜ਼ਾ ਕੱਢਣ ਦੀਆਂ ਕਾਰੀਗਰ ਦੀਆਂ ਦਲੀਲਾਂ ਮੁਖਤਿਆਰ ਕਈ

ਦਿਨ ਸੁਣਦਾ ਰਿਹਾ ਸੀ। ਫੇਰ ਜੱਕੋ ਤੱਕੀ ਜਿਹੀ ਵਿਚ ਬੋਲਿਆ ਸੀ-

"ਅਟੈਕ ਹੋਇਆ ਤਾਂ ਮੋਰਚਾ ਕਿੱਥੇ ਬਣਾਵਾਂਗੇ ...ਚੰਗਾ ਕਾਰੀਗਰ ਐਂ ਤੂੰ ...ਨਾਲੇ ਅਸਲਾਖਾਨੇ ਦਾ ਦਰਵਾਜ਼ਾ ਬਾਹਰ ਖੁਲ੍ਹਦਾ ਨੀ ਰੱਖੀ ਦਾ ..."

"ਰੇਡ ਵੇਲੇ ਭੱਜਣਾ ਵੀ ਐ ..." ਕਾਰੀਗਰ ਨੇ ਦਲੀਲ ਦਿੱਤੀ ਸੀ।

ਮੁਖਤਿਆਰ ਨੂੰ ਹਾਸਾ ਵੀ ਆਇਆ ਤੇ ਗੁੱਸਾ ਵੀ। ਪਰ ਕਾਰੀਗਰ ਅਹੁਦੇ 'ਚ ਉਹਤੋਂ ਸੀਨੀਅਰ ਸੀ। ਇਸ ਲਈ ਮੁਖਤਿਆਰ ਨਰਮਾਈ ਨਾਲ ਹੀ ਬੋਲਿਆ ਸੀ-

"ਰੀਟਰੀਟ ਸਾਹਮਣੇ ਵੱਲ ਥੋੜ੍ਹੋ ਕਰੀਦੈ ! ਇਹਦੇ ਲਈ ਉੱਪਰ ਐ ...ਰੀਅਰ ਵਿੰਡੋ ...'ਫਾਲ ਕਰਾਂਗੇ' ਏਥੇ ਇੰਸਟਾਲ ਕਰਾਂਗੇ 'ਗਰਾਊਂਡ ਲੈਵਲ' ਗੰਨ ..."

ਲੜ ਕੇ ਕੀਤਾ ਪ੍ਰਬੰਧ ਹੁਣ ਕੰਮ ਆ ਰਿਹਾ ਸੀ। ਕੈਪਟਨ ਦੇ 'ਵੰਨ' ਕਹਿਣ ਤੋਂ ਪਹਿਲਾਂ ਪਹਿਲਾਂ ਮੁਖਤਿਆਰ ਨੇ ਮਸ਼ੀਨ ਗੰਨ ਬੀੜ ਲਈ ਸੀ। ਮੈਗਜ਼ੀਨ ਚਾੜ੍ਹ ਲਿਆ ਸੀ। ਲਾਊਡ ਸਪੀਕਰ 'ਚੋਂ 'ਨਾਟ' ਦੀ ਆਵਾਜ਼ ਆਉਂਦੀ ਸਾਰ ਉਹਨੇ ਕੰਧ 'ਚੋਂ ਇਟਾਂ ਕੱਢ ਲਈਆਂ ...

ਮੁਖਤਿਆਰ ਦਾ ਅੰਦਾਜ਼ਾ ਠੀਕ ਨਿਕਲਿਆ ਇਕ ...ਦੋ ...ਤਿੰਨ ...ਚਾਰ ...ਜੁਆਨ ਕਰਾਲਿੰਗ ਪੋਜ਼ੀਸ਼ਨ ਵਿਚ ਅੱਗੇ ਵਧੇ ...

ਮੁਖਤਿਆਰ ਨੇ ਗਲ਼ੀ ਵਿਚ ਮਸ਼ੀਨ ਗੰਨ ਦੀ 'ਰੋਟੇਟਿੰਗ ਰੇਂਜ' ਦਾ ਅੰਦਾਜ਼ਾ ਲਾਇਆ ਤੇ ਸੱਜੇ ਹੱਥ ਵਾਲੀ ਬਿਲਡਿੰਗ ਦੇ 'ਡਰੇਨ ਪਾਈਪ' ਨੂੰ 'ਸਰਹੱਦ' ਮੰਨ ਲਿਆ ...

ਗੰਜਾ ਏਰੀਆ ਕਮਾਂਡਰ ਵੀ ਇਹੀ ਕਹਿੰਦਾ ਹੁੰਦਾ ਸੀ-

"ਆਹ ਪਾਈਪ ਤੋਂ ਉਰੇ ਉਰੇ ਆਪਣਾ 'ਲਾਕੇ ...ਆਪਣੀ ਹਕੂਮਤ ...ਖੰਘਣ ਨੀ ਦਿੰਦੇ ਕਿਸੇ ਨੂੰ ..."

"ਹੁਣ ਸਰਹੱਦਾਂ ਹੋਰ ਨੇ ...ਜਾਨ ਧਰਮ ਲਈ ਦੇਣੀ ਐ", ਉਹਦੇ ਅੰਦਰ ਕਾਰੀਗਰ ਬੋਲਿਆ-

"ਧਰਮ ਕਿੱਧਰ ਐ ...ਐਧਰ ਜਿੱਧਰ ਮੈਂ ਆਂ ...ਕਿ ਓਧਰ ਜਿੱਧਰ ਨੂਰ ਐ ...ਤਨਖਾਹ ਤਾਂ ਮੇਰੀ ਵੱਧ ਐ ..." ਮਸ਼ੀਨ ਦੇ ਲੈਂਜ਼ ਤੇ ਰੱਖੇ ਉਹਦੇ ਟੂੰਡ ਵਿਚ ਥਰਥਰਾਹਟ ਹੋਈ ...ਉਹਦੇ ਅੰਦਰ ਨੂਰ ਨੇ ਕਾਰੀਗਰ ਨੂੰ ਧੱਕ ਕੇ ਪਰੇ ਕੀਤਾ-

"ਸੋ ...ਜੁਆਨ ! 'ਦ ਫਾਈਟ ਬਗਿੰਜ਼ ਨਾਓ"

ਮੁਖਤਿਆਰ ਦੇ ਅੰਦਰ ਸ਼ੱਕ ਉੱਭਰ ਰਹੀ ਸੀ। ਸ਼ੈਤਾਨ ਸਿਰ ਚੱਕ ਰਿਹਾ ਸੀ। ਉਹਦੇ ਬਚਾ ਲਈ ਕੈਂਪ ਦੇ ਅਧਿਆਪਕ ਦੀ ਸਿੱਖਿਆ ਆ ਬਹੁੜੀ-

"ਯਾਦ ਰੱਖੋ ! ਜਿਹੜਾ ਸਾਡੇ ਵੱਲ ਨਹੀਂ, ਉਹ ਦੁਸ਼ਮਣ ਵੱਲ ਐ ਕਿਉਂਕਿ ਧਰਮ ਸਾਡੇ ਵੱਲ ਐ ..."

ਮੁਖਤਿਆਰ ਨੇ ਸਿਰ ਝਟਕਿਆ। ਸਾਹਮਣੇ ਦੇਖਿਆ ...

...'ਫੌਲੋ ਅੱਪ ਲੇਨ' ਵਿਚ ਚਾਰ ਜੁਆਨ ਹੋਰ 'ਐਕਸਪੋਜ਼ਡ ਏਰੀਏ' ਵਿਚ ਆ ਗਏ ਸਨ। ਧੁੱਪ ਵਿਚ ਚਮਕਦੀਆਂ ਵਰਦੀਆਂ ਤੇ ਲਗਭਗ ਧਰਤੀ ਨੂੰ ਛੋਂਹਦੀਆਂ ਟੋਪੀਆਂ ਉਹਲੇ ਨੂਰ ਪਤਾ ਨਹੀਂ ਕਿਹੜਾ ਸੀ। ਮਸ਼ੀਨਗੰਨ ਦੇ ਪਿੱਛੇ ਲੇਟੇ ਮੁਖਤਿਆਰ ਦੀ ਦੇਹ ਵਿਚ ਥਰਥਰਾਹਟ ਹੋਈ ...ਪਹਿਲੀ ਲੇਨ ਪਾਈਪ ਕਰਾਸ ਕਰ ਰਹੀ ਸੀ ...

ਮੁਖਤਿਆਰ ਦਾ ਜੀਅ ਕੀਤਾ, ਭੱਜ ਜਾਵੇ ...

...ਥੜਾਕ ...ਐਡਵਾਂਸਿੰਗ ਪਾਰਟੀ ਨੂੰ ਕਵਰ ਦੇਣ ਲਈ ਹੈਂਡ ਗਰਨੇਡ, ਪਾਈਪ ਤੋਂ ਮੁਖਤਿਆਰ ਵਾਲੇ ਪਾਸੇ ਫਟਿਆ ...

"ਦਸ ਸੈਕਿੰਡ ..." ਮੁਖਤਿਆਰ ਦੇ ਅੰਦਰਲਾ ਫੌਜੀ ਸੁਚੇਤ ਹੋ ਗਿਆ। ਧੂਏਂ ਦੇ ਕਵਰ ਉਹਲੇ ਉੱਠ ਕੇ ਅਡਵਾਂਸ ਕਰਨ ਤੋਂ ਪਹਿਲਾਂ ਦੁਸ਼ਮਣ ਕੋਲ ਦਸ ਸੈਕਿੰਡ ਸਨ ...ਤੇ ਉਹਦੇ ਕੋਲ ਵੀ ...



...ਜਦ ਨੂੰ ਮੁਖਤਿਆਰ ਦੇ ਸਮਝ ਆਉਂਦੀ, ਉਹਦੀ ਮਸ਼ੀਨ ਗੰਨ ਨੇ ਮੈਗਜ਼ੀਨ ਖ਼ਾਲੀ ਕਰ ਦਿੱਤਾ ਸੀ ...

ਧੂਆਂ ਉ ਡਿਆ ਤੇ ਧੂੜ ਬੈਠ ਗਈ ...

ਹਮਲਾ ਮੋੜ ਦਿੱਤਾ ਗਿਆ ਸੀ ... ਸਰਹੱਦ ਦੇ ਪਰਲੇ ਪਾਰ ਦਸ ਜੁਆਨ ਪਏ ਸਨ ... ਦੋ ਰੀਟਰੀਟ ਕਰ ਰਹੇ ਸਨ ...

"ਨੂਰ ! ਨੂਰ !! ਮਾਰ ਦਿੱਤੈ ਮੈਂ ...ਨੂਰ ਮਾਰ ਦਿੱਤੈ", ਮੁਖਤਿਆਰ ਨੂੰ ਲੇਟੇ ਰਹਿਣਾ ਦੁੱਭਰ ਹੋ ਗਿਆ। ਉਹ ਖੜ੍ਹਾ ਹੋ ਗਿਆ। ਇਦੋਂ ਪਹਿਲਾਂ ਕਿ ਭੁੱਬ ਨਿਕਲਦੀ ਉਹਦੇ ਅੰਦਰ ਕੈਂਪ ਦੀ ਸਭ ਤੋਂ ਸ਼ਾਂਤ ਆਵਾਜ਼ ਗੂੰਜੀ-

"ਪਰਮਸੱਤਾ ਦੇ ਰਾਹ 'ਚ ਅੱਗੇ ਵਧਦਿਆਂ ਤੁਹਾਡੇ ਹੱਥੋਂ ਮਰੇ ਤੁਹਾਡੇ ਆਪਣੇ ਤੁਹਾਨੂੰ ਸਵਰਗ 'ਚ ਇੰਤਜ਼ਾਰ ਕਰਦੇ ਮਿਲਣਗੇ ..."

ਮੁਖਤਿਆਰ ਪੌੜੀਆਂ ਚੜ੍ਹ ਗਿਆ। ਬਲਬ ਜਗ ਰਿਹਾ ਸੀ। ਉਹ ਅਜੇ ਸਵਰਗ ਜਾਣੋਂ ਬਚ ਸਕਦਾ ਸੀ ...

...ਕਾਰੀਗਰ ਥੈਲੇ ਉੱਪਰ ਮੂਧੇ ਮੂੰਹ ਡਿਗਿਆ ਪਿਆ ਸੀ। ਲਾਸ਼ਾਂ ਜਿਉਂ ਦੀਆਂ ਤਿਉਂ ਸਨ। ਖਿੜਕੀ ਨਾਲ ਬੰਨ੍ਹੀ ਡੋਰ ਸੱਜੇ ਹੱਥ 'ਚ ਫੜੀ। ਪਲ਼ੀਤੇ ਨੂੰ ਲਾਟ ਦਿਖਾਉਣ ਲਈ ਲਾਈਟਰ ਚੁੱਕਿਆ ਤਾਂ ਹੱਥ ਕੰਬਿਆ ...ਹੌਲ ਪਿਆ ...ਖੁਲ੍ਹੀ ਖਿੜਕੀ ਵੱਲ ਨਿਗ੍ਹਾ ਗਈ ...

ਹੇਠ ਗਲ਼ੀ ਵਿਚ ਕਿਤੇ ਨੂਰ ਪਿਆ ਸੀ ...ਧਰਮ ਦੀ ਸਰਹੱਦ ਦੇ ਪਰਲੇ ਪਾਰ ...ਨੂਰ ਜੀਹਨੇ ਦੁਸ਼ਮਣ ਦੇ ਸਿਪਾਹੀ ਨੂੰ ਮਾਰ ਕੇ ਮੁੜਦੇ ਮੁਖਤਿਆਰ ਦੀ ਘੁੱਟ ਕੇ ਬੰਨ੍ਹੀ ਬਾਂਹ 'ਚੋਂ ਖ਼ੂਨ ਨੁਚੜਦਾ ਦੇਖ ਕੇ ਕਿਹਾ ਸੀ-

"ਸਮੱਸਿਆ ਇਹ ਨੀ ਮੁਖਤਿਆਰ ਕਿ ਕੀਹਨੇ ਕੀਹਨੂੰ ਮਾਰਿਐ ...ਤੇਰੇ ਮੇਰੇ ਵਰਗਿਆਂ ਦੀ ਸਮੱਸਿਆ ਇਹ ਐ ਬਈ ਇਹ ਸਰਹੱਦਾਂ ਕਿੱਥੋਂ ਆ'ਗੀਆਂ ਸਾਡੇ 'ਚ ..." ਨੂਰ ਦਾ ਸਿਆਣਾ ਚਿਹਰਾ ਮੁਖਤਿਆਰ ਦੇ ਸਾਹਮਣੇ ਆ ਗਿਆ ...

ਪਲੀਤਾ ਉਹਦੇ ਹੱਥੋਂ ਛੁੱਟ ਗਿਆ। ਉਹਨੇ ਕਾਰੀਗਰ ਦੇ ਠੁੱਡਾ ਮਾਰਿਆ ...ਤੂੰ ...ਤੂੰ ਮਾਰਿਐ ਨੂਰ ਨੂੰ ...ਤੇ ਉਹਨੇ ਕਾਰੀਗਰ ਦੀ ਲਾਸ਼ ਖੁਲ੍ਹੀ ਖਿੜਕੀ 'ਚੋਂ ਗਲ਼ੀ 'ਚ ਵਗਾਹ ਮਾਰੀ।

ਇਸ ਨਾਲ ਉਹਨੂੰ ਹੋਰ ਸਮਾਂ ਮਿਲ ਜਾਣਾ ਸੀ ...

ਉਹਨੇ ਪਿਛਲੀ ਖਿੜਕੀ ਉਂਗਲ ਕੁ ਖੋਲ੍ਹ ਕੇ ਨਿਗ੍ਹਾ ਮਾਰੀ। ਦੂਰ ਤੱਕ ਗਰਿੱਡ ਖਾਲੀ ਪਿਆ ਸੀ। ਉਹਨੇ ਫੌਜ ਦੇ ਸੰਭਾਵਿਤ ਮੋਰਚਿਆਂ ਤੇ ਨਿਗ੍ਹਾ ਮਾਰੀ ਤੇ ਫੈਸਲਾ ਕਰ ਲਿਆ ...

ਅੱਗ ਲਗਿਆ ਪਲੀਤਾ ਪਹਿਲਾਂ ਸੁਲਘਿਆ ਤੇ ਫੇਰ ਸੱਪ ਵਾਂਗ ਫਰਾਟਾ ਜਿਹਾ ਮਾਰ ਕੇ ਸਿਖ਼ਰਲੀ ਪੌੜੀ ਤੇ 'ਕੱਠਾ ਜਿਹਾ ਹੋ ਗਿਆ। ਫੇਰ ਚੰਗਿਆੜੀ ਹੇਠ ਵੱਲ ਚੱਲ ਪਈ ...

ਪਹਿਲਾ ਵਿਸਫੋਟ ਹੋਣ ਤੋਂ ਪਹਿਲਾਂ ਮੁਖਤਿਆਰ ਕੋਲ ਦੋ ਮਿੰਟ ਸਨ। ਦੋ ਮਿੰਟਾਂ 'ਚ ਉਹਨੇ ਡੋਰ ਰਾਹੀਂ ਦੋ ਮੰਜਲਾਂ ਉਤਰਨਾ ਤੇ ਭੱਜ ਕੇ ਗਰਿਡ ਦੇ ਕੰਟਰੋਲ ਰੂਮ ਤੱਕ ਜਾਣਾ ਸੀ ...

ਅੱਖ ਦੇ ਫੋਰ 'ਚ ਮੁਖਤਿਆਰ ਨੇ ਗਰਿਲ ਖਿੱਚ ਕੇ ਅੰਦਰ ਲਾਹੀ, ਡੋਰ ਹੇਠ ਸੁੱਟੀ ਤੇ ਖਿੜਕੀ ਤੱਕ ਪਹਿਲੀ ਗੋਲ਼ੀ ਆਉਣ ਤੋਂ ਪਹਿਲਾਂ ਦਸ ਫੁੱਟ ਹੇਠ ਜਾ ਲਟਕਿਆ।

ਉਹਨੂੰ ਪਤਾ ਸੀ ਕਿ ਉਹਦਾ ਮੁਕਾਬਲਾ ਇਕ ਪਾਸੇ ਗੋਲ਼ੀਆਂ ਨਾਲ ਤੇ ਦੂਜੇ ਪਾਸੇ ਪੌੜੀਆਂ ਉਤਰਦੇ ਪਲੀਤੇ ਦੇ ਸਿਰੇ ਤੇ ਸੁਲਘਦੀ ਚੰਗਿਆੜੀ ਨਾਲ ਸੀ।

ਟੂੰਡ ਹੇਠ ਕੀਤਾ ਤਾਂ ਉਹਦੇ ਤੇ ਲਿਪਟੀ ਡੋਰੀ ਦੇ ਨਾਲ ਹੀ ਮਾਸ ਵੀ ਉੱਧੜ ਗਿਆ। ਅਜਿਹੇ ਮੌਕੇ ਲਈ ਤੈਅ ਕੀਤਾ ਗਿਆ ਕੰਟਰੋਲ ਰੂਮ ਦਾ ਦਰਵਾਜਾ ਬਾਹਰੋਂ ਬੰਦ ਸੀ। ਉਹਨੇ ਬੱਸ ਦਰਵਾਜ਼ੇ ਤੱਕ ਪਹੁੰਚਣਾ ਸੀ ...

ਉਹਨੇ ਕੰਧ ਨਾਲ ਲੱਤ ਲਾਈ ਤੇ ਝੂਟਾ ਲਿਆ। ਗੋਲ਼ੀਆਂ ਦੀ ਵਾਛੜ ਉੱਥੇ ਆ ਲੱਗੀ ਜਿੱਥੇ ਉਹ ਘੜੀ ਕੁ ਪਹਿਲਾਂ ਸੀ। ਇਕ ਹੁਲਾਰਾ ਹੋਰ ਤੇ ਉਹਨੇ ਉੱਤਰ ਕੇ ਅਹੁ ਜਾਣਾ ਸੀ...

...ਥੜਾਕ...

ਬਿਲਡਿੰਗ ਦੇ ਗਰਾਊਂਡ ਫਲੋਰ ਤੇ ਵਿਸਫੋਟ ਹੋਇਆ...

ਮੁਖਤਿਆਰ ਹੈਰਾਨ ਹੋਇਆ। ਉਤਰਨ ਦੇ ਸਮੇਂ 'ਚ ਉਹ ਇਧਰ ਉਧਰ ਝੂਲਣ ਦੇ ਸਮੇਂ ਨੂੰ ਜੋੜਨੋਂ ਉੱਕ ਗਿਆ ਸੀ। ਉਹ ਅਜੇ ਧਰਤੀ ਤੋਂ ਦਸ ਫੁੱਟ ਤੇ ਸੀ...

ਤੜਾਕ...ਤੜਾਕ...ਗਰਿਡ 'ਚੋਂ ਗੋਲੀਆਂ ਚੱਲੀਆਂ।

ਮੁਖਤਿਆਰ ਦੀ ਲਾਸ਼ ਲਹਿਰਾ ਕੇ ਕਈ ਫੁੱਟ ਦੂਰ ਜਾ ਡਿਗੀ।

ਫਿਰ ਇਕ ਭਿਆਨਕ ਵਿਸਫੋਟ ਹੋਇਆ ਤੇ ਧੂਏਂ-ਧੂੜ 'ਚ ਲੁਕੀ ਬਿਲਡਿੰਗ ਦੂਰ ਤੱਕ ਖਿਡ ਗਈ।

ਧੂਆਂ ਉਡਿਆ ਤੇ ਧੂੜ ਬੈਠ ਗਈ...

ਗਰਿਡ 'ਚੋਂ ਫੌਜ ਦੀ ਇਕ ਟੁਕੜੀ ਅਡਵਾਂਸ ਕਰਕੇ ਮਲਬੇ ਤੱਕ ਪਹੁੰਚੀ।

"ਲਾਂਸ ਨਾਇਕ ਨੂਰ...ਚੈੱਕ 'ਦ ਬਾਡੀ..."

ਕਮਾਂਡਰ ਦੇ ਹੁਕਮ ਤੇ ਨੂਰ ਦੋ ਜੁਆਨਾਂ ਨਾਲ ਅੱਗੇ ਵਧਿਆ। ਜੁਆਨਾ ਨੇ ਮਲਬੇ 'ਚੋਂ ਧੂਹ ਕੇ ਲਾਸ਼ ਸਿੱਧੀ ਕੀਤੀ...

ਨੂਰ ਦੇ ਕਾਲਜੇ 'ਚੋਂ ਰੁੱਗ ਭਰਿਆ ਗਿਆ। ਉਹਦੇ ਸਾਹਮਣੇ ਮੁਖਤਿਆਰ ਪਿਆ ਸੀ। ਉਹਦੀਆਂ ਚਲਾਈਆਂ ਗੋਲੀਆਂ ਮੁਖਤਿਆਰ ਦੀ ਛਾਤੀ ਦੇ ਪਾਰ ਨਿਕਲ ਗਈਆਂ ਸਨ। ਛਾਤੀ, ਜਿਹੜੀ ਫੁਲਾ ਕੇ ਜਦ ਮੁਖਤਿਆਰ ਬੋਲੀ ਪਾਉਂਦਾ ਤਾਂ ਹੇਕ ਦੂਰ ਤੱਕ ਸੁਣਦੀ।

ਓ...ਤਾਂਗਾ ਆ ਗਿਆ ਕਚਿਹਰੀਓਂ ਖ਼ਾਲੀ
ਮਿੱਤਰਾਂ ਨੂੰ ਕੈਦ ਬੋਲ'ਗੀ
ਨੀ ਜਿੰਦੇ ਮੇਰੀਏ...

ਮੁਖਤਿਆਰ ਨੂੰ ਕਹੀ ਹੋਈ ਉਹਦੀ ਆਖ਼ਰੀ ਗੱਲ ਨੇ ਨੂਰ ਦੇ ਕਾਲਜੇ ਦਾ ਰੁੱਗ ਭਰ ਲਿਆ–

"ਸੋ...ਜੁਆਨ...'ਦ ਫਾਈਟ ਬੀਗਿੰਜ਼ ਨਓ..."

ਨੂਰ ਨੇ ਸਿਰ ਝਟਕਿਆ। ਪਰ ਨਾ ਗੀਤ ਚੇਤੇ 'ਚੋਂ ਝਟਕ ਹੋਇਆ ਤੇ ਨਾ ਅੱਖਾਂ 'ਚੋਂ ਮੁਖਤਿਆਰ ਦਾ ਲਹੂ-ਲੁਹਾਣ ਚਿਹਰੇ 'ਚੋਂ ਝਾਕਦੀਆਂ ਅੱਖਾਂ।

"ਸੋ...ਤੂੰ ਲੜਾਈ ਹਾਰ ਗਿਆ ਸੀ...ਜੁਆਨ...ਯੂ ਲੌਸਟ "ਦ ਫਾਈਟ"

ਵਾਪਿਸ ਮੁੜਦੇ ਨੂਰ ਨੂੰ ਲੱਗਿਆ ਉਹ ਅਜੇ ਕੁਸ਼ ਹੋਰ ਕਹਿਣਾ ਚਾਹੁੰਦਾ ਸੀ...

ਉਹ ਮੁੜਿਆ ਤੇ ਮੁਖਤਿਆਰ ਦੀਆਂ ਅਜੇ ਤੱਕ 'ਭਖਦੀਆਂ' ਅੱਖਾਂ, ਤੇ ਰੱਸੇ ਨਾਲ ਛਿੱਲੀ ਹੋਈ ਬਾਂਹ ਦੇਖਦਿਆਂ ਉਹਨੇ ਉਹ ਗੱਲ ਕਹੀ ਜਿਹੜੀ ਹੁਣੇ ਉਹਨੇ ਮਹਿਸੂਸ ਕੀਤੀ ਸੀ।

"ਨਹੀਂ...'ਕੱਲਾ ਤੂੰ ਨਹੀਂ...ਅਸੀਂ ਸਾਰੇ ਇਹ ਲੜਾਈ ਹਾਰ ਗਏ ਹਾਂ...

ਹਾਰ ਰਹੇ ਹਾਂ...ਮੁਖਤਿਆਰ"

ਕਮਾਂਡਰ ਨੂੰ ਰਿਪੋਰਟ ਕਰਨ ਲਈ ਤੁਰੇ ਜਾਂਦੇ ਨੂੰ ਉਹਨੂੰ ਅਜੇ ਵੀ ਲੱਗ ਰਿਹਾ ਸੀ, ਉਹ ਗੱਲ ਨਹੀਂ ਕਹਿ ਹੋਈ ਜਿਹੜੀ ਉਹ ਅਸਲ 'ਚ ਕਹਿਣੀ ਚਾਹੁੰਦਾ ਸੀ...ਜਿਹੜੀ ਹੁਣੇ ਹੁਣੇ ਉਹਦੇ ਅੰਦਰ ਸੁਲਘੀ ਸੀ...



# ਤਿੰਨ ਗ਼ਜ਼ਲਾਂ/—ਕਵਿੰਦਰ ਚਾਂਦ

(1)

**ਦਿਸਦੀ ਨਹੀਂ ਹੈ**
ਆਜ਼ਾਦੀ ਹੈ ਮਗਰ ਦਿਸਦੀ ਨਹੀਂ ਹੈ
ਕਦੋਂ ਤਕ ਇਹ ਚਲਨ ਹੁੰਦੇ ਰਹਿਣਗੇ
ਕਦੋਂ ਤਕ ਏਸ ਧਰਤੀ ਮਾਂ ਦੇ ਜਾਏ
ਵਤਨ ਵਿਚ ਬੇਵਤਨ ਹੁੰਦੇ ਰਹਿਣਗੇ

ਬੜੇ ਹੀ ਹੀਰ ਦੇ ਕਿੱਸੇ ਸੁਣਾਈਏ
ਝਨਾਂ ਦੇ ਪਾਣੀਆਂ ਨੂੰ ਸਿਰ ਨਿਵਾਈਏ
ਘਰੀਂ ਪਰ ਜੰਮੀਆਂ ਹੀਰਾਂ ਦੇ ਸੁਪਨੇ
ਘਰਾਂ ਅੰਦਰ ਦਫ਼ਨ ਹੁੰਦੇ ਰਹਿਣਗੇ

ਅਜੇ ਵੀ ਜ਼ਿੰਦਗੀ ਦੀ ਅੱਖ ਰੋਵੇ
ਅਜੇ ਵੀ ਸੱਧਰਾਂ ਦਾ ਖ਼ੂਨ ਚੋਵੇ
ਜਦੋਂ ਤਕ ਆਦਮੀ ਇਨਸਾਨ ਬਣਨੈ
ਜ਼ਮੀਰਾਂ ਦੇ ਪਤਨ ਹੁੰਦੇ ਰਹਿਣਗੇ

ਵਪਾਰੀ ਨੇ ਤਾਂ ਸੌਦਾ ਵੇਚਣਾ ਹੈ
ਸਿਰਫ਼ ਅਪਣਾ ਮੁਨਾਫ਼ਾ ਦੇਖਣਾ ਹੈ
ਇਸੇ ਲਈ ਜੰਗ ਹੈ ਦੁਨੀਆਂ 'ਚ ਜਾਰੀ
ਅਮਨ ਦੇ ਸੌ ਯਤਨ ਹੁੰਦੇ ਰਹਿਣਗੇ

ਹਯਾ ਬਸ ਵਸਤਰਾਂ ਅੰਦਰ ਨਹੀਂ ਹੈ
ਇਸ ਸਾਡੇ ਆਪਣੇ ਅੰਦਰ ਪਈ ਹੈ
ਨਹੀਂ ਜੋ ਰੱਖਦੇ ਅੱਖਾਂ 'ਚ ਪਰਦਾ
ਸਣੇ ਵਸਤਰ ਨਗਨ ਹੁੰਦੇ ਰਹਿਣਗੇ

(2)

**ਢਾਂਚਾ ਬਦਲਣ ਵਾਲਾ ਹੈ**
ਹਰ ਸੀਨਾ ਧੁੱਖਦਾ ਧੁੱਖਦਾ ਹੈ
ਤੇ ਸੋਚਾਂ ਵਿਚ ਜਵਾਲਾ ਹੈ
ਇਕ ਚੀਜ਼ ਬਦਲਿਆਂ ਨਈਂ ਸਰਨਾ
ਇਹ ਢਾਂਚਾ ਬਦਲਣ ਵਾਲ਼ਾ ਹੈ

ਆਜ਼ਾਦ ਦੇਸ਼ ਦੇ ਵਾਸੀ ਹਾਂ
ਪਰ ਜ਼ਿਹਨ 'ਚ ਪਿੰਜਰੇ ਲਟਕੇ ਨੇ
ਸੰਸਦ ਵਿਚ ਗਹਿਮਾ ਗਹਿਮੀ ਹੈ
ਉਪਰਾਮ ਹੁਸੈਨੀ ਵਾਲਾ ਹੈ

ਕਰਮਾਂ ਧਰਮਾਂ ਦੇ ਉਹਲੇ 'ਚੋਂ
ਕਿਹੜਾ ਹੈ ਕੀ ਪਹਿਚਾਨ ਕਰਾਂ?
ਇਕ ਹੱਥ 'ਚ ਨੇ ਹਥਿਆਰ ਫੜੇ
ਤੇ ਦੂਜੇ ਦੇ ਵਿਚ ਮਾਲ਼ਾ ਹੈ

ਬੁੱਲ੍ਹਾਂ 'ਤੇ ਨਾਅਰੇ ਮੋਏ ਨੇ
ਸੋਚਾਂ 'ਤੇ ਪਹਿਰੇ ਜਾਰੀ ਨੇ
ਸਾਨੂੰ ਰਾਤ ਨਹੋਰੇ ਦਿੰਦੀ ਹੈ
ਅਜੇ ਕਾਫ਼ੀ ਦੂਰ ਉਜਾਲਾ ਹੈ

ਰਾਜੇ ਦੇ ਹਾਕਮ ਕਹਿੰਦੇ ਨੇ
ਮਜ਼ਦੂਰ ਤੇ ਹੈ ਹੁਣ ਖ਼ੁਸ਼ਹਾਲੀ
ਉਹਦੇ ਬਾਲ ਵੀ ਕੰਮ 'ਤੇ ਜਾਂਦੇ ਨੇ
ਤੇ ਮਿਲਦਾ ਰੋਜ਼ ਨਿਵਾਲਾ ਹੈ

(3)

**ਬਣ ਕੇ ਰਹਿਣਗੇ**

ਬਰਾਬਰ ਦੀ ਧਰਤੀ ਬਰਾਬਰ ਦੇ ਸੁਪਨੇ
ਬਰਾਬਰ ਦੇ ਅਧਿਕਾਰ ਬਣ ਕੇ ਰਹਿਣਗੇ
ਜੇ ਏਦਾਂ ਹੀ ਵਗਦਾ ਰਹੇਗਾ ਪਸੀਨਾ
ਕਰਿੰਦੇ ਜ਼ਮੀਂਦਾਰ ਬਣ ਕੇ ਰਹਿਣਗੇ

ਨਾ ਦਾਤੇ ਰਹਿਣਗੇ, ਨਾ ਦਾਸਾਂ ਦੀ ਮੰਡੀ
ਇਹ ਸਦੀਆਂ ਦੀ ਗਾਥਾ ਹੈ, ਟੁੱਟਣ ਕਿਨਾਰੇ
ਵਫ਼ਾ ਕਰਦਿਆਂ ਨੂੰ ਵਫ਼ਾ ਨਾ ਮਿਲੀ ਤਾਂ
ਕਦੋਂ ਤਕ ਵਫ਼ਾਦਾਰ ਬਣ ਕੇ ਰਹਿਣਗੇ

ਇਹ ਵਿਸ਼ਵਸੀਕਰਨ, ਮੰਡੀਆਂ ਦੇ ਛਲਾਵੇ
ਮੇਰੇ ਘਰ ਦੇ ਅੰਦਰ, ਘੁੱਸੀ ਜਾ ਰਹੇ ਨੇ
ਮਕਾਨਾਂ, ਦੁਕਾਨਾਂ 'ਤੇ ਕਬਜ਼ਾ ਇਨ੍ਹਾਂ ਦਾ
ਇਹ ਘਰ ਸਾਰੇ ਬਾਜ਼ਾਰ ਬਣ ਕੇ ਰਹਿਣਗੇ

ਹਵਾ ਐਸੀ ਬਦਲੀ ਕਿ ਹੁਣ ਸਾਰਿਆਂ ਨੂੰ
ਖ਼ਰੀਦੋ ਫ਼ਰੋਖ਼ਤ ਸਮਝ ਆ ਗਈ ਹੈ
ਜੋ ਵਿਕਦੇ ਰਹੇ ਕੌਡੀਆਂ ਭਾਅ ਹਮੇਸ਼ਾ
ਉਹੀ ਹੁਣ ਖ਼ਰੀਦਾਰ ਬਣ ਕੇ ਰਹਿਣਗੇ

ਜਦੋਂ ਇਲਮ ਨੇ ਅੱਗ ਸੀਨੇ 'ਚ ਬਾਲ਼ੀ
ਜਦੋਂ ਦੀਪ ਜਗਿਆ ਕੋਈ ਸੋਚ ਅੰਦਰ
ਜਿਹੜੇ ਹੱਥ ਮੰਗਦੇ ਰਹੇ ਨੇ ਖ਼ੈਰਾਤਾਂ
ਉਹੀ ਹੱਥ ਹਥਿਆਰ ਬਣ ਕੇ ਰਹਿਣਗੇ





# ਪਾਬਲੋ ਨੇਰੂਦਾ ਦੇ ਸ਼ੌਕ

*—ਮਾਤਿਲਦੇ ਅਰੂਤੀਆ (ਪਤਨੀ)*

ਪਾਬਲੋ ਜ਼ਰਾ ਵੀ ਲੁਕਾ ਨਹੀਂ ਰੱਖਦਾ ਸੀ। ਉਹ ਹਮੇਸ਼ਾ ਹੀ, ਜੋ ਉਸਦੇ ਦਿਲ ਵਿਚ ਆਉਂਦਾ, ਦੱਸ ਦਿੰਦਾ ਸੀ। ਮੈਂ ਉਸ ਬਾਰੇ ਸਭ ਗੱਲਾਂ ਜਾਣਦੀ ਸੀ ਜਿਸ ਕਾਰਨ ਸਾਡੇ ਵਿਚਕਾਰ ਪੱਕੀ ਮਿੱਤਰਤਾ ਸੀ। ਇਸ ਲਈ ਮੈਂ ਕੁਝ ਗੱਲਾਂ ਤੁਹਾਡੇ ਨਾਲ ਸਾਂਝੀਆਂ ਕਰਨੀਆਂ ਚਾਹੁੰਦੀ ਹਾਂ ਕਿ ਉਹ ਕਿਸ ਤਰ੍ਹਾਂ ਦਾ ਸੀ।

ਇਕ ਗੱਲ ਜਿਸ ਦਾ ਉਹ ਸਭ ਤੋਂ ਵੱਧ ਆਨੰਦ ਲੈਂਦਾ ਸੀ, ਉਹ ਮੈਨੂੰ ਮਖ਼ੌਲ ਕਰਨ ਬਾਰੇ ਸੀ। ਜਦ ਵੀ ਉਹ ਜੁਰਮਾਂ ਬਾਰੇ ਨਾਵਲ ਪੜ੍ਹਦਾ ਸੀ, ਤਾਂ ਉਹ ਮੈਨੂੰ ਕਹਾਣੀ ਦੇ ਸਭ ਤੋਂ ਜ਼ਰੂਰੀ ਭਾਗ ਸੁਣਾਉਂਦਾ ਸੀ, ਬੜੇ ਹੀ ਵਿਸਥਾਰ ਨਾਲ ਤੇ ਇਸ ਤਰ੍ਹਾਂ ਉਹ ਕੁਝ ਵਧਾ ਕੇ ਵੀ ਦੱਸਦਾ ਸੀ। ਉਹ ਉਤਸੁਕਤਾ ਨੂੰ ਬਹੁਤ ਵਧਾ ਦਿੰਦਾ ਸੀ ਤੇ ਮੈਨੂੰ ਇਹ ਦੱਸਣ ਤੋਂ ਪਹਿਲਾਂ ਕਿ ਅੰਤ ਉੱਤੇ ਕੀ ਵਾਪਰਿਆ, ਉਹ ਆਖਦਾ, "ਬਾਕੀ ਗੱਲ ਅੰਤ ਵਾਲੀ ਤੂੰ ਆਪੇ ਪੜ੍ਹੀਂ।" ਇੰਝ ਮੈਂ ਉਸ ਪੁਸਤਕ ਨੂੰ ਬੜੀ ਬੇਸਬਰੀ ਨਾਲ ਉਡੀਕਦੀ ਰਹਿੰਦੀ, ਜਿਸਨੂੰ ਉਸ ਨੇ ਖ਼ੁਦ ਹਾਲੀ ਮੁਕਾਇਆ ਨਹੀਂ ਸੀ ਹੁੰਦਾ। ਉਹ ਅਜੇਹੇ ਚੋਜਾਂ ਨਾਲ ਮੈਨੂੰ ਖ਼ੁਸ਼ ਕਰਦਾ ਸੀ।

ਉਸ ਦੀ ਮੌਤ ਤੋਂ ਬਾਅਦ ਮੇਰੇ ਕੋਲ਼ ਬਹੁਤ ਵਿਹਲਾ ਸਮਾਂ ਹੁੰਦਾ ਸੀ। ਉਸ ਪਰਪੱਕ ਹੋਏ ਬੰਦੇ ਦਾ ਧਿਆਨ ਰੱਖਣ ਵਿਚ ਮੇਰਾ ਸਾਰਾ ਸਮਾਂ ਲੱਗ ਜਾਂਦਾ ਸੀ, ਪਰ ਹੁਣ ਉਹ ਤੁਰ ਗਿਆ ਸੀ। ਉਸਦੀਆਂ ਆਰੰਭਿਕ ਲਿਖਤਾਂ ਨੂੰ ਪੁਰਾਣੀਆਂ ਅਖ਼ਬਾਰਾਂ ਅਤੇ ਪੱਤਰਕਾਵਾਂ ਵਿਚੋਂ ਤਲਾਸ਼ ਕਰਨ ਲਈ ਤੇ ਆਪਣੀ ਪੁਸਤਕਾਂ ਦੀ ਭੁੱਖ ਤ੍ਰਿਪਤ ਕਰਨ ਲਈ, ਮੈਂ ਕੌਮੀ ਲਾਇਬ੍ਰੇਰੀ ਵਿਚ ਜਾਣਾ ਸ਼ੁਰੂ ਕਰ ਦਿੱਤਾ। ਮੇਰੇ ਕੋਲ ਤੇਮੂਕੋ ਤੋਂ 'ਲਾ-ਮਨਾਸਾ' ਪੱਤ੍ਰਿਕਾ ਅਤੇ 'ਕੋਰੇਵੇਲਾ ਤੇ ਕਲੇਰੀਡਾਡ' ਪੱਤਰਕਰਾਵਾਂ ਆ ਗਈਆਂ। ਇਸ ਸੰਗ੍ਰਹਿ ਵਿਚ ਹੀ 'ਐਲ-ਰੋਈ ਇਨਵਿਜ਼ੀਬਲ" ਪੁਸਤਕ ਨੇ ਜਨਮ ਲਿਆ ਸੀ। ਇਸ ਸੰਗ੍ਰਹਿ ਵਿਚ ਉਹ ਉਦਾਸ ਤੇ ਦੁਖੀ ਲੜਕਾ ਪ੍ਰਤੀਤ ਹੁੰਦਾ ਸੀ। ਉਹ ਲੋਕਾਂ ਦੇ ਦਰਦ ਅਤੇ ਬੇਇਨਸਾਫ਼ੀ ਨੂੰ ਤੱਕ ਕੇ ਪੀੜਤ ਹੁੰਦਾ ਸੀ। ਉਸ ਨੇ ਭੁੱਖ ਨੂੰ ਨੇੜਿਓਂ ਹੋ ਕੇ ਤੱਕਿਆ ਸੀ ਅਤੇ ਇਸ ਪ੍ਰਤੀ ਕਦੇ ਵੀ ਬੇਪ੍ਰਵਾਹ ਨਹੀਂ ਹੁੰਦਾ ਸੀ। ਸਾਡੇ ਨਗਰਾਂ ਨੂੰ ਪਛੜੇਵਾਂ ਅਤੇ ਗਰੀਬੀ ਕੁਤਰਦੀ ਰਹਿੰਦੀ ਸੀ। ਇਹ ਉਸ ਦੀ ਜਵਾਨੀ ਦਾ ਸਮਾਂ ਸੀ, ਜਦੋਂ ਪਾਬਲੋ ਨੇ ਰੋਸ ਵਜੋਂ ਲਿਖਣਾ ਆਰੰਭ ਕੀਤਾ ਤੇ ਫਿਰ ਉਸਨੇ ਆਪਣੀ ਲਿਖਤ ਨੂੰ ਕਦੇ ਵੀ ਤਿਆਗਿਆ ਨਾ। ਭਾਵੇਂ ਉਹ ਸਰੀਰਕ ਤੌਰ 'ਤੇ ਕੰਮਜ਼ੋਰ ਸੀ, ਪਰ ਉਸਦੇ ਸ਼ਬਦ ਸਟੀਲ ਦੇ ਬਣੇ ਹੁੰਦੇ ਸਨ। ਕੋਈ ਵੇਰਵਾ ਉਸ ਕੋਲੋਂ ਬਚਿਆ ਨਹੀਂ ਸੀ ਰਹਿੰਦਾ। ਉਸ ਦੀਆਂ ਅੱਖਾਂ ਸਦਾ ਹੀ ਖੁੱਲ੍ਹੀਆਂ ਰਹਿੰਦੀਆਂ ਸਨ। ਇਹ ਸੰਭਵ ਸੀ ਕਿ ਕਈ ਗੱਲਾਂ ਉਹ ਇਸ ਤਰ੍ਹਾਂ ਨਹੀਂ ਸੀ ਵੇਖਦਾ ਜਿਵੇਂ ਕਿ ਉਹ ਹੁੰਦੀਆਂ ਸਨ, ਪਰ ਉਹ ਨਿਰਸੰਦੇਹ ਚੰਗੀ ਤਰ੍ਹਾਂ ਜਾਣਦਾ ਸੀ, ਜੋ ਉਸਦੀ ਇੱਛਾ ਹੁੰਦੀ ਸੀ। ਇਸ ਵਿਸ਼ਵਾਸ ਨਾਲ ਉਸਨੇ ਕਈ ਰੁਕਾਵਟਾਂ ਅਤੇ ਔਕੜਾਂ ਉੱਤੇ ਕਾਬੂ ਪਾ ਲਿਆ ਸੀ, ਜਿਹੜੀਆਂ ਉਂਝ ਉਸ ਨੂੰ ਆਪਣੇ ਰਾਹ ਤੋਂ ਭਟਕਾ ਸਕਦੀਆਂ ਸਨ, ਜਾਂ ਉਸ ਦੀ ਪ੍ਰੇਰਨਾ ਦਾ ਗਲਾ ਘੁੱਟ ਸਕਦੀਆਂ ਸਨ। ਉਸਦੀ ਭਾਵੁਕ ਬਣਤਰ ਦੋਹਰੀ ਤਰ੍ਹਾਂ ਤਗੜੀ ਸੀ ਅਤੇ ਉਹ ਆਪਣੇ ਸੁਪਨਿਆਂ ਦੇ ਸੰਸਾਰ ਨੂੰ ਦ੍ਰਿੜਤਾ ਅਤੇ ਅਡੋਲਤਾ ਨਾਲ ਬਚਾ ਸਕਦਾ ਸੀ ਅਤੇ ਪਿੱਛੋਂ ਆਪਣਿਆਂ ਅਸੂਲਾਂ ਨੂੰ ਵੀ।

ਪਾਬਲੋ ਦੀ ਜ਼ਿੰਦਗੀ ਵਿਚ ਇਕ ਘਟਨਾ ਵਾਪਰੀ ਸੀ, ਜੋ ਬਚਪਨ ਦੀ ਬੜੀ ਸੁੰਦਰ ਯਾਦ ਸੀ, ਜਿਸਨੂੰ ਉਹ ਕਮਾਲ ਦੇ ਹੁਨਰ ਨਾਲ਼, ਆਪਣੀਆਂ ਸਿਮ੍ਰਤੀਆਂ ਵਿਚ ਬਿਆਨ ਕਰਦਾ ਹੁੰਦਾ ਸੀ। ਉਹ ਤੇਮੂਕੋ ਵਿਚ ਇਕੱਲਾ-ਕਾਰਾ ਬੱਚਾ ਵੱਡਾ ਹੋ ਰਿਹਾ ਸੀ ਅਤੇ ਇਕ ਦਿਨ ਬਾਗ ਦੀ ਵਾੜ ਵਿਚੋਂ ਦੀ ਇਕ ਭੇਤ-ਭਰਿਆ ਹੱਥ ਇਕ ਮੋਰੀ ਰਾਹੀਂ ਉਸ ਕੋਲ ਅੱਪੜਿਆ ਸੀ, ਜੋ ਇਕ ਲੇਲੇ ਦਾ ਨਿੱਕਾ ਖਿਡੌਣਾ ਉਥੇ ਰੱਖ ਗਿਆ ਸੀ।

ਇਕ ਵਾਰ ਮੈਂ ਪਾਬਲੋ ਨੂੰ ਪੁੱਛਿਆ ਸੀ ਕਿ ਭੇਡ ਦਾ ਉਹ ਲੇਲਾ, ਜਿਸਨੇ ਉਸ ਉੱਤੇ ਏਨਾ ਜਾਦੂ ਕਰ ਦਿੱਤਾ ਸੀ, ਕਿਸ ਤਰ੍ਹਾਂ ਦਾ ਦਿਖਾਈ ਦਿੰਦਾ ਸੀ। "ਇਹ ਸੰਸਾਰ ਦੀ ਸਭ ਤੋਂ ਸੁੰਦਰ ਭੇਡ ਸੀ" ਉਸ ਨੇ ਦੱਸਿਆ। "ਇਸ ਦੇ ਤਿੰਨ ਪਹੀਏ ਸੀ, ਇਕ ਪਹੀਆ ਕਿਤੇ ਗਵਾਚ ਗਿਆ ਸੀ ਤੇਮੂਕੋਂ ਵਿਚ ਜੋ ਅੱਗਾਂ ਲੱਗਦੀਆਂ ਰਹਿੰਦੀਆਂ ਸਨ ਉਹਨਾਂ ਵਿਚੋਂ ਕਿਸੇ ਇਕ ਵਿਚ ਇਹ ਭੇਡ ਗਵਾਚ ਗਈ ਸੀ। ਪਿੱਛੋਂ ਮੈਨੂੰ ਧੀਰਜ ਨਹੀਂ ਸੀ ਆਇਆ ਤੇ ਨਾ ਹੀ ਮੈਂ ਮੰਨਿਆ ਕਿ ਇਹ ਗਵਾਚ ਗਈ ਸੀ।"

ਇਕ ਰਾਤ ਜਦੋਂ ਅਸੀਂ ਕ੍ਰਿਸਮਿਸ-ਦਿਵਸ ਉੱਤੇ ਕੋਡੇ-ਸੂਰ ਈਟਨ ਦੀਆਂ ਗਲੀਆਂ ਵਿਚ ਘੁੰਮ ਰਹੇ ਸੀ, ਪਾਬਲੋ ਅਚਾਨਕ ਹੀ ਖਿਡੌਣਾ ਦੇਖ ਕੇ ਇਕ-ਸਟੋਰ ਦੀ ਬਾਰੀ ਸਾਹਮਣੇ ਅਟਕ ਗਿਆ ਤੇ ਤਰਲਾ ਕਰਨ ਲੱਗਾ "ਉਹ ਮੇਰੇ ਲਈ ਖਰੀਦ ਲੈ, ਉਹ ਇੱਕੋ ਭੇਡ ਮੈਨੂੰ ਲੈ ਦੇ।" ਇਹ ਉੱਨ ਦੀ ਭੇਡ ਹੱਥ ਦੀ ਬਣੀ ਹੋਈ ਸੀ। ਮੈਂ ਇਹ ਖਰੀਦ ਲਈ ਅਤੇ ਹੈਰਾਨੀ ਵਿਚ ਇਸ ਨੂੰ ਬੜੀ ਦੇਰ ਤੀਕ ਤੱਕਦੀ ਰਹੀ। "ਇਹ ਬਿਲਕੁਲ ਉਸ ਤਰ੍ਹਾਂ ਦੀ, ਜਿਸ ਤਰ੍ਹਾਂ ਦੀ ਵਾੜ ਵਿਚਲੀ ਸੀ।" ਉਸ ਨੇ ਆਖਿਆ। "ਇਹ ਬਿਲਕੁਲ ਉਸ ਜੇਹੀ ਹੈ, ਜੋ ਮੈਂ ਕਦੇ ਨਹੀਂ ਵੇਖੀ।"

ਇਹ ਹੁਣ ਇਕ ਵਿਸ਼ੇਸ਼ ਥਾਂ ਉੱਤੇ ਸਾਡੇ ਈਸ਼ਲਾ ਨੇਗਰਾਵੇਲ ਸੌਣ-ਕਮਰੇ ਵਿਚ ਟਿਕਾਈ ਹੋਈ ਹੈ। ਇਹ ਮੇਰੀਆਂ ਸਭ ਤੋਂ ਮਨਪਸੰਦ ਚੀਜ਼ਾਂ ਵਿੱਚੋਂ ਇਕ ਹੈ।

ਹਰ ਸਾਲ ਈਸਲਾ ਨੇਗਰਾ ਵਿਚ ਨਿਰੰਤਰ ਮੀਂਹ ਪੈਂਦਾ ਹੈ ਤੇ ਇਸ ਬਾਰਸ਼ ਨਾਲ ਕਈ ਵਾਰ ਰੁੱਖਾਂ ਉੱਤੋਂ ਪੰਛੀਆਂ ਦੇ ਆਹਲਣੇ ਡਿੱਗ ਪੈਂਦੇ ਹਨ। ਪਾਬਲੋ ਇਹਨਾਂ ਮਰ ਰਹੇ ਨਿੱਕੇ ਬੋਟਾਂ ਨੂੰ ਚੁੱਕ ਲੈਂਦਾ ਤੇ ਆਪਣੇ ਹੱਥਾਂ ਵਿਚ ਫੜ ਕੇ ਦੁਨੀਆਂ ਦਾ ਸਾਰਾ ਨਿੱਘ ਪ੍ਰਦਾਨ ਕਰਦਾ। ਉਹ ਬੜੀ ਕਾਰੀਗਰੀ ਨਾਲ ਤੇ ਸਹਿਜ ਨਾਲ ਉਹਨਾਂ ਦੀਆਂ ਚੁੰਝਾਂ ਨੂੰ ਖੋਹਲਦਾ ਤੇ ਉਹਨਾਂ ਦੇ ਮੂੰਹਾਂ ਵਿਚ ਖੁਰਾਕ ਦੇ ਟੁਕੜੇ ਪਾਉਂਦਾ, ਜਿਵੇਂ ਕਿ ਉਹਨਾਂ ਬੋਟਾਂ ਦੀਆਂ ਮਾਵਾਂ ਕਰਦੀਆਂ ਸਨ। ਮੈਂ ਪਾਬਲੋ ਤੋਂ ਸਿਵਾਏ ਕਿਸੇ ਹੋਰ ਨੂੰ ਇਹਨਾਂ ਨਿੱਕੇ ਬੋਟਾਂ ਨੂੰ ਖੁਰਾਕ ਖਵਾਉਂਦੇ ਨਹੀਂ ਵੇਖਿਆ। ਵਕਤ ਬੀਤ ਜਾਂਦਾ ਤੇ ਮਾਂ-ਪੰਛੀ ਆਪਣੇ ਨਿੱਕੇ ਬੱਚਿਆਂ ਦੀ ਤਲਾਸ਼ ਵਿਚ ਵਾਪਸ ਪਰਤਦੀ। ਪਰ ਇਹ ਨਿੱਕੇ ਬੱਚੇ ਉਸ ਨਾਲ ਨਾ ਜਾਂਦੇ। ਉਹ ਸਾਡੇ ਬਾਗ਼ ਵਿਚ ਖੰਭ ਫੜਫੜਾਉਂਦੇ ਰਹਿੰਦੇ। ਪਾਬਲੋ ਉਨ੍ਹਾਂ ਲਈ ਖੁਰਾਕ ਤੇ ਪਾਣੀ ਰੱਖ ਦਿੰਦਾ। ਫਿਰ ਕਦੇ ਵਕਤ ਆਉਂਦਾ, ਜਦੋਂ ਇਹ ਬੱਚੇ ਆਪਣੇ ਖੰਭਾਂ ਨਾਲ ਜੰਗਲ ਵੱਲ ਉੱਡ ਜਾਂਦੇ ਤੇ ਬਚ ਕੇ ਅਸਮਾਨ ਵਿਚ ਉਡਾਰੀਆਂ ਲਾਉਂਦੇ।

ਬਹਾਰ ਦੀ ਰੁੱਤੇ ਅਸੀਂ ਕੰਬਲ ਲੈਂਦੇ ਤੇ ਦਿਨ ਚੜ੍ਹਨ ਤੋਂ ਪਹਿਲਾਂ ਅਸੀਂ ਏਸਲਾ ਨੇਗਰਾ ਦੀ ਕਿਸੇ ਨਦੀ ਕਿਨਾਰੇ ਜਾ ਪਹੁੰਚਦੇ। ਅਸੀਂ ਬਹੁਤ ਹੀ ਹੌਲੀ ਹੌਲੀ ਤੁਰਦੇ ਤੇ ਚੁੱਪ-ਚਾਪ ਜਾ ਬੈਠਦੇ। ਛੇਤੀ ਹੀ ਹੈਰਾਨੀ-ਜਨਕ ਕਲਪਣਾ ਤੋਂ ਪਰ੍ਹੇ ਇਕ ਕੰਬਦੀ ਹੋਈ ਆਵਾਜ਼ ਦਾ ਸੰਗੀਤ ਆਰੰਭ ਹੋ ਜਾਂਦਾ ਜਿਸ ਵਿਚ ਅਣਗਿਣਤ ਵੰਨਗੀਆਂ ਦਾ ਸੁਮੇਲ ਹੁੰਦਾ। ਕਈ ਸਾਜ਼ ਵੱਜਦੇ ਪ੍ਰਤੀਤ ਹੁੰਦੇ ਤੇ ਖੰਭਾਂ ਵਾਲਾ ਆਰਕੈਸਟਰਾ ਹੁੰਗਾਰਾ ਭਰਦਾ। ਇੰਝ ਪਾਬਲੋ ਦੀ ਪੁਸਤਕ "ਪੰਛੀਆਂ ਦੀ ਕਲਾ" ਦਾ ਜਨਮ ਹੋਇਆ।

ਈਸਲਾ ਨੇਗਰਾ ਵਿਚ ਇਕ ਝੀਲ ਸੀ, ਜਿੱਥੇ ਕਾਲ਼ੀ-ਗਰਦਨ ਵਾਲੇ ਹੰਸ ਹੁੰਦੇ ਸਨ। ਅਸੀਂ ਅਕਸਰ ਹੀ ਉਹਨਾਂ ਨੂੰ ਵੇਖਣ ਜਾਂਦੇ, ਖ਼ਾਸ ਕਰਕੇ ਧੁੱਪਾਂ ਵਾਲੇ ਦਿਨਾਂ ਨੂੰ ਜਦੋਂ ਛੋਟੇ ਬੱਚੇ-ਹੰਸ, ਆਪਣੀਆਂ ਮਾਵਾਂ ਦੇ ਨਾਲ਼ ਖੁਰਾਕ ਲੱਭਣ ਸਿੱਖਣ ਲਈ ਤਰਦੇ ਹੁੰਦੇ। ਉਹ ਇਕ ਦੋ ਵਾਰ ਪਾਣੀ ਵਿਚ ਆਪਣੀਆਂ ਗਰਦਨਾਂ ਡੁਬੋਂਦੇ ਤਾਂ ਕਿ ਖੁਰਾਕ ਲੱਭ ਸਕਣ, ਪਰ ਉਹਨਾਂ ਨੂੰ ਕੁਝ ਨਾ ਲੱਭਦਾ। ਉਹਨਾਂ ਨੂੰ ਵੇਖਣ ਵਿਚ ਬੜਾ ਆਨੰਦ ਆਉਂਦਾ। ਵਾਰੀ ਸਿਰ ਮਾਂ-ਹੰਸਣੀ ਬੜੀ ਸ਼ਾਨ ਅਤੇ ਸਿਆਣਪ ਨਾਲ ਆਪਣੀ ਲੰਮੀ ਕਾਲ਼ੀ ਗਰਦਨ ਪਾਣੀ ਵਿਚ ਡੁਬੋਂਦੀ ਤੇ ਕੁਝ ਨਾ ਕੁਝ ਕੱਢ ਕੇ ਲਿਆਉਂਦੀ ਜੇ ਸਾਡੇ ਕੋਲ਼ ਵੇਖਣ ਲਈ ਵਕਤ ਨਾ ਹੁੰਦਾ, ਕਿਉਂਕਿ ਹਾਬੜੇ ਹੋਏ ਬੱਚੇ, ਬਿਜਲੀ ਦੀ ਤੇਜ਼ੀ ਨਾਲ ਉਹਨਾਂ ਨੂੰ ਖਾਣ ਲਈ ਖੋਹ ਲੈਂਦੇ।



ਇਕ ਵੇਰ ਕੋਈ ਅਸਚਰਜ ਗੱਲ ਵਾਪਰੀ। ਅਸੀਂ ਆਪਣੇ ਹੰਸਾਂ ਨੂੰ ਤੱਕਣ ਗਏ। ਅਸੀਂ ਉਹਨਾਂ ਨੂੰ ਆਪਣੇ ਹੀ ਸਮਝਦੇ ਹੁੰਦੇ ਸੀ। ਪਰ ਸਾਨੂੰ ਨਿਰਾਸਤਾ ਹੋਈ, ਕਿਉਂਕਿ ਉਥੇ ਕੁਝ ਵੀ ਨਹੀਂ ਸੀ ਉਹ ਸਾਰੇ ਹੀ ਅਲੋਪ ਸਨ। ਅਸੀਂ ਬੜੀ ਬੇਸਬਰੀ ਨਾਲ ਉਸ ਬੰਦੇ ਦੀ ਤਲਾਸ਼ ਕੀਤੀ, ਜੋ ਇਸ ਜਾਇਦਾਦ ਦੀ ਰਖਵਾਲੀ ਕਰਦਾ ਹੁੰਦਾ ਸੀ।

"ਡੋਨ-ਪਾਬਲੋ, ਚਿੰਤਾ ਨਾ ਕਰੋ।" ਉਸ ਨੇ ਕਿਹਾ, "ਉਹ ਵਾਪਸ ਆ ਜਾਣਗੇ।" ਝੀਲ ਵਿਚ ਪਾਣੀ ਦਾ ਪੱਧਰ ਏਨਾ ਹੇਠਾਂ ਚਲਾ ਗਿਆ ਸੀ, ਜਿਸ ਕਾਰਨ ਹੰਸਾਂ ਲਈ ਉਥੇ ਕਾਫ਼ੀ ਖੁਰਾਕ ਨਹੀਂ ਰਹਿ ਗਈ ਸੀ। ਇਹ ਉਹ ਸਾਲ ਸੀ, ਜਦੋਂ ਕਈ ਝੀਲਾਂ ਸੁੱਕ ਗਈਆਂ ਸਨ ਤੇ ਨਾਲ ਹੀ ਪਾਣੀ ਦੇ ਸੋਮੇ, ਕਿਉਂਕਿ ਉਸ ਸਾਲ਼ ਸੋਕਾ ਪੈ ਗਿਆ ਸੀ। ਅਗਲੇ ਸਾਲ ਹਰ ਗੱਲ ਸਾਧਾਰਨ ਹੋ ਗਈ ਤੇ ਹੰਸ ਵਾਪਸ ਪਰਤ ਆਏ, ਅਸੀਂ ਉਤਸ਼ਾਹ ਵਿਚ ਆ ਗਏ। ਆਪਣੇ ਹੰਸਾਂ ਤੋਂ ਬਿਨਾਂ ਅਸੀਂ ਕੀ ਕਰਨਾ ਸੀ ?

ਹਰ ਸਾਲ, ਜਦੋਂ ਨਵਾਂ ਸਾਲ ਨੇੜੇ ਆ ਰਿਹਾ ਹੁੰਦਾ ਤਾਂ ਪਾਬਲੋ ਬੜੇ ਉਤਸ਼ਾਹ ਵਿਚ ਆ ਜਾਂਦਾ, ਮੁੱਖ ਤੌਰ 'ਤੇ ਇਸ ਕਾਰਨ ਕਿ ਉਸਨੂੰ ਹਰ ਤਰ੍ਹਾਂ ਦੀ ਆਤਸ਼ਬਾਜ਼ੀ ਪਸੰਦ ਹੁੰਦੀ ਸੀ। ਸਵੇਰੇ ਸਵੱਖਤੇ ਤੋਂ ਸ਼ੁਰੂ ਹੋ ਕੇ, ਉਸ ਦੇ ਮਿੱਤਰ ਸਾਡੇ ਘਰ ਆ ਜਾਂਦੇ। ਹਰ ਇਕ ਨੇ ਕੁਝ ਨਾ ਕੁਝ ਤਿਆਰ ਕੀਤਾ ਹੁੰਦਾ। ਮਿਸਾਲ ਵਜੋਂ ਮੈਂ ਕਾਗਜ਼ ਦੇ ਫੁੱਲ ਕਾਗਜ਼ ਨੂੰ ਕੱਟ ਕੇ ਬਣਾਉਂਦੀ ਤੇ ਘਰ ਨੂੰ ਸਜਾ ਦਿੰਦੀ। ਏਥੋਂ ਤੀਕ ਕੇ ਬਾਗ਼ ਨੂੰ ਵੀ। ਪਾਬਲੋ ਅਤੇ ਕੁਝ ਮਿੱਤਰ ਮਿੱਟੀ ਵਿਚ ਕੁਝ ਬੋਤਲਾਂ ਗੱਡ ਦਿੰਦੇ, ਜਿੱਥੋਂ ਉਹ ਇਹਨਾਂ ਨੂੰ ਆਤਸ਼ਬਾਜ਼ੀ ਚਲਾਉਣ ਲਈ ਵਰਤਦੇ।

ਨਵੇਂ ਸਾਲ ਦੀ ਇਕ ਸ਼ਾਮ ਨੂੰ ਇਕ ਆਤਸ਼-ਗੋਲ਼ਾ ਪਾਬਲੋ ਦੇ ਹੱਥ ਵਿਚ ਫਟ ਗਿਆ, ਕਿਉਂਕਿ ਅਜਿਹੀਆਂ ਚੀਜ਼ਾਂ ਲਈ ਉਸ ਕੋਲ਼ ਕੋਈ ਹੁਨਰ ਨਹੀਂ ਸੀ। ਉਹ ਬੱਸ ਇਹਨਾਂ ਨੂੰ ਆਪਣੇ ਹੱਥਾਂ ਵਿਚ ਫੜ ਕੇ ਚਲਾਉਣਾ ਚਾਹੁੰਦਾ ਤੇ ਹਵਾ ਵਿਚ ਸੁੱਟਣਾ ਚਾਹੁੰਦਾ ਸੀ। ਇਹ ਮੰਨਣ ਵਿਚ ਆਉਣ ਵਾਲ਼ੀ ਗੱਲ ਨਹੀਂ ਸੀ। ਅਗਲੇ ਦਿਨ ਉਸਨੇ ਵਾਰਸ਼ਕ ਦੌਰੇ ਉੱਤੇ ਦੱਖਣ ਨੂੰ ਜਾਣਾ ਸੀ। ਉਹ ਜ਼ਖਮੀ ਹੱਥ ਨਾਲ ਜਾਣ ਲਈ ਜ਼ਿੱਦ ਕਰ ਰਿਹਾ ਸੀ। ਮੈਨੂੰ ਚਿੰਤਾ ਸੀ ਕਿਉਂਕਿ ਅਸੀਂ ਇਕ ਨਿੱਕੇ ਕਸਬੇ ਵਿਚ ਜਾਣਾ ਸੀ, ਜਿੱਥੇ ਕੋਈ ਨਰਸ ਵੀ ਨਹੀਂ ਸੀ। ਨਵੇਂ ਸਾਲ ਦੀ ਪਾਰਟੀ ਦੀ ਸਾਰੀ ਸ਼ਾਮ ਉਹ ਮੈਨੂੰ ਸਹਿਜ ਨਾਲ ਯਾਦ ਕਰਾਉਂਦਾ ਰਿਹਾ, "ਇਸਦੀ ਕੋਈ ਪੀੜ ਨਹੀਂ ਹੁੰਦੀ। ਕੋਈ ਪੀੜ ਨਹੀਂ ਹੁੰਦੀ ਇਸਦੀ।"

ਉਸ ਦਿਨ ਤੋਂ ਲੱਗ ਕੇ, ਮੈਂ ਸਾਡੀਆਂ ਪਾਰਟੀਆਂ ਵਿਚ ਆਤਸ਼-ਬਾਜ਼ੀਆਂ ਲਿਆਉਣੀਆਂ ਬੰਦ ਕਰ ਦਿੱਤੀਆਂ। ਪਰ ਇਹ ਹੁਕਮ ਲਾਗੂ ਕਰਨੇ ਮੁਸ਼ਕਿਲ ਸਨ। ਪਾਬਲੋ ਇਹ ਪਤਾ ਕਰਨ ਲਈ ਕੋਈ ਦੂਤ ਭੇਜਦਾ ਕਿ ਮੈਂ ਕਿੱਥੇ ਹਾਂ, ਤੇ ਮੈਥੋਂ ਚੋਰੀ ਉਹ ਅੱਗੇ ਨਾਲੋਂ ਵੱਧ ਪਟਾਕੇ ਚਲਾਉਂਦਾ। ਜਿਸ ਪਲ਼ ਉਸਦੇ ਪਟਾਕੇ ਹੱਦੋਂ ਵਧ ਜਾਂਦੇ, ਤਾਂ ਇਹ ਉਸ ਲਈ ਹੋਰ ਖਿੱਚ-ਭਰਪੂਰ ਹੋ ਜਾਂਦੇ।

ਪਾਬਲੋ ਆਪਣੇ ਯੁੱਗ ਦਾ ਇਤਿਹਾਸਕਾਰ ਸੀ। ਉਹ ਜੋ ਵੀ ਤਜਰਬਾ ਕਰਦਾ, ਉਹ ਉਸ ਦੀ ਕਵਿਤਾ ਵਿਚ ਦਸਤਾਵੇਜ਼ ਬਣ ਜਾਂਦਾ। ਜਦ ਵੀ ਮੈਂ ਉਸਦੀ ਕਵਿਤਾ ਪੜ੍ਹਦੀ, ਤਾਂ ਮੈਨੂੰ ਆਪਣੇ ਜੀਵਨ ਦੇ ਉਹ ਭਾਗ ਯਾਦ ਆ ਜਾਂਦੇ, ਜੋ ਮੈਨੂੰ ਭੁੱਲ ਚੁੱਕੇ ਹੁੰਦੇ ਸਨ। ਪਰ ਜੋ ਚੀਜ਼ ਉਸ ਦੀ ਲਿਖਤ ਵਿਚ ਸਪੱਸ਼ਟ ਦਿਸਦੀ ਹੁੰਦੀ ਸੀ।

ਆਪਣੀ ਮਹਾਨ ਲਗਨ ਕਾਰਨ, ਉਹ ਚਿੱਲੀ ਹੁੰਦੀ ਸੀ। ਉਹ ਚਿੱਲੀ ਦਾ ਪ੍ਰਭਾਵਸ਼ਾਲੀ ਸ਼ਾਗਿਰਦ ਸੀ। ਜਦ ਅਸੀਂ ਸਫ਼ਰ ਕਰ ਰਹੇ ਹੁੰਦੇ ਤੇ ਅਸੀਂ ਹੌਲ਼ੀ ਹੌਲ਼ੀ ਕਰਦੇ ਸੀ ਤੇ ਹਰ ਪਿੰਡ ਵਿਚ ਠਹਿਰਦੇ ਅਟਕਦੇ ਤੇ ਜਿੰਨਾ ਸੰਭਵ ਹੁੰਦਾ ਵੇਖਦੇ। ਖ਼ਾਸ ਤੌਰ ਤੇ ਮੇਲਿਆਂ ਤੇ ਮੰਡੀਆਂ ਵੇਲੇ, ਜਿਹੜੀਆਂ ਉਸਦੇ ਵਿਚਾਰ ਅਨੁਸਾਰ, ਕਿਸੇ ਥਾਂ ਦੇ ਜੀਵਨ ਨੂੰ ਵੇਖਣ ਤੇ ਸਿੱਖਣ ਲਈ ਸਭ ਤੋਂ ਵਧੀਆਂ ਥਾਵਾਂ ਹੁੰਦੀਆਂ ਹਨ। ਉਹ ਸਦਾ ਹੀ ਲੰਮੀ ਵਾਰਤਾਲਾਪ ਸ਼ੁਰੂ ਕਰਦਾ, ਜਿਨ੍ਹਾਂ ਰਾਹੀਂ ਲੋਕ ਆਪਣੇ ਕੌੜੇ ਤੇ ਕੁਝ ਖੁਸ਼ੀ ਦੀਆਂ ਗੱਲਾਂ ਨੂੰ ਚੇਤੇ ਕਰਦੇ। ਬੜੇ ਜੋਸ਼ ਨਾਲ ਉਹ ਲੋਕਾਂ ਦੀਆਂ ਬਣਾਈਆਂ ਕਲਾ-ਕਿਰਤੀਆਂ

ਦਾ ਅਧਿਐਨ ਕਰਦਾ। ਉਹ ਉਹਨਾਂ ਦੇ ਥਕਾ ਦੇਣ ਵਾਲੇ ਕੰਮ ਦੀ ਪ੍ਰਸੰਸਾ ਕਰਦਾ ਤੇ ਬਹੁਤ ਉਤਸੁਕਤਾ ਨਾਲ ਇਹ ਜਾਨਣ ਦਾ ਯਤਨ ਕਰਦਾ ਕਿ ਉਹ ਕੀ ਕੰਮ ਕਰਦੇ ਹਨ।

ਪਾਬਲੋ ਦੀ ਹਰ ਗੱਲ ਵਿਚ ਦਿਲਚਸਪੀ ਹੁੰਦੀ ਸੀ। ਪਿੱਛੋਂ ਇਹ ਸਾਰੀਆਂ ਗੱਲਾਂ ਉਸ ਦੀ ਕਵਿਤਾ ਵਿਚ ਘੁਲ਼-ਮਿਲ਼ ਜਾਂਦੀਆਂ।

ਚਿੱਲੀ ਦੇ ਲਗਭਗ ਹਰ ਪਿੰਡ ਵਿਚ ਪਾਬਲੋ ਆਪਣੀ ਕਵਿਤਾ ਸੁਣਾਉਂਦਾ ਸੀ। ਉਸਨੂੰ ਆਪਣੇ ਸਰੋਤਿਆਂ ਨਾਲ ਸਿੱਧਾ ਸੰਪਰਕ ਜੋੜਨ ਦੀ ਬੜੀ ਲੋੜ ਹੁੰਦੀ ਸੀ ਤੇ ਉਹ ਆਖਿਆ ਕਰਦਾ ਸੀ ਕਿ ਕਵੀ ਦਾ ਇਹ ਕਰਤੱਵ ਹੈ ਕਿ ਉਹ ਆਪਣੇ ਸਰੋਤੇ ਕੋਲ ਪਹੁੰਚੇ ਤੇ ਉਹਨਾਂ ਪ੍ਰਾਈਵੇਟ ਰੋਕਾਂ ਨੂੰ ਤੋੜੇ, ਜੋ ਲੇਖਕ ਆਪਣੇ ਦੁਆਲੇ ਬਣਾ ਲੈਂਦੇ ਹਨ। ਉਹ ਵਿਸ਼ੇਸ਼ ਤੌਰ 'ਤੇ ਸੰਗੀਤਮਈ ਕਵਿਤਾ ਦੀ ਸ਼ੈਲੀ ਨੂੰ ਪਸੰਦ ਕਰਦਾ ਸੀ। ਇਹ ਇਕ ਤਰ੍ਹਾਂ ਦੀ ਢਾਡੀ ਪਰੰਪਰਾ ਵੀ ਪੁਨਰ-ਸੁਰਜੀਤੀ ਸੀ। ਉਹ ਪਬਲਿਕ ਵਿਚ ਖੁੱਲ੍ਹੇ ਆਮ ਕਵਿਤਾ ਪੜ੍ਹਨੀ ਚਾਹੁੰਦਾ ਸੀ ਕਿਉਂਕਿ ਉਸਦਾ ਵਿਸ਼ਵਾਸ ਸੀ ਕਿ ਲਾਤੀਨੀ ਅਮਰੀਕਾ ਵਿਚ ਪੇਂਡੂ ਲੋਕਾਂ ਦੀ ਪੁਸਤਕਾਂ ਤੀਕਰ ਪਹੁੰਚ ਨਹੀਂ ਹੈ। "ਹਰ ਥਾਂ ਕੁਝ ਪੰਗਤੀਆਂ ਸੁਣਾਏ ਜਾਣ ਲਈ ਠੀਕ ਹਨ।" ਉਹ ਆਖਦਾ, "ਪਲਾਜ਼ਾ, ਗਲ਼ੀਆਂ, ਮੰਡੀਆਂ ਵਿਚ।" ਸੰਚਾਰ ਦੀਆਂ ਅਪਹੁੰਚ ਰੁਕਾਵਟਾਂ ਪਾਬਲੋ ਲਈ ਕੁਝ ਵੀ ਨਹੀਂ ਸਨ।

"ਹਰ ਕੋਈ ਕਵਿਤਾ ਨੂੰ ਕਦਮ-ਦਰ-ਕਦਮ ਸਿੱਖਦਾ ਹੈ," ਉਸ ਨੇ ਲਿਖਿਆ ਸੀ "ਲੋਕਾਂ ਅਤੇ ਚੀਜ਼ਾਂ ਦਰਮਿਆਨ, ਇਹਨਾਂ ਤੋਂ ਮੂੰਹ ਮੋੜ ਕੇ ਨਹੀਂ, ਸਗੋਂ ਇਹਨਾਂ ਨਾਲ ਪਿਆਰ ਦਾ ਅੰਨ੍ਹਾ ਵਿਸਤਾਰ ਦੇ ਕੇ ਹੀ।"

ਕਵਿਤਾ-ਪਾਠ ਜੋ ਉਸ ਨੇ ਵੱਖ ਵੱਖ ਥਾਈਂ ਅਤੇ ਵੱਖ-ਵੱਖ ਹਾਲਤਾਂ ਵਿਚ ਕੀਤੇ, ਮੈਂ ਉਸ ਇਕ ਪਾਠ ਨੂੰ ਕਦੇ ਨਹੀਂ ਭੁੱਲ ਸਕਦੀ ਜੋ ਉਸ ਨੇ ਮਜ਼ਦੂਰਾਂ ਦੇ ਵੱਡੇ ਇਕੱਠ ਵਿਚ "ਪੁੰਟਾ ਐਰੀਨਾਸ" ਦੇ ਅਹਾਤੇ ਵਿਚ ਕੀਤਾ ਸੀ। ਉੱਥੇ ਉਹ ਭੇਡਾਂ ਦੀ ਉੱਨ ਉਤਾਰਦੇ ਸਨ ਤੇ ਜਦੋਂ ਅਸੀਂ ਉਥੇ ਪਹੁੰਚੇ ਤਾਂ ਉਨ੍ਹਾਂ ਨਾ ਰੁਝੇਵਿਆਂ-ਭਰਿਆ ਦਿਨ ਸੀ। ਅਸੀਂ ਐਸੇ ਸੰਸਾਰ ਵਿਚ ਆ ਗਏ ਸੀ, ਜੋ ਸਾਡੇ ਲਈ ਪਰਾਇਆ ਸੀ। ਉੱਥੇ ਸੈਂਕੜੇ ਹੀ ਮਜ਼ਦੂਰ ਸਨ। ਅਸੀਂ ਉਥੇ ਖਲੋਤੇ ਵੇਖਦੇ ਰਹੇ, ਜਦ ਕਿ ਉਹ ਬੜੀ ਹੁਨਰ-ਮੰਦੀ ਨਾਲ ਉੱਨ ਦੀ ਭਾਰੀ ਜੱਤ ਲਾਹੀ ਜਾ ਰਹੇ ਸਨ। ਕਿਸੇ ਇਕ ਨੇ ਵੀ ਸਾਡੀ ਹਾਜ਼ਰੀ ਵੱਲ ਅੱਖ ਪੁੱਟ ਕੇ ਨਾ ਤੱਕਿਆ। ਕੁਝ ਮਿੰਟਾਂ ਬਾਅਦ ਮੈਂ ਪ੍ਰਸ਼ਨ-ਮਈ ਨਜ਼ਰਾਂ ਨਾਲ ਪਾਬਲੋ ਵੱਲ ਵੇਖਿਆ। ਹੌਲ਼ੀ ਆਵਾਜ਼ ਵਿਚ, ਉਸਨੇ ਮੈਨੂੰ ਕਿਹਾ, "ਕਾਹਲੀ ਨਾ ਪੈ, ਕੁਝ ਹੋਣ ਵਾਲਾ ਹੈ।"

ਹੋਰ ਦਸ ਮਿੰਟ ਲੰਘ ਗਏ ਤੇ ਇਕ ਸੀਟੀ ਵੱਜੀ, ਤੇ ਮਜ਼ਦੂਰਾਂ ਨੇ ਕੰਮ ਛੱਡ ਦਿੱਤਾ। ਕਿਸੇ ਜਾਦੂ ਵਾਂਗ ਇਕ ਮੇਜ਼ ਤੇ ਦੋ ਕੁਰਸੀਆਂ ਸਾਡੇ ਸਾਹਮਣੇ ਆਣ ਪ੍ਰਗਟ ਹੋਈਆਂ। ਏਸੇ ਸਮੇਂ ਕਾਮੇ ਪਾਣੀ ਦੇ ਭਰੇ ਇਕ ਚੁਬੱਚੇ ਵੱਲ ਗਏ ਅਤੇ ਆਪਣੇ ਚਿਹਰਿਆਂ ਤੇ ਹੱਥਾਂ ਨੂੰ ਧੋਤਾ। ਫਿਰ ਮੂੰਹ ਨੁਚੜਦੇ ਹੋਏ ਉਹ ਸਾਡੇ ਸਾਹਮਣੇ ਆ ਗਏ ਤੇ ਉਡੀਕ ਕਰਨ ਲੱਗੇ। ਉਹਨਾਂ ਨੂੰ ਇਕ ਘੰਟੇ ਦੀ ਛੁੱਟੀ ਮਿਲੀ ਸੀ ਤੇ ਇਹ ਕੰਪਨੀ ਵੱਲੋਂ ਕੋਈ ਤੋਹਫ਼ਾ ਨਹੀਂ ਸੀ। ਉਹਨਾਂ ਨੇ ਪਿੱਛੋਂ ਇਹ ਸਮਾਂ ਕੰਮ ਕਰਕੇ ਪੂਰਾ ਕਰਨਾ ਸੀ। ਉਹ ਜਿਹੜੇ ਸਾਡੇ ਸਾਹਮਣੇ ਖਲੋਤੇ ਹੋਏ ਸਨ, ਉਹਨਾਂ ਦੇ ਚਿਹਰੇ ਲਈ ਹਵਾ ਤੇ ਠੰਢ ਤੇ ਮਾਰੇ ਹੋਏ ਸਨ। ਦੁੱਖ ਝੱਲ ਕੇ ਸਖ਼ਤ ਹੋਏ। ਪਾਬਲੋ ਨੇ ਪੜ੍ਹਨਾ ਸ਼ੁਰੂ ਕੀਤਾ। ਜਦ ਸ਼ਬਦ ਪਾਬਲੋ ਦੇ ਮੂੰਹ ਵਿੱਚੋਂ ਨਿਕਲ ਉਹਨਾਂ ਦੇ ਕੰਨਾਂ ਤੀਕਰ ਪਹੁੰਚੇ, ਤਾਂ ਆਦਮੀਆਂ ਦੀਆਂ ਤੱਕਣੀਆਂ ਕੋਮਲ ਹੋਣੀਆਂ ਸ਼ੁਰੂ ਹੋ ਗਈਆਂ। ਜਦ ਘੰਟਾ ਪੂਰਾ ਹੋ ਗਿਆ ਤੇ ਪਾਬਲੋ ਨੇ ਕਵਿਤਾਵਾਂ ਪੜ੍ਹਨੀਆਂ ਬੰਦ ਕਰ ਦਿੱਤੀਆਂ ਤਾਂ ਸਾਰਾ ਅਹਾਤਾ ਤਾੜੀਆਂ ਨਾਲ ਗੂੰਜ ਉੱਠਿਆ।

ਸ਼ਾਇਦ ਉਹ ਕਵੀ ਲਈ ਤਾੜੀਆਂ ਮਾਰ ਰਹੇ ਸਨ, ਉਹਨਾਂ ਦੇ ਖਰ੍ਹਵੇ ਹੱਥ ਗੁਰੂ ਧੁਨੀ (Baritone) ਟੱਲੀਆਂ ਵਰਗੀ ਆਵਾਜ਼ ਕੱਢ ਰਹੇ ਸਨ। ਪਾਬਲੋ ਡੂੰਘੀ ਤਰ੍ਹਾਂ ਪ੍ਰਭਾਵਤ ਹੋ ਗਿਆ ਉਹਨਾਂ ਦੇ



ਪ੍ਰਤੀਕਰਮਾਂ ਦੀ ਡੂੰਘਾਈ ਦੇ ਪ੍ਰਗਟਾਉਣ ਲਈ ਸ਼ਬਦ ਲੱਭਣੇ, ਔਖੇ ਸਨ। ਇੰਝ ਪ੍ਰਤੀਤ ਹੁੰਦਾ ਸੀ ਜਿਵੇਂ ਉਹਨਾਂ ਆਦਮੀਆਂ ਦੇ ਚਿਹਰੇ ਉਤਲੀਆਂ ਮੁਸਕਾਣਾਂ ਉਹਨਾਂ ਦੀਆਂ ਅੱਖਾਂ ਵਿਚ ਆਣ ਪ੍ਰਗਟ ਹੋਈਆਂ ਸਨ। ਮੈਂ ਵੀ ਭੈਅ-ਭੀਤ ਹੋ ਗਈ ਸੀ।

ਜਦ ਵੀ ਅਸੀਂ ਸਫ਼ਰ ਕਰਦੇ, ਪਾਬਲੋ ਦੀ ਪੰਛੀਆਂ ਵਿਚ ਦਿਲਚਸਪੀ ਹੁੰਦੀ ਸੀ। ਉਸ ਦੀ ਪੁਸਤਕ "ਪੰਛੀਆਂ ਦਾ ਹੁਨਰ" ਹਰ ਭਾਂਤ ਦੇ ਪੰਛੀ ਦੀ ਗੰਭੀਰ ਪੜਤਾਲ ਸੀ, ਜੋ ਉਸ ਨੇ ਇਹਨਾਂ ਪੰਨਿਆਂ ਵਿਚ ਵਰਨਣ ਕੀਤੀ ਹੈ। ਉਸ ਨੇ ਉੱਤਰ (North) ਦੇ ਆਪਣੇ ਦੌਰਿਆਂ ਸਮੇਂ ਅਤੇ ਦੱਖਣ ਦੇ ਜੰਗਲਾਂ ਵਿਚੋਂ ਜਿਹੜਾ ਗਿਆਨ ਪ੍ਰਾਪਤ ਕੀਤਾ ਤੇ ਕੇਂਦਰੀ ਚਿੱਲੀ ਦੀਆਂ ਨਦੀਆਂ ਵਿੱਚੋਂ, ਜਿਨ੍ਹਾਂ ਵਿਚੋਂ ਅਸੀਂ ਹਰ ਇਕ ਭਾਂਤ ਦੇ ਪੰਛੀ ਬਾਰੇ ਜਾਣਿਆ। ਉਹ ਆਪਣੇ ਟੈਲੀ-ਸਕੋਪ ਨਾਲ ਘੰਟਿਆਂ-ਬੱਧੀ ਪੰਛੀਆਂ ਦੀ ਜਾਸੂਸੀ ਕਰਦਾ ਸੀ ਤੇ ਡੂੰਘੇ ਜੰਗਲਾਂ ਤੀਕ ਉਹਨਾਂ ਦਾ ਪਿੱਛਾ ਕਰਦਾ ਸੀ। ਨਾਲ ਦੀ ਨਾਲ ਉਹ ਹਰ ਪੰਛੀ ਬਾਰੇ ਜੋ ਵੀ ਜਾਣਦਾ ਸੀ, ਬਿਆਨ ਕਰਦਾ। "ਉਸਨੇ ਆਪਣਾ ਸਿਰ ਉਤਾਂਹ ਚੁੱਕਿਆ। ਹੁਣ ਇਹ ਆਪਣੀ ਪੂਛ ਦੇ ਖੰਭਾਂ ਨੂੰ ਹਿਲਾਉਂਦਾ ਹੈ। ਇਹ ਬੇਚੈਨ ਹੈ। ਇਹ ਸਾਰੇ ਪਾਸੇ ਤੱਕਦਾ ਹੈ। ਇੰਝ ਪ੍ਰਗਟ ਹੁੰਦਾ ਹੈ, ਜਿਵੇਂ ਇਹ ਉਡਾਣ ਭਰਨ ਵਾਲ਼ਾ ਹੈ। ਨਹੀਂ, ਮੈਨੂੰ ਗਲਤੀ ਲੱਗੀ ਹੈ। ਇਹ ਕੇਵਲ ਗਾਉਣ ਦੀ ਤਿਆਰੀ ਕਰ ਰਿਹਾ ਹੈ।"

ਪਰ ਉਹ ਕੇਵਲ ਜੰਗਲਾਂ ਨੂੰ ਹੀ ਪਿਆਰ ਨਹੀਂ ਸੀ ਕਰਦਾ, ਜਾਂ ਕੇਵਲ ਉਹਨਾਂ ਵਿਚਲੇ ਪੰਛੀਆਂ ਨੂੰ ਹੀ ਜਾਂ ਬਿੰਡਿਆਂ ਅਤੇ ਬਾਰਸ਼ ਨੂੰ, ਸਗੋਂ ਦਿਲੋਂ ਉਹ ਇਕ ਜ਼ਹਾਜ਼ਰਾਨ ਸੀ। ਉਹ ਸਮੁੰਦਰ ਅਤੇ ਇਸ ਵਿਚ ਜੋ ਕੁਝ ਜੀਵ ਰਹਿੰਦੇ ਸਨ, ਦਾ ਅਧਿਐਨ ਕਰਦਾ ਸੀ। ਉਹ ਘੋਗਿਆਂ ਦਾ ਮਾਹਰ ਸੀ ਤੇ ਉਹ ਇਹਨ੍ਹਾਂ ਦੇ ਵਿਗਿਆਨਕ ਨਾਵਾਂ ਨੂੰ ਵੀ ਜਾਣਦਾ ਸੀ। ਇਸ ਤੋਂ ਵੀ ਅਗਾਂਹ ਉਹ ਇਹ ਵੀ ਜਾਣਦਾ ਸੀ ਕਿ ਇਹ ਕਿਸ ਸਮੁੰਦਰ ਵਿਚੋਂ ਆਏ ਸਨ। ਜਦੋਂ ਉਸ ਦੇ ਮਿੱਤਰ ਪੁੱਛਦੇ ਸਨ ਕਿ ਉਸਨੇ ਏਨੇ ਘੋਗੇ-ਸਿੱਪੀਆਂ ਕਿੱਥੋਂ ਇਕੱਠੇ ਕੀਤੇ ਹਨ ਤਾਂ ਪਾਬਲੋ ਹੱਸ ਪੈਂਦਾ ਸੀ ਤੇ ਉੱਤਰ ਦਿੰਦਾ, "ਪੈਰਿਸ ਦੇ ਸਮੁੰਦਰ ਵਿੱਚੋਂ।" ਉਹਨਾਂ ਵੱਡੇ ਕੁਦਰਤੀ-ਇਤਿਹਾਸ ਦੇ ਸਟੋਰਾਂ ਵਿਚ, ਉਹ ਸਭ ਤੋਂ ਵੱਧ ਵੰਨਗੀ ਵਾਲੇ ਘੋਗੇ ਵੇਚਦੇ ਹਨ, ਜ਼ਿਨ੍ਹਾਂ ਵਿਚ ਵਿਸ਼ਵ ਦੇ ਅਸਾਧਾਰਨ ਨਮੂਨੇ ਹੁੰਦੇ ਹਨ।

ਜਦ ਵੀ ਅਸੀਂ ਯੋਰਪ ਦਾ ਸਫ਼ਰ ਕਰਦੇ, ਤੇ ਐਸੀ ਥਾਂ ਪਹੁੰਚਦੇ, ਜਿਸਦਾ ਸਾਨੂੰ ਪਤਾ ਵੀ ਨਾ ਹੁੰਦਾ ਤਾਂ ਪਾਬਲੋ ਪੁੱਛਦਾ ਕਿ ਕੀ ਇਸ ਨਗਰ ਵਿਚ ਜਹਾਜ਼ਰਾਨੀ ਦਾ ਅਜਾਇਬ-ਘਰ ਹੈ। ਉਹ ਵਿਸ਼ੇਸ਼ ਤੌਰ 'ਤੇ ਸਮੁੰਦਰੀ ਜਹਾਜ਼ਾਂ ਦੇ ਨਮੂਨੇ ਅਤੇ ਪ੍ਰਾਚੀਨ ਸਮੁੰਦਰੀ-ਜਹਾਜ਼ਾਂ ਦੇ ਨਮੂਨਿਆਂ ਬਾਰੇ ਪੁੱਛਦਾ। ਅਜਾਇਬ ਘਰਾਂ ਵਿਚ, ਉਹ ਇਹਨਾਂ ਚੀਜ਼ਾਂ ਨੂੰ ਵੇਖ ਮੰਤਰ-ਮੁਗਧ ਹੋ ਜਾਂਦਾ। ਜੇ ਮੈਂ ਉਸਨੂੰ ਨਾ ਖਿੱਚਦੀ ਤਾਂ ਉਹ ਘੰਟਿਆਂ-ਬੱਧੀ ਉਹਨਾਂ ਦੇ ਸਾਹਮਣੇ ਖਲੋਤਾ ਰਹਿੰਦਾ।

ਪਾਬਲੋ ਬਹੁਤ ਸਾਰੇ ਦੇਸ਼ਾਂ ਦਾ ਉਪਾਸ਼ਕ ਸੀ, ਪਰ ਨਿਰਸੰਦੇਹ ਫਰਾਂਸ ਉਸ ਦਾ ਮਨਪਸੰਦ ਦੇਸ਼ ਸੀ। ਇਹ ਥਾਂ ਸੀ, ਜਿਥੋਂ ਉਸਨੂੰ ਉਹ ਚੀਜ਼ਾਂ ਮਿਲਣੀਆਂ ਸਨ, ਜਿਨ੍ਹਾਂ ਨੂੰ ਉਹ ਸਭ ਤੋਂ ਵੱਧ ਪਿਆਰ ਕਰਦਾ ਸੀ। ਉਹ ਪੂਰੇ ਦਿਨ ਪ੍ਰਾਚੀਨ ਪੁਸਤਕਾਂ, ਕੁਦਰਤ-ਇਤਿਹਾਸ ਦੀਆਂ ਦੁਕਾਨਾਂ ਅਤੇ ਪਾਲਤੂ ਜਾਨਵਰਾਂ ਦੀਆਂ ਦੁਕਾਨਾਂ ਫਰੋਲਦਾ ਥੱਕ ਜਾਂਦਾ ਸੀ। ਕਿੰਨੀ ਵੇਰ, ਉਹ ਪਾਲਤੂ ਪੰਛੀਆਂ ਦੇ ਸਟੋਰਾਂ ਨੂੰ ਘੋਖ ਕੇ, ਪੰਛੀਆਂ ਨਾਲ ਭਰੇ ਪਿੰਜਰੇ ਵੇਖਦਾ ਜਾਂ ਇਕ ਪਾਲਤੂ ਕਤੂਰੇ ਨੂੰ ਵੇਖਦਾ, ਮੇਰੇ ਮਨ ਦੀ ਸ਼ਾਂਤੀ ਖੋਹ ਲੈਂਦਾ। ਇਕ ਸਟੋਰ ਤੋਂ ਦੂਸਰੇ ਵੱਲ ਜਾਂਦਾ, ਜਿਵੇਂ ਉਸ ਉੱਤੇ ਕੋਈ ਟੂਣਾ ਕੀਤਾ ਹੋਇਆ ਹੋਵੇ। ਉਹ ਹਰ ਚੀਜ਼ ਨੂੰ ਗਹੁ ਨਾਲ ਵੇਖਦਾ ਤੇ ਫਿਰ ਉਸ ਨੂੰ ਵੇਖਣ ਲਈ ਪਿੱਛੋਂ ਮੁੜਦਾ, ਤੇ ਥੱਕਦਾ ਨਾ। ਪਾਬਲੋ ਇਸ ਗੱਲ ਨੂੰ ਚੰਗਾ ਜਾਣਦਾ ਸੀ ਕਿ ਫਰਾਂਸੀਸੀ ਲੋਕ ਦੁਪਹਿਰ ਵੇਲੇ ਆਰਾਮ ਨਹੀਂ ਕਰਦੇ। ਜਦ ਅਸੀਂ ਪੈਰਿਸ ਵਿਚ ਹੁੰਦੇ ਤਾਂ, ਦੇਰ ਸ਼ਾਮ ਨੂੰ ਸੇਨ ਦਰਿਆ ਦੇ ਕੰਢਿਆਂ ਉੱਤੇ ਸੈਰ ਲਈ ਨਿਕਲਦੇ ਅਤੇ ਸ਼ਾਮ ਨੂੰ ਆਈਫਲ ਟਾਵਰ ਵੇਖਣ ਜਾਂਦੇ ਤਾਂ ਕਿ ਸ਼ਹਿਰ ਦੀਆਂ ਛੱਤਾਂ ਨੂੰ ਤੱਕ ਸਕੀਏ, ਉਹਨਾਂ ਢਾਲਵੀਆਂ

ਖਿੜਕੀਆਂ ਨੂੰ, ਜਿਨ੍ਹਾਂ ਵਿਚੋਂ ਏਨੀ ਜ਼ਿੰਦਗੀ ਦਿਸਣੀ ਸੀ ਤੇ ਉਹਨਾਂ ਨਿੱਕੀਆਂ ਜਗਮਗਾਉਂਦੀਆਂ ਬਾਰੀਆਂ ਨੂੰ ਵੇਖਦੇ, ਜੋ ਖਿਡੌਣਿਆਂ ਵਾਂਗ ਪ੍ਰਤੀਤ ਹੁੰਦੀਆਂ।

ਮੈਨੂੰ ਪਾਬਲੋ ਦੀ ਮਿੱਤਰ ਬਣਾਉਣ ਦੀ ਯੋਗਤਾ ਚੰਗੀ ਲੱਗਦੀ ਸੀ ਜਦ ਵੀ ਅਸੀਂ ਪੈਰਿਸ ਪਹੁੰਚਦੇ, ਤਾਂ ਕੁਝ ਹੀ ਮਿੰਟਾਂ ਵਿਚ, ਅਸੀਂ ਆਪਣੇ ਮਿੱਤਰ ਜੀਨ ਮਾਰਸੀਨਾਕ ਦੀ ਸੰਗਤ ਵਿਚ ਹੁੰਦੇ, ਜਿਹੜਾ ਪਾਬਲੋ ਦੇ ਹੋਰ ਮਿੱਤਰਾਂ ਨੂੰ ਸਾਵਧਾਨ ਕਰ ਦਿੰਦਾ ਅਤੇ ਛੇਤੀ ਹੀ ਅਸੀਂ ਵੇਖਦੇ ਕਿ ਸਾਡੇ ਦਵਾਲ਼ੇ ਮਿੱਤਰਾਂ ਦੀ ਟੋਲੀ ਇਕੱਠੀ ਹੋ ਜਾਂਦੀ।

ਲਗਭਗ ਹਮੇਸ਼ਾ ਹੀ, ਪੈਰਿਸ ਸਾਡੀ, ਸੋਵੀਅਤ ਰੂਸ ਨੂੰ ਜਾਂਦੇ ਅਟਕਣ ਦੀ ਥਾਂ ਹੁੰਦੀ, ਸੋਵੀਅਤ ਜਿੱਥੇ ਉਹ ਲੈਨਿਨ ਪੁਰਸਕਾਰ ਦਾ ਫੈਸਲਾ ਕਰਨ ਵਾਲਾ ਨਿਆਂਕਾਰਾ ਹੁੰਦਾ ਸੀ। ਉੱਥੇ ਵੀ ਉਹੀ ਗੱਲ ਵਾਪਰਦੀ, ਅਸੀਂ ਆਪਣੇ ਮਿੱਤਰ ਕਿਰਸਾਨੋਵ ਨੂੰ ਬੁਲਾ ਲੈਂਦੇ, ਜੋ ਪਾਬਲੋ ਦੇ ਬਾਕੀ ਮਿੱਤਰਾਂ ਨੂੰ ਦੱਸ ਦਿੰਦਾ ਅਤੇ ਸਾਡੇ ਆਉਣ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਜਾਂਦੀ। ਉਸ ਦੇ ਬਹੁਤ ਸਾਰੇ ਮਿੱਤਰਾਂ ਵਿਚੋਂ, ਪਾਬਲੋ ਉਹਨਾਂ ਨੂੰ ਪਹਿਲ ਦਿੰਦਾ ਜੋ ਜ਼ਿਆਦਾ ਖਿੱਚ-ਪਾਊ ਹੁੰਦੇ ਤੇ ਉਹਨਾਂ ਸਭ ਵਿਚੋਂ ਨਾਜ਼ਿਮ ਹਿਕਮਤ ਸੀ, ਜੋ ਜ਼ਿੰਦਗੀ ਨੂੰ ਸਭ ਤੋਂ ਵੱਧ ਪਿਆਰ ਕਰਦਾ ਸੀ।

ਇਕ ਦੁਪਹਿਰ ਪਿੱਛੋਂ, ਇਕ ਵਿਦਾਇਗੀ ਪਾਰਟੀ ਸਮੇਂ, ਜੋ ਨਾਜ਼ਿਮ ਹਿਕਮਤ ਦੇ ਰਿਹਾ ਸੀ, ਅਸੀਂ ਸੋਵੀਅਤ ਯੂਨੀਅਨ ਦੇ ਕੇਂਦਰੀ ਏਸ਼ੀਆ ਭਾਗ ਦੇ ਸਫ਼ਰ ਉੱਤੇ ਜਾ ਰਹੇ ਸੀ। ਇਲੀਆ ਇਹਰਨਬਰਗ, ਜਿਸ ਨਾਲ ਅਸੀਂ ਸਦਾ ਹੀ ਮਖੌਲ ਕਰਦੇ ਰਹਿੰਦੇ ਸੀ, ਪਾਬਲੋ ਨੂੰ ਆਖਣ ਲੱਗਾ, "ਤੁਸੀਂ ਏਨੇ ਥਕਾ ਦੇਣ ਵਾਲੇ ਸਫ਼ਰ ਉੱਤੇ ਅਤੇ ਏਨੇ ਘੰਟੇ ਜਹਾਜ਼ ਵਿਚ ਕਿਉਂ ਸਫ਼ਰ ਕਰ ਰਹੇ ਹੋ ?" ਪਾਬਲੋ ਨੇ ਉਸ ਦੇ ਮੂੰਹ ਵੱਲ ਤੱਕਿਆ ਤੇ ਬੜੀ ਸ਼ਰਾਰਤ ਨਾਲ ਉੱਤਰ ਦਿੱਤਾ, "ਕੀ ਤੁਸੀਂ ਸੋਚਦੇ ਹੋ ਕਿ ਮੈਂ ਆਪਣੇ ਚਿੱਲੀ ਦੇ ਮਿੱਤਰਾਂ ਨੂੰ ਸਮਰਕੰਦ ਅਤੇ ਬੁਖ਼ਾਰਾ ਵਿਚੋਂ ਪੋਸਟ-ਕਾਰਡ ਭੇਜਣ ਦੀ ਇੱਛਾ ਨੂੰ ਦਬਾ ਕੇ ਰੱਖ ਸਕਦਾ ਹਾਂ ? ਕੀ ਤੁਸੀਂ ਜਾਣਦੇ ਹੋ ਕਿ ਚਿੱਲੀ ਵਿਚ ਉਹਨਾਂ ਲਿਖੇ ਸ਼ਬਦਾਂ ਦਾ ਕੀ ਅਰਥ ਹੈ ? "ਇਹ" ਇੱਕ ਹਜ਼ਾਰ ਇਕ ਰਾਤ ਵਰਗੀ ਹੀ ਗੱਲ ਹੈ। ਮੈਂ ਉਹਨਾਂ ਥਾਂਵਾਂ 'ਤੇ ਜਾਵਾਂਗਾ ਅਤੇ ਆਪਣੇ ਮਿੱਤਰਾਂ ਨੂੰ ਸ਼ੁਭ-ਇੱਛਾਵਾਂ ਦੇ ਖ਼ਤ ਭੇਜਾਂਗਾ।" ਇਲੀਆ ਨੂੰ ਪਤਾ ਨਾ ਲੱਗੇ ਕਿ ਉਹ ਇਸ ਦਾ ਕਿਸ ਤਰ੍ਹਾਂ ਹੁੰਗਾਰਾ ਦੇਵੇ। ਉਸ ਲਈ ਸਾਹ ਲੈਣਾ ਔਖਾ ਹੋ ਰਿਹਾ ਸੀ ਕਿ ਉਹ ਏਨਾ ਹੱਸ ਰਿਹਾ ਸੀ।

ਕਈ ਸਾਲਾਂ ਬਾਅਦ, ਹਰ ਇਕੱਠ ਸਮੇਂ ਜਦੋਂ ਵੀ ਅਸੀਂ ਸੋਵੀਅਤ ਯੂਨੀਅਨ ਵਿਚ ਇਕੱਠੇ ਹੁੰਦੇ ਤਾਂ ਇਲੀਆ ਇਹ ਕਹਾਣੀ ਸੁਣਾਉਂਦਾ ਕਿ ਕਿਵੇਂ ਪਾਬਲੋ ਆਪਣੇ ਚਿੱਲੀ ਵਾਲੇ ਮਿੱਤਰਾਂ ਨੂੰ ਕਾਰਡ ਪਾਉਣ ਲਈ ਸਮਰਕੰਦ ਅਤੇ ਬੁਖਾਰਾ ਜਾਇਆ ਕਰਦਾ ਸੀ।

ਤੇ ਸੱਚਾਈ ਇਹ ਸੀ ਕਿ ਅਸੀਂ ਹੋਰਨਾਂ ਥਾਵਾਂ ਤੋਂ ਅਣਗਿਣਤ ਕਾਰਡ ਆਪਣੇ ਚਿੱਲੀ ਵਾਲੇ ਮਿੱਤਰਾਂ ਨੂੰ ਭੇਜਦੇ ਹੁੰਦੇ ਸੀ। ਇਹ ਕਾਰਡ ਬੜੇ ਛਬੀਲੇ ਹੁੰਦੇ ਸੀ। ਇਹਨਾਂ ਵਿਚੋਂ ਕਈ ਅਵੱਸ਼ ਹੀ ਸਾਡੇ ਮਿੱਤਰਾਂ ਦੇ ਕਾਗਜ਼ਾਂ ਵਿਚ ਅਜੇ ਵੀ ਬਚੇ ਹੋਏ ਹੋਣਗੇ।

ਮੈਨੂੰ ਪਾਬਲੋ ਦੀਆਂ ਉਹ ਸ਼ਰਾਰਤਾਂ ਅਤੇ ਮਖ਼ੌਲਾਂ ਕਰਨ ਦੀ ਆਦਤ ਬਹੁਤ ਚੰਗੀ ਲੱਗਦੀ ਸੀ, ਜੋ ਉਹ ਕਈ ਪ੍ਰਭਾਵਸ਼ਾਲੀ ਅਤੇ ਮਹੱਤਵਪੂਰਨ ਜੀਵਨ-ਪਲਾਂ ਵਿਚ ਕਰਦਾ ਸੀ। ਮਿਸਾਲ ਵਜੋਂ, ਜਦੋਂ ਅਸੀਂ ਨੋਬਲ ਪੁਰਸਕਾਰ ਵਾਲੀ ਉਹ ਮਹਾਨ ਤੇ ਸ਼ਾਨਦਾਰ ਸ਼ਾਮ ਵਿਚ, ਸ਼ਾਮਿਲ ਹੋ ਰਹੇ ਸੀ। ਉਸਨੇ ਆਪਣੀ ਜੈਕਟ ਦੇ ਫੁੰਬੇ ਵੇਖੇ ਤਾਂ ਉਹ ਹੱਸਿਆ ਤੇ ਕਹਿਣ ਲੱਗਾ,

"ਇਹ ਸਾਡੀਆਂ ਨੇਗਰਾ ਵਾਲੀਆਂ ਪਾਰਟੀਆਂ ਦੀਆਂ ਪਾਈਆਂ ਪੁਸ਼ਾਕਾਂ ਵਰਗੀਆਂ ਹੀ ਲੱਗਦੀਆਂ ਹਨ। ਜੇ ਮੈਂ ਆਪਣੀਆਂ ਨਿੱਕੀਆਂ ਮੁੱਛਾਂ ਨੂੰ ਰਤਾ ਕੁ ਰੰਗ ਲੈਂਦਾ, ਤਾਂ ਹਰ ਚੀਜ਼ ਸੰਪੂਰਨ ਹੋ ਜਾਣੀ ਸੀ।"

ਜਦੋਂ ਵੀ ਪਾਬਲੋ ਕੋਈ ਵਿਸ਼ੇਸ਼ ਪੁਸ਼ਾਕ ਪਹਿਨਦਾ ਜਿਸਨੂੰ ਉਹ ਅਸਲ ਵਿਚ ਪਸੰਦ ਕਰਦਾ ਹੁੰਦਾ



ਸੀ, ਤਾਂ ਉਹ ਜਲੇ ਹੋਏ ਕਿਸੇ ਕਾਰਕ ਨਾਲ ਆਪਣੀਆਂ ਮੁੱਛਾਂ ਉੱਤੇ ਇਕ ਨਿੱਕੀ ਜਿਹੀ ਨਿਸ਼ਾਨੀ ਲਾ ਲੈਂਦਾ ਸੀ। ਉਸ ਨੇ ਇਹ ਕੰਮ ਏਨੀ ਵਾਰ ਕੀਤਾ ਸੀ ਕਿ ਹੁਣ ਉਹ ਇਸ ਦਾ ਮਾਹਰ ਹੋ ਗਿਆ ਸੀ। ਹੁਣ ਉਸਨੂੰ ਸ਼ੀਸ਼ਾ ਵੇਖਣ ਦੀ ਵੀ ਲੋੜ ਨਹੀਂ ਸੀ ਰਹਿੰਦੀ।

ਜਦੋਂ ਅਸੀਂ ਨੋਬਲ ਪੁਰਸਕਾਰ ਦੇ ਰਾਤ ਦੇ ਡਿਨਰ ਤੋਂ ਵਾਪਸ ਆਪਣੇ ਕਮਰੇ ਵਿਚ ਪਰਤੇ, ਤਾਂ ਮੈਂ ਉਸਨੂੰ ਪੁੱਛਿਆ ਕਿ ਉਸ ਨੇ ਬਾਦਸ਼ਾਹ ਨਾਲ ਕੀ ਗੱਲਾਂ ਕੀਤੀਆਂ ਸਨ, ਕਿਉਂਕਿ ਉਹ ਬਾਦਸ਼ਾਹ ਗੱਲਾਂ ਕਰਨ ਲਈ ਬੜਾ ਬਦਨਾਮ ਸੀ। "ਅਸੀਂ ਚੱਟਾਨਾਂ ਬਾਰੇ ਗੱਲਾਂ ਕੀਤੀਆਂ" ਪਾਬਲੋ ਨੇ ਕਿਹਾ, "ਚੱਟਾਨਾਂ ਉਸ ਦਾ ਸ਼ੌਕ ਹਨ, ਇਸ ਲਈ ਮੈਂ ਉਸਨੂੰ ਈਸਟਰ ਟਾਪੂ ਬਾਰੇ ਦੱਸਿਆ। ਮੈਂ ਉਸ ਅਦਭੁੱਤ ਥਾਂ ਬਾਰੇ ਬੜੇ, ਵੇਰਵੇ ਨਾਲ ਬਿਆਨ ਕੀਤਾ ਖ਼ਾਸ ਤੌਰ 'ਤੇ ਉਹਨਾਂ ਵੱਡੀਆਂ ਸ਼ਕਲਾਂ ਬਾਰੇ ਬੜੇ, ਵੇਰਵੇ ਨਾਲ ਬਿਆਨ ਕੀਤਾ, ਖ਼ਾਸ ਤੌਰ 'ਤੇ ਉਹਨਾਂ ਵੱਡੀਆਂ ਸ਼ਕਲਾਂ ਬਾਰੇ ਜੋ ਅਸਮਾਨ ਦੇ ਸਾਹਮਣੇ ਖਲੋਤੀਆਂ-ਸਮੁੰਦਰ ਵੱਲ ਤੱਕ ਰਹੀਆਂ ਹਨ।"

"ਅਸੀਂ ਉਸ ਟਾਪੂ ਬਾਰੇ ਏਨੀਆਂ ਗੱਲਾਂ ਕੀਤੀਆਂ ਤੇ ਉਹ ਏਨਾ ਪ੍ਰਭਾਵਤ ਹੋ ਗਿਆ, ਜੋ ਮੈਂ ਉਸਨੂੰ ਦੱਸਿਆ ਸੀ, ਤੇ ਮੈਂ ਉਹ ਥਾਂ ਵਿਖਾਉਣ ਲਈ ਉਸ ਨੂੰ ਸੱਦਾ ਦੇ ਦਿੱਤਾ। ਉਸ ਕਿਹਾ ਕਿ ਉਹ ਇਸ ਥਾਂ ਨੂੰ ਪਸੰਦ ਕਰਦਾ ਸੀ, ਪਰ ਅਫਸੋਸ ਕਿ ਇਸ ਯਾਤਰਾ ਦੇ ਕਰਨ ਲਈ ਉਸ ਵਿਚ ਏਨੀ ਤਾਕਤ ਨਹੀਂ ਰਹੀ।"

ਸਵੀਡਨ ਦਾ ਬਾਦਸ਼ਾਹ ਉਸੇ ਸਾਲ ਹੀ ਮਰ ਗਿਆ। ਉਹ ਸਮਾਗਮ ਉਸ ਦੇ ਜੀਵਨ ਦਾ ਅਖ਼ੀਰਲਾ ਸੀ।

ਮੈਂ ਇਸ ਅਨੁਮਾਨ ਬਾਰੇ ਬਹੁਤ ਕੁਝ ਸੁਣਿਆ ਸੀ ਕਿ ਪਾਬਲੋ ਨੇ ਏਨੀਆਂ ਪੁਸਤਕਾਂ ਅਣਛਪੀਆਂ ਕਿਉਂ ਰਹਿਣ ਦਿੱਤੀਆਂ। ਮੈਂ ਇਸਦੀ ਵਿਆਖਿਆ ਕਰਨੀ ਚਾਹਾਂਗੀ।

1973 ਦੇ ਆਰੰਭ ਵਿਚ ਸੈਲਵਾਡੋਰ ਅਲੈਂਡੇ ਦੀ ਸਰਕਾਰ ਨੇ ਸਾਨੂੰ ਇਤਲਾਹ ਦਿੱਤੀ ਸੀ ਕਿ 12 ਜੁਲਾਈ 1973 ਨੂੰ ਪਾਬਲੋ ਨੇ ਸੱਤਰਵੇਂ ਜਨਮ-ਦਿਵਸ ਦੇ ਮੌਕੇ ਉੱਤੇ ਸਾਰੇ ਸੰਸਾਰ ਦੇ ਲੇਖਕਾਂ ਦਾ ਇਕ ਕੌਮੀ ਸੰਮੇਲਨ ਮਨਾਇਆ ਜਾਵੇਗਾ, ਜਿਸ ਵਿਚ ਚਿੱਲੀ ਦੇ ਆਮ ਲੋਕ ਵੀ ਸ਼ਾਮਿਲ ਹੋਣਗੇ। ਜਿਹੜਾ ਸਮਾਰੋਹ ਪਾਬਲੋ ਦੇ ਨੋਬਲ ਪੁਰਸਕਾਰ ਪ੍ਰਾਪਤ ਕਰਕੇ ਆਉਣ ਸਮੇਂ ਸਾਡੇ ਦੇਸ਼ ਵਿਚ ਮਨਾਇਆ ਗਿਆ ਸੀ, ਉਸਦੀ ਵੀ ਸਾਡੇ ਦੇਸ਼ ਵਿਚ ਹੋਰ ਮਿਸਾਲ ਨਹੀਂ ਮਿਲਦੀ। ਪਰ ਉਸਦਾ ਅਗਲਾ ਜਨਮ-ਦਿਨ ਵੀ ਬਹੁਤ ਸ਼ਾਨਦਾਰ ਹੋਵੇਗਾ। ਆਪਣੇ ਤੌਰ 'ਤੇ ਛੋਟੇ ਜਹੇ ਢੰਗ ਨਾਲ, ਉਸ ਨੇ ਪਿਆਰ ਦਾ ਪ੍ਰਗਟਾਵਾ ਕਰਨ ਲਈ ਤੇ ਪਾਬਲੋ ਨੇ ਹੈਰਾਨੀ ਪੈਦਾ ਕਰਨ ਲਈ, ਇਕ ਤੋਹਫ਼ਾ ਤਿਆਰ ਕਰਨ ਦਾ ਫ਼ੈਸਲਾ ਕੀਤਾ ਸੀ ਜਿਸਨੂੰ ਕਿ ਹਰ ਇਕ ਨੇ ਪਸੰਦ ਕਰਨਾ ਸੀ।

ਉਸ ਨੇ ਅੱਠ ਪੁਸਤਕਾਂ ਛਾਪ ਕੇ ਪੇਸ਼ ਕਰਨੀਆਂ ਸਨ, ਜਿਨ੍ਹਾਂ ਵਿਚੋਂ ਛੇ ਪਹਿਲਾਂ ਹੀ ਤਿਆਰ ਸਨ ਤੇ ਉਸ ਦੀਆਂ ਯਾਦਾਂ ਦਾ ਸੰਗ੍ਰਹਿ ਅਜੇ ਮੁਕੰਮਲ ਹੋਣਾ ਰਹਿੰਦਾ ਸੀ।

11 ਸਤੰਬਰ 1973 ਦਾ ਉਹ ਦਿਨ ਸ਼ਾਂਤ-ਮਈ ਢੰਗ ਨਾਲ ਆਰੰਭ ਹੋਇਆ ਸੀ। ਜਦ ਮੈਂ ਖਿੜਕੀ ਖੋਲ੍ਹੀ, ਤਾਂ ਮੇਰੇ ਮੂੰਹ ਉੱਤੇ ਰੌਸ਼ਨੀ ਦੇ ਝਲਕਾਰੇ ਵੱਜੇ ਸਨ।

ਪਾਬਲੋ ਮੁਸਕਰਾ ਰਿਹਾ ਹੈ। ਉਸਦੀਆਂ ਅੱਖਾਂ ਸਮੁੰਦਰ ਨੂੰ ਘੋਖ ਰਹੀਆਂ ਹਨ, ਜੋ ਲਗਾਤਾਰ ਸ਼ਾਂਤ ਤੱਟ ਨੂੰ ਚੁੰਮ ਰਿਹਾ ਹੈ।

ਬਾਗ਼ ਵਿਚਲੇ ਫੁੱਲ ਹਲਕੀ ਹਵਾ ਵਿਚ ਝੂੰਮ ਰਹੇ ਹਨ। ਅਸੀਂ ਚੜ੍ਹਦੀ ਕਲਾ ਵਿਚ ਹਾਂ।

ਰੌਸ਼ਨੀ ਨਾਲ ਭਰੀ ਇਸ ਸਵੇਰ ਨੂੰ ਮੈਂ ਵੀ ਮੁਸਕਾ ਰਹੀ ਹੋਵਾਂਗੀ।

*("ਪਾਬਲੋ ਨੇਰੂਦਾ ਨਾਲ ਮੇਰੀ ਜ਼ਿੰਦਗੀ" ਵਿਚੋਂ )*

*ਪੰਜਾਬੀ ਅਨੁਵਾਦ-ਹਰਭਜਨ ਸਿੰਘ ਹੁੰਦਲ*

*99150-42242*

# ਨਵਤੇਜ ਗੜ੍ਹਦੀਵਾਲ਼ਾ ਦੀਆਂ ਕਵਿਤਾਵਾਂ

## ਚੀਲ੍ਹ ਦਾ ਲਲਕਾਰਾ

ਹਿੱਕ ਕੰਢੇ ਏਸ ਦੇ ਸਭ ਸੁਰੱਖਿਅਤ
ਛਾਲਾ ਵੀ ਨਹੀਂ ਪਿਆ ਕਿਤੇ
ਜਾਪੇ ਅੱਗ ਨੇ ਦੋਸਤੀ ਨਿਭਾਈ
ਏਸ ਨੂੰ ਨਾ ਛੋਹਿਆ
ਜੰਗਲੀ ਪਹਾੜੀ ਸੜਕ ਦਾ
ਇਕ ਵਾਲ਼ ਵੀ ਵਿੰਗਾ ਨਾ ਹੋਇਆ।

ਮੈਂ ਢੂਣਮਢੂਣਾ ਢਾਈ ਤਿੰਨ ਕਦਮਾਂ ਵਿਚ ਹੀ ਪੈਂਡਾ ਮੁਕਾ
ਹੋ ਜਾਣਾ ਚਾਹੁੰਦਾ ਹਾਂ ਹਾਜ਼ਰ ਸਮੇਂ ਸਿਰ
ਆਪਣੇ ਰੁਜ਼ਗਾਰ-ਕੇਂਦਰ 'ਤੇ
ਜਿੱਥੋਂ ਮਿਲਦੀ ਹੈ ਰੋਟੀ
ਮੇਰੇ ਘਰ ਨੂੰ ਭੁੱਖ ਮਿਟਾਉਣ ਲਈ
ਬੋਲ ਮਿਲ਼ਦੇ ਨੇ ਗੁਣਗੁਣਾਉਣ ਲਈ
ਪਰ ਹਾਏ!
ਬੱਝ ਗਿਆ ਹੈ ਮੇਰੇ ਗਿੱਟਿਆਂ ਨਾਲ਼
ਬਲ਼ ਕੇ ਬੁਝ ਰਿਹਾ ਪਹਾੜ
ਚਲਦਾ ਭੱਠਾ ਬਣ ਗਿਆ ਹੈ ਮਹੀਨਾ ਹਾੜ੍ਹ।

ਮੇਰਾ ਮਿੱਤਰ ਹਰਿਆ-ਭਰਿਆ ਜੰਗਲ
ਕਈ ਦਿਨਾਂ ਤੋਂ ਸੜਦਾ-ਬਲ਼ਦਾ
ਮਹਾਂ ਸਿਵੇ ਵਿੱਚ ਬਦਲ ਗਿਆ ਹੈ
ਜਿੱਥੋਂ ਤੀਕਰ ਅੱਖਾਂ ਦੌੜਨ ਵਿਛੀ ਰਾਖ ਹੀ ਰਾਖ
ਉੱਖੜੀ ਜਾਏ ਮੇਰਾ ਸਾਹ
ਅਜੇ ਤਾਈਂ ਵੀ ਕਿਤਿਓਂ-ਕਿਤਿਓਂ ਧੂੰਆਂ ਉੱਠਦਾ
ਜੰਗਲ ਦੇ ਇਸ ਕਾਰੇ ਬਾਰੇ
ਹਰ ਕੋਈ ਇੱਕ ਦੂਜੇ ਨੂੰ ਪੁੱਛਦਾ।

ਮੇਰੇ ਗੁੰਮ-ਸੁੰਮ ਹੋਏ ਦੇ ਮੂੰਹੋਂ ਨਿਕਲ਼ਿਆ-
ਜੰਗਲ ਨੂੰ ਤਾਂ
ਇਸ ਦੇ ਗੱਭਰੂ ਬਾਂਸਾਂ ਦੀ ਖਹਿਬਾਜ਼ੀ ਦੀ
ਨਿੱਕੀ ਜਿਹੀ ਚੰਗਿਆੜੀ ਹੀ ਲੈ ਕੇ ਬਹਿ ਗਈ
ਜੰਗਲ ਦੀ ਹੁਣ ਬਾਕੀ ਸਿਰਫ਼ ਕਹਾਣੀ ਰਹਿ ਗਈ



ਕੁਦਰਤ ਦਾ ਵੀ ਅਜਬ ਰਹੱਸ ਹੈ
ਲੱਕੜ ਵਿਚ ਛੁਪੀ ਹੋਈ ਅੱਗ ਹੈ
ਹੁਣ ਤਾਂ ਬੱਸ ਜੰਗਲ ਦੀ ਬੱਸ ਹੈ

ਲੱਕ ਤੋਂ ਧੁੱਖ ਰਹੀ ਢੱਠੀ ਚੀਲ੍ਹ ਨੇ
ਪਹਾੜੀ ਦੀ ਟੀਸੀ ਤੋਂ ਮੈਨੂੰ ਲਲਕਾਰਿਆ-
ਭਰਾਵਾ! ਤਕੜਾ ਹੋ
ਤੇਰੇ ਸਾਹ ਕਿਉਂ ਮਰੇ-ਮਰੇ ਨੇ
ਅਜੇ ਤਾਈਂ ਤਾਂ ਮੇਰੇ
ਇਕ ਦੋ ਪੱਤੇ ਹਰੇ-ਹਰੇ ਨੇ।

## ਡਾਂਗ ਦਾ ਆਸਰਾ

ਆਪੇ ਉੱਗਿਆ ਅੰਬ ਦਾ ਬੂਟਾ
ਆਪਣੇ ਮੁਢਲੇ ਦਿਨੀਂ ਹੀ ਲੜਖੜਾ ਗਿਆ
ਚੱਕਰ ਹੀ ਖਾ ਗਿਆ
ਭੜਮੱਲ ਧਰਮੀ ਘਾਗ ਸਿਆਸਤਦਾਨ ਬਾਬਾ ਬੋਹੜ ਨੇ
ਉਸ 'ਤੇ ਜਾਲ਼ ਪਾ ਲਿਆ
ਉਸ ਦੀ ਪਿੱਠ ਥਾਪੜ-ਥਾਪੜ ਉਸ ਨੂੰ ਦਬਾ ਲਿਆ
ਛੌਰੇ ਦੀ ਕੁੜਿੱਕੀ 'ਚ ਫਸਿਆ
ਉਹ ਸ਼ਨੀ ਗ੍ਰਹਿ ਵਾਂਗ ਸੂਰਜੀ ਕਿਰਨਾਂ ਨੂੰ ਤਰਸਦਾ
ਹੋਣੀ ਦੇ ਨਹੁੰਦਰੇ ਪੰਜੇ ਨੇ
ਬਿਨਾਂ ਡਾਂਗ ਮਾਰੇ ਉਸ ਨੂੰ ਢਾਹ ਲਿਆ
ਉਹ ਅੱਖਾਂ ਮੀਟਦਾ-ਖੋਲ੍ਹਦਾ ਹੀ ਰਹਿ ਗਿਆ
ਹੌਲ਼ੀ-ਹੌਲ਼ੀ ਉਸ ਦੇ ਕੁੱਬ ਪੈ ਗਿਆ
ਜਿਵੇਂ ਗ਼ੁਰਬਤ ਦੀ ਮਿਹਰ ਨੇ
ਮੇਰੀ ਗਲ਼ੀ ਦੇ ਰੁਲ਼ੀਏ ਨੂੰ ਲੈ ਲਿਆ।

ਮੈਂ ਡਾਂਗ ਚੁੱਕੀ
ਬਾਬਾ ਬੋਹੜ ਦੇ ਲੁੱਚੇ ਟਹਿਣੇ ਤੋੜ ਦਿੱਤੇ
ਹੋਰ ਟਹਿਣੀਆਂ ਦੇ ਮੂੰਹ ਮੋੜ ਦਿੱਤੇ
ਮਹਾਂ ਦਾਨੀ ਸੂਰਜ ਦੀਆਂ ਕਿਰਨਾਂ ਨੂੰ ਲਾਂਘਾ ਮਿਲ਼ ਗਿਆ
ਵਿਚਾਰੇ ਅੰਬ ਦੇ ਬੂਟੇ ਦਾ ਮੁਕੱਦਰੀ ਗੁਲਾਬ ਖਿੜ ਗਿਆ
ਮੈਂ ਉਸ ਦੇ ਨਾਲ਼
ਆਪਣੀ ਡਾਂਗ ਖੜ੍ਹੀ ਕਰ ਉਸ ਨੂੰ ਆਸਰਾ ਦਿੱਤਾ

ਸੂਰਜ ਤੋਂ ਨਿੱਘ ਮਿਲ਼ਿਆ ਚਾਨਣ ਨਸੀਬ ਹੋਇਆ
ਜ਼ਿੰਦਗੀ ਦਾ ਹੁਲ਼ਾਰਾ ਉਸ ਦੇ ਕਰੀਬ ਹੋਇਆ।
ਕੁਝ ਅਰਸੇ ਬਾਅਦ
ਮੈਂ ਆਪਣੀ ਡਾਂਗ ਆਪ੍ਰਣੇ ਹੱਥ ਫੜ ਲਈ
ਵਿਚਾਰਾ ਅੰਬ ਦਾ ਬੂਟਾ ਵਿਚਾਰਾ ਨਹੀਂ ਰਿਹਾ
ਉਸ ਦਾ ਪੱਤਾ-ਪੱਤਾ ਹਰਾ ਹੋ ਗਿਆ ਏ
ਉਹ ਸਾਰੇ ਦਾ ਸਾਰਾ ਖਰਾ ਹੋ ਗਿਆ ਏ
ਉਸ ਦਾ ਤਣਾ ਡਾਂਗ ਵਾਂਗ ਸਿੱਧਾ ਹੋ ਗਿਆ ਹੈ
ਉਹ ਸਾਰੇ ਦਾ ਸਾਰਾ ਆਪਣੇ ਪੈਰੀਂ ਖੜੋ ਗਿਆ ਹੈ।

ਮੈਂ ਡਾਂਗ ਤੇ ਅਕਲ ਦੀ
ਕਰਾਮਾਤ 'ਤੇ ਮੁਸਕਰਾ ਰਿਹਾ ਹਾਂ
ਜ਼ਿੰਦਗੀ ਦਾ ਗੀਤ ਗਾ ਰਿਹਾ ਹਾਂ
ਹੁਣ ਮੈਂ ਰੁਲ਼ੀਏ ਦੇ ਘਰ ਜਾ ਰਿਹਾ ਹਾਂ।






ਮਨਪ੍ਰੀਤ ਪ੍ਰਕਾਸ਼ਨ , ਦਿੱਲੀ




*ਕਹਾਣੀ :*

# ਕੀ ਕਰਾਂ ?

*—ਗੁਰਮੀਤ ਕੜਿਆਲਵੀ*

ਮੈਡਮ ਰਵਨੀਤ ਮੇਰੇ ਸਰੀਰ ਵੱਲ ਬੜੇ ਗਹੁ ਨਾਲ ਵੇਖਦੀ ਰਹੀ ਸੀ। ਕਿੰਨਾ ਹੀ ਚਿਰ ਮੇਰੇ ਚਿਹਰੇ ਉਤਲੇ ਭਾਵਾਂ ਨੂੰ ਪੜ੍ਹਦੀ ਰਹੀ। ਪ੍ਰਸ਼ਨ ਚਿੰਨ੍ਹ ਬਣੀਆਂ ਉਸਦੀਆਂ ਨਜ਼ਰਾਂ ਮੇਰੇ ਬਦਨ ਉੱਤੇ ਫਿਰਦੀਆਂ ਵੇਖ ਮੈਂ ਝੇਪ ਗਈ ਸਾਂ। ਰਵਨੀਤ ਮੈਡਮ, ਇਕ ਨਹੀਂ ਅਨੇਕ ਵਾਰ ਮੈਨੂੰ ਕਹਿ ਚੁੱਕੀ ਹੈ, "ਕਿਰਨ...ਅੜੀਏ! ਹੁਣ ਤਾਂ ਸਾਨੂੰ ਵਿਆਹ ਦੇ ਲੱਡੂ ਖੁਆ ਹੀ ਛੱਡ। ਹੁਣ ਤਾਂ ਤੇਰੀ ਅੱਗ ਵਰਗੀ ਉਮਰ ਐ। ਐਹੀ ਜਈ ਉਮਰ 'ਚ ਹਾਣ ਤੋਂ ਬਿਨ੍ਹਾਂ ਕਿਵੇਂ ਗੁਜ਼ਾਰਾ ਕਰਦੀ ਏਂ ? ਅੜੀਏ ਮੇਰੀ ਤਾਂ ਸਮਝ 'ਚ ਨੀ ਆਉਂਦਾ। ਜਦੋਂ ਮੈਂ ਤੇਰੇ ਅਰਗੀ ਉਮਰ 'ਚ ਸਾਂ, ਮੇਰੇ ਤਾਂ ਸਰੀਰ 'ਚੋਂ ਲਪਟਾਂ ਨਿਕਲਦੀਆਂ ਸਨ। ਐਹੋ ਜਹੀ ਉਮਰ 'ਚ ਬੰਦਾ ਪਾਣੀ ਕੋਲ ਖੜ੍ਹੇ ਤਾਂ ਪਾਣੀਆਂ ਨੂੰ ਅੱਗ ਕਿਹੜਾ ਨਾ ਲੱਗ ਜੇ। ਕਿਤੇ...ਕਿਤੇ ਚੋਰੀ ਛਪੋਰੀ ਤਾਂ ਨੀ ਗੁੜ ਆਲ਼ੀ ਬੋਰੀ ਨੂੰ ਮੂੰਹ ਮਾਰੀ ਜਾਂਦੀ।"

"ਬੇਸ਼ਰਮ!" ਮੈਥੋਂ ਮਸੀਂ ਇੰਨਾ ਹੀ ਕਿਹਾ ਗਿਆ ਸੀ। ਮੇਰੇ ਅੰਦਰੋਂ ਕੁਝ ਬੁੱਝ ਗਿਆ ਸੀ।

"ਨ੍ਹੀ ਕੀ ਪਤਾ ਲੱਗਦਾ ਬੰਦੇ ਦਾ...ਜਦੋਂ ਤੱਕ ਇਹ ਸਰੀਰ ਅੰਨ ਖਾਂਦਾ, ਉਦੋਂ ਤੱਕ ਹਿਰਖ ਨ੍ਹੀ ਮੁਕਦੀ। ਫਿਰ ਤੂੰ ਤਾਂ ਅਜੇ ਕੱਲ ਦੀ ਜੁਆਕ ਏਂ। ਨਾਲੇ ਅੜੀਏ, ਹਰ ਕੰਮ ਵੇਲੇ ਸਿਰ ਈ ਸ਼ੋਭਦਾ। ਵਿਆਹ ਵੀ ਰੁੱਤ ਸਿਰ ਦਾ ਮੇਵਾ ਹੁੰਦਾ। ਕੁਵੇਲੇ ਛੇੜਿਆ ਰਾਗ ਕਾਹਨੂੰ ਜੱਚਦਾ। ਫੇਰ ਤਾਂ ਐਵੇਂ ਧੂਹ ਘੜੀਸ ਜੀ ਆਲੀ ਗੱਲ ਹੁੰਦੀ ਐ। ਨੀ ਕਾਹਨੂੰ ਗਾਲਦੀਂ ਏ ਸੋਨੇ ਵਰਗੀ ਦੇਹੀ। ਕਰਲਾ ਕੋਈ ਹੀਲਾ-ਬੁੱਤਾ। ਪਿਆ-ਪਿਆ ਤਾਂ ਸੋਨਾ ਵੀ ਮਿੱਟੀ ਹੋ ਜਾਂਦਾ। ਦੇਖ ਸੋਨੇ ਵਰਗੀ ਤੇਰੀ ਕਾਇਆ...।"

"ਭੈਣ ਮੇਰੀਏ...ਕੁਛ ਨੀ ਹੁੰਦਾ ਏਸ ਕਾਇਆ ਨੂੰ।"

ਹੈ! ਕੁਝ ਨ੍ਹੀ ਹੁੰਦਾ ? ਨਾ ਕੁਝ ਕਿਉਂ ਨੀ ਹੁੰਦਾ ? ਮੈਂ ਤਾਂ ਹੈਰਾਨ ਹਾਂ ਤੇਰੇ 'ਤੇ। ਸਾਡੇ ਤਾਂ ਵਿਆਹ ਦੇ ਨਾਂ ਨਾਲ ਈ ਕੁਤਕਤਾੜੀਆਂ ਜਿਹੀਆਂ ਹੋਣ ਲੱਗਦੀਆਂ ਸੀ। ਤੇਰੇ ਉੱਤੇ ਖਵਰੇ ਕਿਉਂ ਅਸਰ ਨਹੀਂ ਹੁੰਦਾ। ਪਤਾ ਨੀ ਕੀ ਧਨੀਆਂ ਉਬਾਲ-ਉਬਾਲ ਪੀਨੀ ਰਹਿਨੀ ਐਂ। ਅੱਗ ਅਰਗੀ ਉਮਰ 'ਚ ਬੰਦਾ ਊਈਂ ਬੁਝਿਆ ਫਿਰੇ...ਊਂਹੂੰ...ਮੇਰੇ ਤਾਂ ਖ਼ਾਨੇ ਗੱਲ ਨੀ ਵੜਦੀ। ਮੇਰੇ ਅਰਗਾ ਤਾਂ ਚਾਰ-ਚਾਰ ਵਿਆਹ ਕਰਾਕੇ ਨਾ ਰੱਜੇ। ਮੈਂ ਤਾਂ ਕੋਠਿਓਂ ਛਾਲ ਕਿਹੜਾ ਨਾ ਮਾਰਦਿਆਂ ਬੰਦੇ ਦਾ ਨਾਂ ਸੁਣਕੇ...।"

ਕੁਝ ਨਹੀਂ ਬੋਲਦੀ ਮੈਂ।

"ਨੀ ਮਾਸਟਰਾਣੀਏਂ! ਮੈਨੂੰ ਲੱਗਦਾ ਬਾਬਿਆਂ ਦੀ ਅਕੈਡਮੀ 'ਚ ਰਹਿ ਕੇ ਤੇਰਾ ਊਈਂ ਮੱਚ ਮਰ ਗਿਆ। ਮੁਗਧਰ ਵਰਗੇ ਪੱਟ ਵੇਖ-ਵੇਖ ਕੇ।" ਰਵਨੀਤ ਮੈਡਮ ਮੇਰੀ ਵੱਖੀ ਵਿਚ ਹੁੱਝ ਮਾਰ ਕੇ ਉੱਚੀ-ਉੱਚੀ ਹੱਸਦੀ ਹੈ। ਇਸ ਪ੍ਰਾਈਵੇਟ ਸਕੂਲ ਵਿਚ ਜਦੋਂ ਦੀ ਪੜ੍ਹਾਉਣ ਲੱਗੀ ਹਾਂ, ਇਕ ਰਵਨੀਤ ਮੈਡਮ ਹੀ ਹੈ ਜਿਸ ਨਾਲ ਮੈਂ ਗੱਲ ਬਾਤ ਕਰ ਲੈਂਦੀ ਹਾਂ ਵਰਨਾ ਮੈਂ ਹਰ ਇਕ ਤੋਂ ਜੀਅ ਚੁਰਾਉਂਦੀ ਰਹਿੰਦੀ ਹਾਂ। ਰਵਨੀਤ ਮੈਡਮ ਮੈਨੂੰ ਖੁਸ਼ ਕਰਨ ਲਈ ਕਦੇ-ਕਦੇ ਇਸੇ ਤਰ੍ਹਾਂ ਛੇੜਨ ਲੱਗ ਜਾਂਦੀ ਹੈ।

"ਚੱਲ ਮੱਠਾ-ਮੱਠਾ ਤਾਅ ਦੇਈ ਰੱਖ ਆਵਦੇ ਜਜ਼ਬਿਆਂ ਨੂੰ, ਨਈਂ ਤ੍ਹਾਂ ਊਈਂ ਮਿੱਟੀ ਹੋਜੇਂਗੀ। ਜਦੋਂ ਲਟ-ਲਟ ਬਲਣ ਲੱਗਪੀ, ਆਪੇ ਹਾਣ ਲੱਭਣ ਆਸਤੇ ਪਤਾਲੀਂ ਉਤਰ ਜਾਏਂਗੀ...।"

ਹੋਰ ਉਦਾਸ ਹੋ ਗਈ ਸਾਂ ਸੁਣਕੇ। ਕਿਵੇਂ ਬਲ਼ ਪਵਾਂਗੀ ਲਟ-ਲਟ ਕਰਕੇ। ਬੁਝੇ ਹੋਏ ਕੋਲਿਆਂ ਵਿਚ ਸੇਕ ਕਿੱਥੋਂ ਆਊ!' ਕੀ ਦੱਸਾਂ ਮੈਡਮ ਰਵਨੀਤ ਨੂੰ ਕਿ ਰਾਖ ਨੂੰ ਕਿਵੇਂ ਕੋਈ ਧੁਖਣ ਲਾਵੇ। ਕਿ ਇਸ ਜਿਸਮ ਵਿਚ ਕੋਈ ਚਿਣਗ ਈ ਨਹੀਂ ਉੱਠਦੀ। ਕਿਵੇਂ ਸਮਝਾਵਾਂ ਮੈਡਮ ਰਵਨੀਤ ਵਰਗੀਆਂ ਨੂੰ ਕਿ ਮੇਰੇ ਵਰਗੀ ਉਮਰ 'ਚ ਕਿਸਦਾ ਜੀਅ ਨਹੀਂ ਕਰਦਾ ਕਿ ਉਸਦੇ ਪੈਰਾਂ ਵਿਚ ਪਾਏ ਘੁੰਗਰੂਆਂ ਦੀ ਛਣਕਾਰ

ਕਿਸੇ ਅੰਦਰ ਹਲਚਲ ਪੈਦਾ ਕਰੇ ਕਿ ਉਸਦਾ ਵੀ ਕੋਈ ਹਾਣੀ ਹੋਵੇ ਜਿਸਦੇ ਸੁਪਨਿਆਂ ਵਿਚ ਉਤਰ ਕੇ ਉਹ ਕਦੇ ਸ਼ੂਕਦੀ ਵੇਗਮੱਤੀ ਨਦੀ ਅਤੇ ਕਦੇ ਝੀਲ ਬਣ ਜਾਵੇ।

ਕਦੇ ਝੀਲ ਬਣੀ ਵੀ ਸਾਂ ਕਿਸੇ ਲਈ। ਸੁਪਨੇ ਲੈਂਦੀ ਸਾਂ ਕਿ ਉਹ ਮੇਰੇ ਨਿਤਰੇ ਪਾਣੀਆਂ ਵਿਚ ਡੁੱਬਣ ਤੇ ਤਰਨ ਦੀਆਂ ਗੱਲਾਂ ਕਰੇ। ਹੁਣ ਤਾਂ ਇਹ ਝੀਲ ਵਰਗਾ ਜਿਸਮ ਕੋਲ਼ਿਆਂ ਦੀ ਬੁਝੀ ਰਾਖ ਬਣਾ ਦਿੱਤਾ ਗਿਆ। ਇਸ ਬੁਝੀ ਰਾਖ ਦਾ ਹੁਣ ਕੋਈ ਕੀ ਕਰੇ ? ਜਦੋਂ ਜਿਸਮ ਵਿਚ ਸੇਕ ਹੀ ਨਾ ਹੋਵੇ, ਪੱਥਰ ਤੇ ਲਾਸ਼ ਵਿਚ ਕੀ ਫ਼ਰਕ ਰਹਿ ਜਾਂਦਾ ਹੈ।

26 ਮਈ, ਉਹ ਕੋਈ ਆਮ ਵਰਗਾ ਦਿਨ ਨਹੀਂ ਸੀ। ਬਾਰਵੀਂ ਜਮਾਤ ਦਾ ਨਤੀਜਾ ਆਇਆ ਸੀ ਉਸ ਦਿਨ। ਜਮਾਤ ਦੇ 32 ਮੁੰਡਿਆਂ ਕੁੜੀਆਂ ਵਿੱਚੋਂ 12 ਅਗਲੀ ਜਮਾਤ ਦੀ ਪੌੜੀ ਨਹੀਂ ਸੀ ਚੜ੍ਹੇ। ਸਾਰੀ ਕਲਾਸ ਵਿੱਚੋਂ ਪਹਿਲੇ ਨੰਬਰ 'ਤੇ ਆਉਣ ਦੀਆਂ ਵਧਾਈਆਂ ਮਿਲ ਰਹੀਆਂ ਸਨ ਮੈਨੂੰ। ਇਹੀ ਦਿਨ ਸੀ ਜਿਦਣ ਘਰਾਂ 'ਚੋਂ ਤਾਇਆ ਲੱਗਦਾ ਮਾਸਟਰ ਸ਼ਮਸ਼ੇਰ ਸਿੰਘ ਘਰ ਵਧਾਈ ਦੇਣ ਆਇਆ ਸੀ। ਇਕ ਤਰ੍ਹਾਂ ਮੇਰੀ ਕੈਦ ਦਾ ਕੋਈ ਚਿੱਠਾ ਹੀ ਲੈ ਆਇਆ ਸੀ।

"ਭਗਵਾਨ ਸਿਆਂ! ਕੁੜੀ ਤੇਰੀ ਨੇ ਬੜੀ ਵੱਡੀ ਪ੍ਰਾਪਤੀ ਕੀਤੀ ਐ। ਹੁਣ ਘਰੇ ਨਾ ਬਹਾਈਂ। ਅੱਗੇ ਪੜ੍ਹਾਈਂ ਇਹਨੂੰ। ਪੈਰਾਂ ਸਿਰ ਹੋ ਕੇ ਚੰਗਾ ਆਸਰਾ ਬਣੂ। ਨਿੱਕੇ ਭੈਣ-ਭਰਾਵਾਂ ਨੂੰ ਮੋਢਾ ਲਾਊ। ਕੀ ਸੋਚਿਆ ਤੁਸੀਂ ਅੱਗੇ ?" ਮਾਸਟਰ ਸ਼ਮਸ਼ੇਰ ਸਿੰਘ ਨੂੰ ਪਤਾ ਸੀ ਕਿ ਛੇਵੀਂ ਫੇਲ੍ਹ' ਭਗਵਾਨ ਸਿੰਹੁ ਨੂੰ 'ਅੱਗੇ ਕੀ ਕਰਾਉਣਾ' ਇਹਦਾ ਕੀ ਪਤਾ।

"ਮਾਸਟਰ ਸੈਬ! ਕਬੀਲਦਾਰੀ ਆਲੀ ਗੱਡ ਭਾਰੀ ਐ। ਮਸਾਂ ਬਾਰਾਂ ਕਰਾਂਈਆਂ। ਅੱਗੇ ਪੜ੍ਹਾਉਣ ਦੀ ਪੁਜਤ ਹੈ ਨੀ। ਸੋਥੋਂ ਕੀ ਭੁੱਲ ਐ ? ਪਿੰਡ 'ਚੋਂ ਸਿਖਲੂ ਕਿਸੇ ਤੋਂ ਸੀਣ-ਪਰੋਣ ਦਾ ਕੰਮ। ਰੋਟੀ ਜੋਗੀ ਹੋਜੂ।" ਸੁਣ ਕੇ ਮੇਰੇ ਦਿਮਾਗ ਨੂੰ ਝਟਕਾ ਲੱਗਾ ਸੀ। ਮੇਰੇ ਨਾਲ ਦੀਆਂ ਕਈ ਕੁੜੀਆਂ ਸ਼ਹਿਰ ਕਾਲਜ ਪੜ੍ਹਨ ਦੀਆਂ ਤਿਆਰੀਆਂ 'ਚ ਸਨ। ਉਂਜ ਘਰ ਦੇ ਭੜੋਲਿਆਂ 'ਚੋਂ ਭਾਦੋਂ ਮਹੀਨੇ ਹੀ ਮੁੱਕ ਜਾਂਦੀ ਕਣਕ ਦਾ ਮੈਨੂੰ ਵੀ ਗਿਆਨ ਸੀ-ਇਸੇ ਕਰਕੇ ਅੱਗੇ ਪੜ੍ਹਨ ਬਾਰੇ ਜ਼ਿਆਦਾ ਆਸ ਨਹੀਂ ਸੀ ਲਾਈ।

"ਨਾ-ਨਾ ਇਹ ਗਲਤੀ ਨਹੀਂ ਕਰਨੀ। ਜਦੋਂ ਧੀ-ਪੁੱਤ ਪੜ੍ਹਨ ਵਾਲਾ ਹੋਵੇ...ਉਦੋਂ ਘਾਟਾ ਵਾਧਾ ਨੀ ਦੇਖੀਦਾ। ਕਬੀਲਦਾਰੀ ਆਲੀ ਲਾਰੀ ਤਾਂ ਆਏਂ ਹੀ ਚੱਲਦੀ ਹੁੰਦੀ ਢਿੰਚਕੂੰ...ਢਿਚਕੂੰ ਕਰਕੇ। ਨਾਲ਼ੇ ਮੈਂ ਏਸੇ ਪਾਰੋਂ ਤੇਰੇ ਕੋਲ਼ ਆਇਆ ਸੀ। ਏਸ ਬੱਚੀ ਨੂੰ ਅਸੀਂ ਕਿਸੇ ਸਿਰੇ ਬੰਨੇ ਲੱਗੀ ਵੇਖਣਾ ਚਾਹੁੰਨੇ ਆਂ।"

"ਉਹ ਤਾਂ ਠੀਕ ਐ...ਪਰ ?"

"ਭਗਵਾਨ ਸਿਆਂ...ਬੀਬੀ ਕਿਰਨ ਨੂੰ ਅੱਗੇ ਤੇ ਉਹ ਵੀ ਬਾਬਾ ਜੀ ਆਲੀ ਅਕੈਡਮੀ ਵਿਚ ਪੜ੍ਹਾਉਣ ਦਾ ਮੇਰਾ ਜ਼ਿੰਮਾ। ਆਨਾ ਨੀ ਲੱਗਣਾ ਥੋਡਾ। ਏਸ ਗੱਲੋਂ ਨਿਸ਼ਚਿੰਤ ਹੋ ਜੋ। ਅਕੈਡਮੀ ਦਾ ਤਾਂ ਥੋਨੂੰ ਪਤਾ ਈ ਐ। ਕੌਮ ਦੇ ਬੱਚੇ-ਬੱਚੀਆਂ ਨੂੰ ਪੜ੍ਹਾਈ ਦੇ ਨਾਲ਼-ਨਾਲ਼ ਧਰਮ ਵਿਚ ਪਰਪੱਕ ਕਰਨਾ ਉਹਨਾਂ ਦਾ ਮਨੋਰਥ ਐ। ਦੂਰ-ਦੂਰ ਤੋਂ ਬੱਚੇ-ਬੱਚੀਆਂ ਪੜ੍ਹਦੇ ਉੱਥੇ। ਉੱਥੇ ਦਾਖਲਾ ਲੈਣ ਆਸਤੇ ਤਾਂ ਦੁਨੀਆਂ ਤਰਸਦੀ ਫਿਰਦੀ। ਬਾਬਾ ਜੀ ਆਪ ਸਾਰਾ ਪ੍ਰਬੰਧ ਵੇਖਦੇ। ਛਾਂਟ-ਛਾਂਟ ਕੇ ਵਿਦਵਾਨ ਤੇ ਮਾਹਰ ਟੀਚਰ ਰੱਖਦੇ ਨੇ।"

"ਮਾਸਟਰ ਜੀ! ਆਪਣੇ ਸੂਬੇਦਾਰਾਂ ਦੇ ਦੁੱਲਾ ਸਿੰਹੁ ਨੇ ਪੋਤਰਾ-ਪੋਤਰੀ ਪੜ੍ਹਨ ਲਾਏ ਸੀ। ਵਿੱਚੋਂ ਈ ਉਠਾ'ਲ ਲੇ। ਉਹ ਤਾਂ ਆਂਹਦਾ ਸੀ ਅਖੇ ਖਰਚਾ ਈ ਬਾਹਲਾ ਉਥੇ ਤਾਂ। ਭਾਈ ਸਾਬ ਸਾਡੇ ਤੋਂ ਤਾਂ ਜੁਆਕਾਂ ਦੀ ਸਰਕਾਰੀ ਸਕੂਲਾਂ ਦੀ ਫੀਸ ਈ ਨ੍ਹੀ ਸੀ ਦੇ ਹੁੰਦੀ, ਪ੍ਰਾਈਵੇਟ ਆਲ਼ਿਆਂ ਦੀ ਮਾਰ ਕਿੱਥੋਂ ਝੱਲ ਲਾਂਗੇ ?"



"ਭਗਵਾਨ ਸਿਆਂ, ਅਕੈਡਮੀ ਦੂਲਿਆਂ-ਸੂਲਿਆਂ ਦੇ ਜੁਆਕਾਂ ਆਸਤੇ ਨ੍ਹੀ ਬਣੀ। ਨਾਲੇ ਤੈਨੂੰ ਕਹਿਤਾ ਮੇਰੀ ਜ਼ਿੰਮੇਵਾਰੀ ਐ। ਆਪਣੇ ਪੂਰੇ ਪੰਜਾਬ 'ਚੋਂ ਪੰਜ ਕੁੜੀਆਂ ਪੜ੍ਹਾਉਣੀਆਂ ਉਹਨਾਂ ਨੇ ਮੁਫਤ। ਐਨ ਜਵਾਂ ਫਰੀ। ਉੱਥੇ ਹੋਸਟਲ 'ਚ ਈ ਰਹਿਣਗੀਆਂ...ਹੋਰ ਸੁਣ। ਬੀ.ਏ. ਤੋਂ ਬਾਅਦ ਬੀ.ਐਡ ਵੀ ਉੱਥੇ ਈ ਕਰਨਗੀਆਂ। ਉੱਥੇ ਈ ਅਕੈਡਮੀ ਦੇ ਸਕੂਲ 'ਚ ਨੌਕਰੀ ਵੀ ਮਿਲੂ ਨਾਲ਼ ਦੀ ਨਾਲ਼। ਇਹ ਤਾਂ ਧਰਮ ਨੂੰ ਸਮਰਪਣ ਹੋਣ ਵਾਲੀ ਗੱਲ ਐ। ਫਿਰ ਥੋਡੇ ਸਿਰੋਂ ਭਾਰ ਲਹਿ ਗਿਆ ਸਮਝੋ।"

"ਦੇਖ ਲੋ ਬਾਈ ਜੀ...ਉੱਥੇ ਈ ਰਹੂ ? ਸਾਡਾ ਜੀਅ ਕਿਵੇਂ ਲੱਗੂ...ਕੱਲਾ ਧੀ-ਪੁਤ ਬਾਹਰ ਕਿਵੇਂ ਰਹੂ ?" ਬੀਬੀ ਨੂੰ ਪਤਾ ਨਹੀਂ ਸੀ ਲੱਗ ਰਿਹਾ ਕੀ ਗੱਲ ਕਰੇ।

"ਹੈ ਕਮਲ਼ੀ ਨਾ ਹੋਵੇ...ਭਾਈ ਕੁੜੀਏ, ਇਹ ਕੁੜੀ ਤਾਂ ਤੇਰਾ ਦੁੱਧ ਸਫਲਾ ਕਰਦੂ। ਅਕੈਡਮੀ ਇਸ ਟੈਮ ਦੇਸ਼ ਦੀਆਂ ਚੋਟੀ ਦੀਆਂ ਵਿਦਿਅਕ ਸੰਸਥਾਵਾਂ 'ਚ ਆਉਂਦੀ ਐ। ਫਿਰ ਬਾਬਾ ਜੀ ਦਾ ਮਨੋਰਥ ਕੌਮ ਨੂੰ ਅੱਗੇ ਲੈ ਕੇ ਜਾਣਦਾ ਐ। ਤੁਸੀਂ ਹੋਰ ਸੋਚੋ ਆਹ ਮੁੰਡੇ-ਕੁੜੀਆਂ ਕਿਉਂ ਵਿਗੜਦੇ ਜਾਂਦੇ ਇਹੀ ਕਿ ਉਹਨਾਂ ਨੂੰ ਸਕੂਲਾਂ-ਕਾਲਜਾਂ ਵਿਚ ਨੈਤਿਕ ਸਿੱਖਿਆ ਨ੍ਹੀ ਦਿੱਤੀ ਜਾਂਦੀ। ਧਰਮ-ਕਰਮ ਨ੍ਹੀ ਪੜ੍ਹਾਇਆ ਜਾਂਦਾ। ਧਰਮ ਨਾਲ ਜੁੜਿਆ ਬੱਚਾ ਨ੍ਹੀ ਡੋਲਦਾ ਹੁੰਦਾ। ਹੁਣ ਜੁਆਕਾਂ 'ਤੇ ਧਰਮ ਦਾ ਕੁੰਡਾ ਹੈ ਕੋਈ ਨ੍ਹੀ ? ਆਹ ਨਿੱਕੀਆਂ-ਸੁੱਕੀਆਂ ਜਾਤਾਂ ਧਰਮ ਛੱਡ-ਛੱਡ ਗਿਰਜਿਆਂ ਅੱਲੀ ਤੁਰੀਆਂ ਜਾਂਦੀਆਂ। ਕੁਝ ਮੁੰਡੀਰ ਕੰਨਾਂ 'ਚ ਨੱਤੀਆਂ ਜਿਹੀਆਂ ਪਾ ਕੇ "ਜੈ ਮਸਤਾਂ ਦੀ-ਜੈ ਮਸਤਾਂ ਦੀ" ਕਰਦੀ ਫਿਰਦੀ ਐ। ਹੁਣ ਤੁਸੀਂ ਦੱਸੋ ਜਦੋਂ ਨਵੀਂ ਪਨੀਰੀ ਨੂੰ ਕੋਈ ਧਰਮ ਨਾਲ ਈ ਨਾ ਜੋੜੂ ..ਉਹਨੇ ਵਿਗੜਨਾ ਤਾਂ ਹੋਇਆ ਈ।"

"ਇਹ ਤਾਂ ਹੈ...।" ਬਾਪ ਲਈ ਐਡੀਆਂ ਗੱਲਾਂ ਦਾ ਕੀ ਅਰਥ ਸੀ।

"ਨਾਲੇ ਭਾਈ ਜਸਮੇਲ ਕੁਰੇ...ਅਕੈਡਮੀ 'ਚ ਅਨੁਸ਼ਾਸਨ ਬਹੁਤ ਐ। ਚਿੜੀ ਨੀ ਫਟਕਦੀ ਉੱਥੇ। ਬਾਬਿਆਂ ਦੀ ਮਰਜ਼ੀ ਬਿਨਾਂ ਤਾਂ ਪੰਛੀ ਪਰ ਨੀ ਮਾਰ ਸਕਦਾ। ਉੱਥੇ ਤਾਂ ਭਾਈ ਮਾਂ-ਪਿਉ ਨੂੰ ਵੀ ਤਿੰਨ ਮਹੀਨਿਆਂ 'ਚ ਇਕ ਵਾਰੀ ਮਿਲਣ ਦੀ ਇਜਾਜ਼ਤ ਮਿਲਦੀ ਐ। ਨਾਲੇ ਤੁਸੀਂ ਹਾਅ ਜਿਹੜੀ ਜੀਅ ਲੱਗਣ ਦੀ ਗੱਲ ਕਰਦੇ ਓ ਨਾ...ਕੁੱਝ ਪਾਉਣ ਲਈ, ਕੁਝ ਗੁਆਉਣਾ ਪੈਂਦਾ।"

"ਬਾਈ ਗੱਲ ਥੋਡੀ ਠੀਕ ਐ...।"

"ਚੰਗੇ-ਚੰਗੇ ਘਰ ਆਵਦੇ ਜੁਆਕਾਂ ਨੂੰ ਪੜ੍ਹਨ ਆਸਤੇ ਕਨੇਡਾ-ਅਮਰੀਕਾ ਤੋਰੀ ਜਾਂਦੇ। ਬਿਗਾਨੇ ਮੁਲਕੀ '। ਸਮੁੰਦਰਾਂ ਤੋਂ ਪਾਰ। ਹਜ਼ਾਰਾਂ ਮੀਲ ਦੂਰ। ਨਾ ਆਵਦੀ ਧਰਤੀ, ਨਾ ਬੋਲੀ, ਨਾ ਆਵਦੇ ਲੋਕ। ਇਹ ਤਾਂ ਭਾਈ ਹੈ ਈ ਆਵਦੇ ਕੋਲ਼। ਹਾਅ ਚਾਰ ਹੱਥ ਤਾਂ ਹੈ। ਤਿੰਨੀ ਚਹੁੰ ਮਹੀਨੀਂ ਜਾ ਕੇ ਮਿਲ ਆਏ ਦੋਵੇਂ ਜੀਅ। ਹੈਂ...ਹੋਰ ਕੀ ਚਾਹੀਦਾ। ਧੀ-ਪੁੱਤ ਟਿਕਾਣੇ ਸਿਰ ਹੋਜੂ। ਜਿਵੇਂ ਥੋਨੂੰ ਪਹਿਲਾਂ ਕਿਹਾ ਕੁਛ ਪਾਉਣ ਲਈ...।"

* * *

ਅਕੈਡਮੀ ਵਿਚ ਆਉਣ 'ਤੇ ਥੋੜ੍ਹੇ ਦਿਨਾਂ ਬਾਅਦ ਹੀ ਮਹਿਸੂਸ ਕਰ ਲਿਆ ਸੀ ਕਿ ਇਥੇ ਪਾਉਣਾ ਨਹੀਂ ਸਿਰਫ਼ ਗੁਆਉਣਾ ਹੀ ਗੁਆਉਣਾ ਹੈ।

ਜਦੋਂ ਪਹਿਲੀ ਵਾਰ ਬੀਬੀ-ਭਾਪਾ ਮਿਲਣ ਆਏ ਸਨ ਤਾਂ ਮੇਰਾ ਲਿਬਾਸ ਵੇਖ ਕੇ ਬੀਬੀ ਤੋਂ ਚਾਅ ਚੱਕਿਆ ਨਹੀਂ ਸੀ ਜਾਂਦਾ, "ਕਿਰਨੀਏ, ਭਾਈ ਤੇਰੀ ਤਾਂ ਜ਼ਿੰਦਗੀ ਬਣ ਗੀਓ... ਜਿਉਂਦਾ ਵਸਦਾ ਰਹੇ ਮਾਸਟਰ ਸਮਸ਼ੇਰ ਸਿੰਹੁ। ਪੜ੍ਹਾਈ ਦੇ ਨਾਲ਼-ਨਾਲ਼ ਕੁੜੀ ਨੂੰ ਗੁਰੂ ਮਾਰਾਜ ਦੇ ਵੀ ਲੜ ਲਾਤਾ।" ਮੈਂ ਕੁੱਝ ਨਹੀਂ ਸਾਂ ਬੋਲ ਸਕੀ। ਚਾਹੁੰਦੀ ਤਾਂ ਸਾਂ ਆਖਾਂ, "ਢੱਠੇ ਖੂਹ ਵਿਚ ਪਏ ਥੋਡੀ ਅਕੈਡਮੀ ਨਾਲੇ ਪੜ੍ਹਾਈ.. ਮੈਥੋਂ ਨੀ ਰਹਿ ਹੁੰਦਾ ਐਨੀਆਂ ਵਲਗਣਾਂ 'ਚ। ਮੇਰਾ ਨੀ ਜੀਅ ਲੱਗਦਾ ਇੱਥੇ।" ਪਰ ਕਿਵੇਂ ਕਹਿੰਦੀ ? ਮੇਰੇ ਨਾਲ ਬੈਠੀ ਇਕ ਬੀਬੀ ਦੀਆਂ ਬਾਜ਼ ਅੱਖਾਂ ਅਤੇ ਤਿੱਖੇ ਕੰਨ ਮੇਰੇ ਵੱਲ ਸਨ। ਕੁਝ ਬੋਲਣ ਦੀ

ਇਜਾਜ਼ਤ ਹੀ ਕਿੱਥੇ ਸੀ? ਇੰਜ ਦਾ ਪਹਿਰਾ ਮੇਰੇ ਇਕੱਲੀ 'ਤੇ ਹੀ ਨਹੀਂ ਸਗੋਂ ਮੇਰੇ ਵਾਂਗ ਮੁਫ਼ਤ ਵਿਦਿਆ ਹਾਸਲ ਕਰਨ ਵਾਲੀਆਂ ਸਾਰੀਆਂ ਕੁੜੀਆਂ 'ਤੇ ਹੀ ਸੀ। ਸਾਡੀਆਂ ਸਾਰੀਆਂ ਦੀ ਹੀ ਹੋਣੀ ਸੀ ਇਹ। ਮੈਂ ਤਾਂ ਮਾਂ ਨੂੰ ਪਾਸੇ ਕਰਕੇ ਇਹ ਵੀ ਨਹੀਂ ਸੀ ਦੱਸ ਸਕਦੀ ਕਿ ਐਸ ਉਮਰੇ ਸਰੀਰ ਵਿਚ ਹਰ ਮਹੀਨੇ ਆਉਣ ਵਾਲੀ ਤਬਦੀਲੀ ਵੀ ਨਹੀਂ ਸੀ ਹੋ ਰਹੀ। ਕਿਵੇਂ ਦੱਸਦੀ ਕਿ ਸਰੀਰ ਵਿਚ ਐਨੀ ਵੱਡੀ ਤਬਦੀਲੀ ਅਚਾਨਕ ਕਿਵੇਂ ਵਾਪਰ ਗਈ, ਬਿਨਾਂ ਕਿਸੇ ਬਿਮਾਰੀ ਦੇ ਹੀ ਤੇ ਫਿਰ ਇਕੋ ਵਾਰ ਪੰਜਾਂ ਹੀ ਕੁੜੀਆਂ ਵਿਚ। ਪੰਦਰਾਂ ਮਿੰਟ ਦੀ ਮਿਲਣੀ ਵਿਚ ਮਾਂ ਨਾਲ ਮਸੀਂ ਹੂੰ-ਹਾਂ ਹੀ ਕਰ ਸਕੀ ਸਾਂ। ਮਾਂ ਦੀ ਲਿਆਂਦੀ ਅੱਧੀ ਕੁ ਪਿੰਨੀ ਹੀ ਖਾਧੀ ਸੀ। ਗੇਟ ਤੋਂ ਹੋਸਟਲ ਆਉਂਦਿਆਂ ਤੱਕ, ਬੀਬੀ ਦੀ ਲਿਆਂਦੀ ਪਿੰਨੀਆਂ ਵਾਲੀ ਪੀਪੀ ਸੇਵਾਦਾਰ ਬੀਬੀ ਨੇ ਫੜ ਲਈ ਸੀ, ਪਰ ਇਹ ਪੀਪੀ ਹੋਸਟਲ ਸਾਡੇ ਕਮਰੇ ਤੱਕ ਨਹੀਂ ਸੀ ਪੁੱਜੀ ਹੋਸਟਲ ਦੇ ਕਮਰੇ ਵਿਚ ਅਜਿਹੀ ਚੀਜ਼ ਲਿਆਉਣ ਦੀ ਹੀ ਮਨਾਹੀ ਸੀ। ਮਾਈ ਨੇ ਉਪਦੇਸ਼ ਦਿੱਤਾ ਸੀ, "ਕੁੜੀਆਂ ਨੂੰ ਐਹੋ ਜਿਹਾ ਖਾਣਾ ਨਹੀਂ ਲੈਣਾ ਚਾਹੀਦਾ ਜਿਹੜਾ ਸਰੀਰ ਵਿਚ ਵਿਕਾਰ ਪੈਦਾ ਕਰੇ। ਬਾਬਾ ਹੋਰ ਖਾਣਾ ਖੁਸੀ ਖੁਆਰ...। ਸਾਨੂੰ ਸਦਾ ਸਾਦਾ ਭੋਜਨ ਹੀ ਲੈਣਾ ਚਾਹੀਦਾ ਬੱਸ। ਸਾਦਾ ਭੋਜਨ ਅਤੇ ਗੁਰੂ ਦੀ ਬਾਣੀ...।"

ਭੋਜਨ ਤੋਂ ਬਾਅਦ ਸਾਡੇ ਹੱਥਾਂ ਵਿਚ ਪੋਥੀਆਂ ਫੜਾ ਦਿੱਤੀਆਂ ਜਾਂਦੀਆਂ। ਨਿਗਾਹ ਕਿੱਥੇ ਟਿਕਦੀ ਸੀ ਬਾਣੀ ਦੇ ਸ਼ਬਦਾਂ 'ਤੇ। ਸਾਰਾ ਦਿਨ ਗੁਰਸਿੱਖੀ ਜੀਵਨ ਅਤੇ ਸ਼ੁੱਧ ਆਚਰਣ ਦਾ ਉਪਦੇਸ਼ ਸਾਡੇ ਦਿਮਾਗਾਂ ਵਿਚ ਤੂੜ ਕੇ ਭਰਿਆ ਜਾਂਦਾ। ਮੈਨੂੰ ਵਾਰ-ਵਾਰ ਪਿੰਡ ਵਾਲਾ ਮੇਹਰ ਸਿੰਘ ਮਜ਼੍ਹਬੀ ਸਿੱਖ ਯਾਦ ਆਉਂਦਾ। ਉਸਦੀ ਲੜਕੀ ਮੇਰੇ ਤੋਂ ਦੋ ਸਾਲ ਪਿੱਛੇ ਹੋਣ ਦੇ ਬਾਵਜੂਦ ਮੇਰੀ ਪੱਕੀ ਸਹੇਲੀ ਸੀ। ਮੈਂ ਕਈ ਵਾਰ ਉਸਦੇ ਘਰ ਚਲੀ ਜਾਂਦੀ, ਉਹ ਵੀ ਕਈ ਵਾਰ ਸਾਡੇ ਘਰ ਆ ਜਾਂਦੀ। ਦੂਜੀਆਂ ਕਈ ਕੁੜੀਆਂ ਨੱਕ ਬੁੱਲ੍ਹ ਕੱਢਦੀਆਂ। ਮੈਨੂੰ ਦੀਪੋ ਨਾਲ ਖ਼ਾਸ ਈ ਲਗਾਅ ਸੀ। ਇਸ ਲਗਾਅ ਦਾ ਕਾਰਨ ਸ਼ਾਇਦ ਦੀਪੋ ਦੇ ਪਿਉ ਮੇਹਰ ਸਿੰਘ ਦਾ ਪੂਰਨ ਅੰਮ੍ਰਿਤਧਾਰੀ ਗੁਰਸਿੱਖ ਹੋਣਾ ਸੀ। ਜੱਟਾਂ ਨਾਲ ਸੀਰੀ-ਸਾਂਝੀ ਦਾ ਕੰਮ ਕਰਨ ਵਾਲ਼ੇ ਮੇਹਰ ਸਿੰਘ ਦੀ ਕੁੜੀ ਦੀਪੋ ਬਾਪ ਦੀ ਗਰੀਬੀ ਕਾਰਨ ਦਸਵੀਂ ਤੋਂ ਅੱਗੇ ਪੜ੍ਹਾਈ ਜਾਰੀ ਨਹੀਂ ਸੀ ਰੱਖ ਸਕੀ। ਮੇਹਰ ਸਿੰਘ ਦੀ ਪੱਕੀ ਸਿੱਖੀ ਉਸਦਾ ਕੱਚਾ ਢਾਰਾ ਵੀ ਪੱਕਾ ਨਹੀਂ ਸੀ ਕਰ ਸਕੀ। ਮੈਂ ਉਦੋਂ ਵਧੇਰੇ ਹੈਰਾਨ ਹੁੰਦੀ ਜਦੋਂ ਕੁੜੀਆਂ ਦੀਪੋ ਕਿਆਂ ਦੀ ਸਿੱਖੀ ਦਾ ਵੀ ਮਜ਼ਾਕ ਉਡਾਉਂਦੀਆਂ। ਇਹਨਾਂ ਦਿਨਾਂ ਵਿਚ ਪਿੰਡ ਵਿਚ ਵਗੀ ਨਵੀਂ ਵਾਅ ਕਰਕੇ ਵਿਹੜੇ ਦੇ ਕਈ ਘਰਾਂ ਨੇ ਬਾਬੇ ਨਾਨਕ ਦੀਆਂ ਤਸਵੀਰਾਂ ਲਾਹ ਕੇ ਸਲੀਬ ਦੇ ਨਿਸ਼ਾਨ ਟੰਗ ਦਿੱਤੇ ਸਨ। 'ਪਰਮੇਸ਼ਵਰ' ਵਾਲਿਆਂ ਨੇ ਵਿਹੜੇ ਦੇ ਕਈ ਕੱਚੇ ਘਰ ਪੱਕੇ ਬਣਾ ਦਿੱਤੇ ਸਨ। ਮੇਹਰ ਸਿੰਘ ਵੀ ਮੇਹਰ ਮਸੀਹ ਬਣ ਗਿਆ ਸੀ। ਉਹਨਾਂ ਦੀ ਅਰਦਾਸ, ਪ੍ਰੇਅਰ ਵਿਚ ਤਬਦੀਲ ਹੋ ਗਈ ਸੀ। ਉਦੋਂ ਦੀਪੋ ਦੇ ਘਰਦਿਆਂ ਦਾ ਇੰਜ ਕਰਨਾ ਮੈਨੂੰ ਵੀ ਅੱਖਰਿਆ ਸੀ ਪਰ ਅੱਜ ਸੋਚਦੀ ਹਾਂ ਕਿ ਗਰੀਬ ਦੀ ਕੋਈ ਜਾਤ ਕੋਈ ਧਰਮ ਨਹੀਂ ਹੁੰਦਾ। ਗਰੀਬ ਨੂੰ ਤਾਂ ਚੰਨ ਵੀ ਰੋਟੀ ਲੱਗਦਾ ਹੈ।

ਅਕੈਡਮੀ ਦੀਆਂ ਜੇਲ੍ਹ ਵਰਗੀਆਂ ਕੰਧਾਂ ਵਿਚ ਜਕੜੀ ਮੈਂ ਬਾਬਿਆਂ ਵਲੋਂ ਸਿੱਖੀ ਦੀ ਕੀਤੀ ਜਾ ਰਹੀ ਸੇਵਾ ਬਾਰੇ ਸੋਚਦੀ। ਵਾਰ-ਵਾਰ ਮੇਰਾ ਧਿਆਨ ਵਿਹੜੇ ਦੀਆਂ ਦੀਪੋ ਵਰਗੀਆਂ ਕੁੜੀਆਂ 'ਤੇ ਚਲਾ ਜਾਂਦਾ। ਚਾਚੇ ਮੇਹਰ ਸਿੰਹੁ ਦੇ ਘਰ ਦੀਆਂ ਕੰਧਾਂ ਉੱਤੇ ਟੰਗਿਆ ਸਲੀਬ ਦਾ ਨਿਸ਼ਾਨ ਮੇਰੇ ਸਾਹਮਣੇ ਆ ਜਾਂਦਾ। ਮੈਂ ਸੋਚਦੀ ਮੇਹਰ ਸਿੰਹੁ ਦੇ ਜੁਆਕ ਜੱਲ੍ਹਿਆਂ ਦਾ ਅਕੈਡਮੀ ਵਿਚ ਦਾਖਲਾ, ਕਿਉਂ ਵਰਜਿਤ ਐ? ਦੀਪੋ ਵਰਗੀਆਂ ਗਰੀਬ ਕੁੜੀਆਂ ਮੁੰਡਿਆਂ ਨੂੰ ਪੜ੍ਹਾ ਕੇ ਹੀ ਤਾਂ ਸਿੱਖੀ ਪ੍ਰਫੁਲਿਤ ਹੋ ਸਕਦੀ ਐ। ਬਾਬੇ ਆਏ ਦਿਨ ਕਿਸੇ ਨਵੇਂ ਪਿੰਡ ਵਿਚ ਸਕੂਲ ਖੋਹਲੀ ਜਾਂਦੇ ਨੇ। ਧਰਮ ਦੀ ਸਿੱਖਿਆ ਦੇ ਨਾਂ ਹੇਠ ਵੱਡਾ ਸਾਮਰਾਜ। ਧਰਮ ਦੀ ਇਸ ਸਿੱਖਿਆ ਵਿਚ ਚਾਚੇ ਮੇਹਰ ਸਿੰਘ ਵਰਗੇ ਅਸਲੀ ਧਰਮੀ ਕਿੱਥੇ ਹਨ? ਮੈਨੂੰ ਦਾਦੀ ਦੀ ਆਖੀ ਗੱਲ ਚੇਤੇ ਆਉਂਦੀ, "ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਹੁੰਦੀ ਹੈ।"



ਮੇਹਰ ਸਿੰਹੁ ਚਾਚੇ ਦੇ, ਮੇਹਰ ਮਸੀਹ ਬਣ ਜਾਣ 'ਤੇ ਪਿੰਡ ਵਾਲੇ ਬੜੇ ਔਖੇ ਹੋਏ ਸਨ। ਉਸ ਦਿਨ ਸਬੱਬੀ ਮੈਂ ਉਹਨਾਂ ਦੇ ਘਰ ਸਾਂ। ਜੱਥੇਦਾਰ ਚੰਚਲ ਸਿੰਹੁ ਬੂਹਿਓਂ ਅੰਦਰ ਲੰਘਦਿਆਂ ਹੀ ਉਪਦੇਸ਼ ਝਾੜਨ ਲੱਗਾ ਸੀ, "ਆਹ ਤੈਂਅ ਕੀ ਲੋਹੜਾ ਮਾਰਿਐ। ਥੋਡੇ ਬਾਬੇ ਜੀਵਨ ਸਿੰਘ ਨੇ ਸਿੱਖੀ ਆਸਤੇ ਬੜੀ ਵੱਡੀ ਕੁਰਬਾਨੀ ਕੀਤੀ ਐ। ਗੁਰੂ ਦਾ ਸੀਸ ਦਿਲੀਓਂ ਲਿਆਂਦਾ...ਬੜੀ ਔਖੀ ਘਾਲਣਾ ਸੀ ਸੂਰਮੇ ਦੀ।"

"ਜੱਥੇਦਾਰਾ! ਕਿਤੇ ਅਜ ਭਲਕ ਈ ਲਿਆਂਦਾ ਹੋਊ?" "ਕੀ ਮਤਲਬ...ਕੀ ਮਤਲਬ ਤੇਰਾ...ਐਡੀ ਵੱਡੀ ਕੁਰਬਾਨੀ ਨੂੰ ਤੂੰ ਮਜ਼ਾਕ ਸਮਝਦੈਂ?"

"ਪਹਿਲਾਂ ਤਾਂ ਥੋਨੂੰ ਕਦੇ ਬਾਬੇ ਜੀਵਨ ਸਿੰਘ ਦੀ ਕੁਰਬਾਨੀ ਯਾਦ ਦੀ ਨੀ ਆਈ...ਅੱਜ ਕਿਵੇਂ ਆਗੀ? ਨਾਲੇ ਭਾਈ ਜੈਤਾ...ਬਾਬਾ ਜੀਵਨ ਸਿੰਘ ਕਦੋਂ ਕੁ ਦਾ ਬਣਾਤਾ? ਆਏ ਸਾਲ ਨਗਰ ਕੀਰਤਨ 'ਤੇ ਥੋਡਾ ਸਾਰਾ ਢਾਡੀ ਕੋੜਮਾ 'ਭਾਈ ਜੈਤਾ...ਭਾਈ ਜੈਤਾ' ਕੂਕਦਾ ਰਹਿੰਦਾ। ਉਦੋਂ ਥੋਡੇ 'ਚੋਂ ਕੋਈ ਨੀ ਕਹਿੰਦਾ ਬਈ ਭਾਈ ਜੀਵਨ ਸਿੰਘ ਆਖੋ।"

"ਉਏ ਕਮਲ਼ਿਆ ਟੱਬਰਾ! ਤੁਸੀਂ ਬਾਬੇ ਜੀਵਨ ਸਿੰਹੁ ਦੀ ਔਲਾਦ ਓ। ਸਿੱਖੀ ਜਿਉਂਦੀ ਥੋਡੇ ਕਰਕੇ ਆ...ਮੈਥੋਂ ਸਹੀ ਪੁੱਛੇ ਤਾਂ। ਸਿੱਖੀ ਦੇ ਅਸਲ ਵਾਰਸ ਤੁਸੀਂ ਓ। ਤੇ ਤੁਸੀਂ ਸਿੱਖੀ ਨੂੰ ਪਿੱਠ ਦੇਈ ਤੁਰੇ ਜਾਨੇ ਓਂ...ਹੈਂ ਕੀ ਲੋਹੜਾ ਮਾਰਿਓ ਨੇ।"

"ਜੱਥੇਦਾਰ ਥੋਡੀ ਸਿੱਖੀ ਥੋਨੂੰ ਸੁਹੰਡਨੀ ਹੋਵੇ। ਮੈਂ ਤਾਂ ਇਕ ਗੱਲ ਜਾਣਦੈਂ, ਆਹੀ ਸਲੀਬ ਨੇ, ਥੋਨੂੰ ਕੁੰਭਕਰਨ ਵਾਲੀ ਨੀਂਦ 'ਚੋਂ ਜਗਾ ਦਿੱਤਾ। ਸੋਤ ਸਾਡੇ ਬਾਕੀ ਭੈਣ ਭਰਾਵਾਂ ਅੱਲੀ ਥੋਡਾ ਕੁੱਛ ਧਿਆਨ ਹੋ ਜੇ।" ਚਾਚਾ ਮੇਹਰ ਸਿੰਘ ਖਰੀਆਂ-ਖਰੀਆਂ ਸੁਣਾ ਰਿਹਾ ਸੀ।

"ਨਾਲ਼ੇ ਬਾਬੇ ਜੀਵਨ ਸਿੰਘ ਦੀ ਅਣਸ ਨਾਲ ਜਿਹੜਾ ਤੁਸੀਂ ਵਰਤਾਅ ਕਰਦੇ ਓ ਨਾ...ਕੁਛ ਨੀ ਭੁੱਲਿਆ ਦੁਨੀਆਂ ਨੂੰ। ਆਵਦੀ ਲੋੜ ਜੋਗਾ ਈ ਹਾਲੇ ਲਾਉਨੇ ਓਂ। ਆਖੇ ਕੌੜਾ-ਕੌੜਾ ਥੂਹ, ਮਿੱਠਾ-ਮਿੱਠਾ ਹੜੱਪ...।"

"ਲੈ ਕੀ ਗੱਲ ਕਰਦੈ?" ਜਥੇਦਾਰ ਚੰਚਲ ਸਿੰਹੁ ਦੀ ਬੋਲਤੀ ਬੰਦ ਹੋ ਗਈ ਸੀ।

"ਨਾਲੇ ਹੋਰ ਸੁਣ ਲੈ...ਆਹ ਸਲੀਬ ਗਲ਼ 'ਚ ਪਾਉਣ ਨਾਲ ਸਾਡੇ ਬਾਬੇ ਦੀ ਕੁਰਬਾਨੀ ਘਟਣ ਨੀ ਲੱਗੀ ਤੇ ਨਾਂ ਹੀ ਬਾਬੇ ਦੀ ਕੁਰਬਾਨੀ ਵੱਲ ਸਾਡੀ ਪਿੱਠ ਹੋ ਜਾਣੀ ਐ, ਸਗਮਾ ਹੁਣ ਈ ਤਾਂ ਥੋਡੇ ਅਰਗੇ ਧਰਮ ਦੇ ਚੌਧਰੀ ਬਾਬੇ ਦਾ ਨਾਂ ਲੈਣਗੇ ਉੱਚੀ-ਉੱਚੀ...।"

"ਡਮਾਕ ਫਿਰ ਗਿਆ...ਡਮਾਕ ਫਿਰ ਗਿਆ ਤੇਰਾ।"

ਜੱਥੇਦਾਰ ਚੰਚਲ ਸਿੰਹੁ ਨੇ ਖਿਸਕਣ ਵਿਚ ਹੀ ਆਪਣੀ ਭਲਾਈ ਸਮਝੀ ਸੀ।

ਅਕੈਡਮੀ ਵਿਚ ਅਕਸਰ ਹੀ ਮੈਨੂੰ ਇਹ ਘਟਨਾ ਚੇਤੇ ਆ ਜਾਂਦੀ, ਮੇਰਾ ਜੀਅ ਕਰਦਾ ਖਿੜ-ਖਿੜ ਕਰਕੇ ਹੱਸ ਪਵਾਂ। ਮੈਂ ਆਸੇ-ਪਾਸੇ ਵੇਖਦੀ। ਅਜੀਬ ਜਿਹੀ ਸੋਗੀ ਸੁੰਨ ਪਸਰੀ ਪਈ ਹੁੰਦੀ। ਖਿੜ-ਖਿੜ ਕਰਕੇ ਹੱਸਣਾ ਤਾਂ ਇਕ ਪਾਸੇ ਇੱਥੇ ਤਾਂ ਉੱਚੀ ਆਵਾਜ਼ ਵਿਚ ਗੱਲ ਕਰਨੀ ਵੀ ਮਰਿਆਦਾ ਦੇ ਖ਼ਿਲਾਫ਼ ਸੀ। ਮੈਂ ਵੇਖਦੀ ਤੇ ਸੋਚਦੀ ਕਿ ਅਕੈਡਮੀ ਦੀਆਂ ਟੀਚਰਾਂ ਅਤੇ ਹੈਲਪਰ ਬੀਬੀਆਂ ਦੇ ਚਿਹਰੇ 'ਤੇ ਮੁਰਦੇਹਾਨੀ ਕਿਉਂ ਛਾਈ ਰਹਿੰਦੀ ਹੈ। ਪੱਥਰ ਦੇ ਚਿਹਰੇ ਵਾਲੀਆਂ ਬੀਬੀਆਂ ਦੀਆਂ ਐਕਸਰੇ ਵਰਗੀਆਂ ਅੱਖਾਂ ਵਿਦਿਆਰਥਣਾਂ ਅਤੇ ਟੀਚਰਾਂ ਦਾ ਹਰ ਵੇਲੇ ਪਿੱਛਾ ਕਰਦੀਆਂ। ਸਾਹ ਲੈਣਾ ਵੀ ਔਖਾ ਲੱਗਦਾ। ਅਜੀਬ ਤਰ੍ਹਾਂ ਦੀ ਦਹਿਸ਼ਤ ਦਾ ਮਾਹੌਲ। ਪੱਥਰ ਬੀਬੀਆਂ ਗੱਲ-ਗੱਲ 'ਤੇ ਟੀਚਰਾਂ ਦੀ ਇਜ਼ਤ ਲਾਹ ਕੇ ਹੱਥ ਫੜਾ ਦਿੰਦੀਆਂ। ਇਕ ਦਿਨ ਤਾਂ ਹੱਦ ਨਾਲੋਂ ਵੀ ਵੱਧ ਹੋ ਗਈ। ਇਹਨਾਂ ਪੱਥਰ ਦੇ ਭਾਵਹੀਣ ਚਿਹਰੇ ਵਾਲੀਆਂ ਬੀਬੀਆਂ ਨੇ ਅਕੈਡਮੀ ਦੀ ਸਭ ਤੋਂ ਜ਼ਿਆਦਾ ਪੜ੍ਹੀ ਲਿਖੀ, ਹੁਸ਼ਿਆਰ, ਸੋਹਣੀ ਤੇ ਮਿਹਨਤੀ ਟੀਚਰ, ਮੈਡਮ ਦਿਲਪ੍ਰੀਤ ਨੂੰ ਘੇਰ ਲਿਆ ਸੀ,

"ਮੈਡਮ ਦਿਲਪ੍ਰੀਤ...ਆਹ ਕੀ ਸ਼ਕਲ ਬਣਾਈ ਏ। ਬਾਬਾ ਜੀ ਦੀ ਅਕੈਡਮੀ ਵਿਚ ਤਾਂ ਐਹੋ-

ਜਿਹਾ ਕੁਝ ਨਹੀਂ ਚਲ ਸਕਦੇ।" ਇਕ ਬੀਬੀ ਨੇ ਮੈਡਮ ਦੇ ਤਰਾਸ਼ ਕੇ ਕੁਝ ਕੁ ਤਿੱਖੇ ਕੀਤੇ ਭਰਵੱਟਿਆਂ ਵੱਲ ਇਸ਼ਾਰਾ ਕੀਤਾ ਸੀ।

"ਆਪਣੀਆਂ ਸਟੂਡੈਂਟਾਂ ਨੂੰ ਕੀ ਸਿੱਖਿਆ ਦਿਉਗੇ ? ਭਾਈ ਬੀਬਾ ਜੀ ਤੁਸੀਂ ਇੱਥੇ ਮਾਡਲਿੰਗ ਕਰਨ ਆਏ ਓ ? ਇੱਥੇ ਤਾਂ ਬੰਦਾ ਸਾਦਾ ਈ ਚੰਗਾ ਲੱਗਦਾ...ਹੁਣ ਜੇ ਭਲਾ ਬਾਬਾ ਜੀ ਨੂੰ ਪਤਾ ਲੱਗ ਜੇ ? ਫੇਰ ਉੱਤੋਂ ਤੁਹਾਡੀ ਸਾਲਾਨਾ ਇੰਨਕਰੀਮੈਂਟ ਲੱਗਣ ਵਾਲ਼ੀ ਐ। ਐਹੋ ਜੀ ਗਲਤੀ 'ਤੇ ਅਕੈਡਮੀ ਵਾਲੇ ਇੰਨਕਰੀਮੈਂਟ ਰੋਕ ਲੈਂਦੇ ਆ।" ਮੈਡਮ ਦਿਲਪ੍ਰੀਤ ਹੈਰਾਨ, ਪਰੇਸ਼ਾਨ ਤੇ ਬੇਵੱਸ ਖੜੀ ਪੱਥਰ ਬੀਬੀ ਦੀਆਂ ਦਿਲ ਲੂਸ ਦੇਣ ਵਾਲੀਆਂ ਸੁਣਦੀ ਰਹੀ ਸੀ।

"ਸੌਰੀ...ਬੀਬੀ ਜੀ...।" ਮੈਨੂੰ ਰਹਿ-ਰਹਿ ਕੇ ਮੈਡਮ ਦਿਲਪ੍ਰੀਤ ਤੇ ਗੁੱਸਾ ਆ ਰਿਹਾ ਸੀ। ਐਮ.ਏ, ਪੀਐਚ.ਡੀ. ਟੀਚਰ ਨੂੰ ਇਕ ਅੱਧਪੜ੍ਹ ਬੀਬੀ ਦਬਕੇ ਮਾਰ ਰਹੀ ਸੀ ਤੇ ਉਹ ਵੀ ਅਨਪੜ੍ਹ ਜਾਂ ਅਧਪੜ੍ਹੇ ਬਾਬਿਆਂ ਦਾ ਡਰਾਵਾ ਦੇ ਕੇ। ਮੇਰਾ ਜੀਅ ਕਰਦਾ ਸੀ ਪੱਥਰ ਬੀਬੀ ਨੂੰ ਜੁੰਡਿਆਂ ਤੋਂ ਫੜ ਕੇ ਧੂਹ ਲਵਾਂ। ਮੈਡਮ ਦੀਆਂ ਅੱਖਾਂ 'ਚੋਂ ਪਰਲ-ਪਰਲ ਹੰਝੂ ਵਹਿਣ ਲੱਗੇ ਸਨ।

"ਹੁਣ ਪੰਜ ਦਿਨ ਅਕੈਡਮੀ ਨਾ ਆਵੀਂ...ਉਦੋਂ ਨੂੰ ਸ਼ਕਲ ਕੁਝ ਠੀਕ ਹੋਜੂ...।"

"ਪਰ ਮੇਰੀਆਂ ਤਾਂ ਛੁੱਟੀਆਂ ਖ਼ਤਮ ਹੋਈਆਂ ਪਈਆਂ ਪਹਿਲਾਂ ਈਂ। ਵੱਡੀ ਬੇਟੀ ਦੇ ਬਿਮਾਰ ਹੋਣ 'ਤੇ ਲੈ ਲਈਆਂ ਸੀ। ਉਹ ਤਾਂ ਅਜੇ ਵੀ ਠੀਕ ਨ੍ਹੀ ਹੋਈ। ਮੇਰੇ ਕੋਲ਼ ਤਾਂ ਆਰਨਡਲੀਵ ਵੀ ਹੈਨੀ ਬਕਾਇਆ...।"

"ਬਿਨ ਤਨਖਾਹੋਂ ਛੁੱਟੀ ਕਰ ਲੈ...ਜੇ ਬਾਬਾ ਜੀ ਨੇ ਦੇਖ ਲਿਆ ਨੁਕਸਾਨ ਹੋ ਜੂ।" ਪੱਥਰ ਨੇ ਮੈਡਮ ਦਿਲਪ੍ਰੀਤ 'ਤੇ ਬੜਾ ਵੱਡਾ ਅਹਿਸਾਨ ਕੀਤਾ ਸੀ।

"ਬਿਨ ਤਨਖਾਹੋਂ ਛੁੱਟੀ...? ਥੋਨੂੰ ਪਤਾ...ਮੇਰੇ ਹਸਬੈਂਡ ਤਾਂ ਪਹਿਲਾਂ ਹੀ ਘਰ ਬੈਠੇ, ਨੌਕਰੀ ਮਿਲੀ ਕੋਈ ਨੀ ਅਜੇ ਤੱਕ। ਉੱਤੋਂ ਮਦਰ ਇਨ ਲਾ ਅਤੇ ਬੇਟੀ ਦੀ ਬਿਮਾਰੀ ਦੇ ਇਲਾਜ 'ਤੇ ਬੇਹਿਸਾਬਾ ਖਰਚ। ਐਸੇ ਤਨਖਾਹ ਨਾਲ ਤਾਂ ਗੁਜ਼ਾਰਾ...ਬਿਨ ਤਨਖਾਹੋਂ ਕਿਵੇਂ ਗੁਜ਼ਾਰਾ ਹੋਜੂ ਬੀਬੀ ਜੀ...?"

ਦਿਲਪ੍ਰੀਤ ਨੂੰ ਜੇ ਧਰਤੀ ਵਿਹਲ ਦਿੰਦੀ, ਉਹ ਉਸ ਵਿਚ ਸਮਾ ਜਾਂਦੀ। ਅਨਪੜ੍ਹ ਮੂਰਖ, ਔਰਤ ਹੱਥੋਂ ਐਨੀ ਬੇਇਜ਼ਤੀ...ਸ਼ਾਇਦ ਮੈਡਮ ਦਿਲਪ੍ਰੀਤ ਦੀ ਬੇਵਸੀ ਦੀ ਸਿਖ਼ਰ ਹੀ ਸੀ।

"ਘਰੇ ਪੱਕੀ ਛੁੱਟੀ 'ਤੇ ਬਹਿਣ ਨਾਲੋਂ ਤਾਂ ਚੰਗਾ ਐ ਕੁਛ ਦਿਨ ਬਿਨਾਂ ਤਨਖਾਹੋਂ ਛੁੱਟੀ ਲੈ ਲਵੇਂ...।" ਬਿਨਾਂ ਕੁੱਝ ਹੋਰ ਸੁਣਿਆਂ, ਐਕਸਰੇ ਵਰਗੀਆਂ ਅੱਖਾਂ ਘੁੰਮਾਉਂਦੀ ਪੱਥਰ ਬੀਬੀ ਖਿਸਕ ਗਈ ਸੀ। ਖੰਭ ਨੋਚੇ ਪੰਛੀ ਵਾਂਗ ਦਿਲਪ੍ਰੀਤ ਮੈਡਮ ਬੁੱਤ ਬਣੀ ਖੜ੍ਹੀ ਸੀ। ਖੰਭ ਇਕੱਲੀ ਦਿਲਪ੍ਰੀਤ ਮੈਡਮ ਦੇ ਹੀ ਨਹੀਂ, ਕਿੰਨੀਆਂ ਹੀ ਹੋਰ ਸਨ, ਜਿੰਨ੍ਹਾਂ ਦੇ ਨੋਚੇ ਪਏ ਸਨ। ਜੋ ਫੜਫੜਾ ਵੀ ਨਹੀਂ ਸਨ ਸਕਦੀਆਂ।

ਮੇਰੇ ਵਰਗੀਆਂ ਦੀ ਹਾਲਤ ਵੀ ਅਜਿਹੀ ਹੀ ਸੀ। ਪਤਾ ਨਹੀਂ ਕੀ ਖੁਆ ਦਿੱਤਾ ਸੀ ਸਾਨੂੰ...ਛੱਪੜਾਂ ਦੇ ਖੜ੍ਹੇ ਪਾਣੀਆਂ ਵਰਗੀਆਂ ਹੋ ਗਈਆਂ ਸਾਂ, ਜਿਸ ਵਿਚ ਕੋਈ ਜਵਾਰਭਾਟਾ ਆਉਂਦਾ ਹੀ ਨਹੀਂ ਸੀ। ਸਰੀਰ ਦੀਆਂ ਸਾਰੀਆਂ ਹਲਚਲਾਂ ਹੀ ਸ਼ਾਂਤ ਸਨ।

* * *

ਪਤਾ ਨਹੀਂ ਕੀ ਧੂੜ ਦਿੱਤਾ ਸੀ ਬੀਬੀ-ਭਾਪੇ ਦੇ ਸਿਰ ਵਿਚ। ਤਿੰਨ ਮਹੀਨਿਆਂ ਬਾਅਦ ਜਦੋਂ ਵੀ ਮਿਲਣ ਆਉਂਦੇ ਮਾਸਟਰ ਸਮਸ਼ੇਰ ਸਿੰਘ ਅਤੇ ਬਾਬਿਆਂ ਦੇ ਹੀ ਗੁਣ ਗਾਈ ਜਾਂਦੇ। ਸਾਡੀ ਮੁਲਾਕਾਤ ਇਕ ਛੋਟੀ ਜਿਹੀ ਬਾਰੀ ਵਿਚ ਦੀ ਹੀ ਕਰਾਈ ਜਾਂਦੀ ਸੀ। ਕੰਧ ਦੇ ਬਾਹਰਲੇ ਪਾਸੇ ਖੜ੍ਹੇ ਬੀਬੀ-ਭਾਪੇ ਨੂੰ ਪਤਾ ਹੀ ਨਹੀਂ ਸੀ ਹੁੰਦਾ ਕਿ ਮੇਰੇ ਨਾਲ਼ ਕਰਕੇ ਖੜੀ ਇਕ ਪੱਥਰ ਬੀਬੀ ਸਾਡੀ ਸਾਰੀ ਗੱਲਬਾਤ ਸੁਣ ਰਹੀ ਹੈ। ਮੈਂ ਆਪਣੀ ਗੱਲ ਦੱਸਣਾ ਚਾਹੁੰਦੀ ਵੀ ਦੱਸ ਨਾ ਸਕਦੀ। ਫਿਰ ਮੇਰੀ ਗੱਲ ਸੁਣਦਾ ਹੀ ਕੌਣ ਸੀ ? ਬੀਬੀ ਤੋਂ ਤਾਂ ਸਾਰਾ ਸਮਾਂ ਅਕੈਡਮੀ ਵਾਲ਼ੇ ਬਾਬਿਆਂ ਦੀ ਮਹਿਮਾ ਦਾ ਹੀ ਗੁਣਗਾਣ ਨਹੀਂ ਸੀ ਮੁਕਦਾ।



ਉਹ ਬਿੰਦੋ ਝੱਟੇ ਆਖਣ ਲੱਗਦੀ ਸੀ, "ਕਿਰਨੀਏ, ਮੈਨੂੰ ਸਾਰਾ ਪਿੰਡ ਵਧਾਈਆਂ ਦਿੰਦਾ। ਆਖੇ ਤੇਰੀ ਕੁੜੀ ਨੇ ਤਾਂ ਤੇਰਾ ਦੁੱਧ ਸਫਲਾ ਕਰ ਤਾ। ਬੱਚੇ ਜਿਉਣ ਮਾਸਟਰ ਸਮਸ਼ੇਰ ਸਿੰਹੁ ਦੇ, ਜੀਹਨੇ ਸੁਰਗਾਂ 'ਚ ਪਾਤਾ। ਨਹੀਂ ਪੁੱਤ ਆਪਣੀ ਐਨੀ ਪਰੋਖੋਂ ਕਿੱਥੇ ਸੀ ? ਸਾਥੋਂ ਤਾਂ ਮਸੀਂ 12ਵੀਂ ਕਰਾ ਹੋਈ। ਅਗਾਂਹ ਕਿਥੋਂ ਪੜ੍ਹਾ ਹੋਣਾ ਸੀ। ਪੜ੍ਹਾਈ ਨੀ ਥਬੀਕਾਂ। ਤੇਰੀ ਜ਼ਿੰਦਗੀ ਬਣਗੀ। ਨਪੜ੍ਹ ਦਾ ਕੋਈ ਜ਼ਮਾਨਾ ਨ੍ਹੀ। ਫੇਰ ਹੈਥੇ ਈ ਕੈਡਮੀ 'ਚ ਨੌਕਰੀ ਵੀ ਮਿਲ ਜਾਣੀ ਐਂ। ਹੈ ਕਿੰਨਾ ਸੁਰਗ...ਲੈ ਸੁਰਗ ਕੋਈ ਹੋਰ ਹੁੰਦਾ। ਐਥੇ ਈ ਆ ਨਰਕ-ਸੁਰਗ ਸਾਰਾ ਕੁੱਝ।" ਬੀਬੀ ਰਿਕਾਰਡ 'ਤੇ ਰੱਖੀ ਸੂਈ ਵਾਂਗ ਬੋਲੀ ਜਾਂਦੀ ਸੀ।

"ਠੀਕ ਐ...ਠੀਕ ਐ। ਹੋਰ ਸਾਰੇ ਸਾਕ ਸਕੀਰੀਆਂ 'ਚ ਰਾਜੀ ਖੁਸ਼ੀ ਐ...ਉਧਰੋਂ ਮਾਸੀ ਕਿਆਂ ਵੱਲੋਂ ਆਇਆ ਕੋਈ।" ਮੈਂ ਆਵਦੇ ਵੱਲ ਗੱਲ ਬਦਲਦੀ ਸੀ।

"ਹਾਂ ਤੇਰੀ ਮਾਸੀ ਆਈ ਸੀ। ਸਾਰੀ ਰਾਤ ਤੇਰੀਆਂ ਈ ਗੱਲਾਂ ਕਰਦੀਆਂ ਰਹੀਆਂ ਰਜਾਈ 'ਚ ਬੈਠੀਆਂ।

"ਮੇਰੀਆਂ ਕੀ ਕਰਨੀਆਂ ਸੀ ?"

"ਮੇਲੋ ਕਹਿੰਦੀ ਆਪਣੀ ਕਿਰਨ ਦੀ ਤਾਂ ਜ਼ਿੰਦਗੀ ਬਣਗੀ। ਮਾਸੀ ਤੇਰੀ ਬਲਾਈ ਖੁਸ਼ ਐ ਭਾਈ। ਉਹ ਤਾਂ ਕਹਿੰਦੀ ਜਦੋਂ ਉਹਦੀ ਪਾਲ ਬਾਰਾਂ ਕਰਗੀ, ਉਹਨੂੰ ਵੀ ਅਕੈਡਮੀ 'ਚ ਪਾ ਦੇਣਾ। ਹਜੇ ਤਾਂ ਪਾਲ ਪੰਜਵੀਂ 'ਚ ਐ ਖਵਨੀ ਛੀਮੀ 'ਚ ਐ।"

"ਹੋਰ ਕੀ ਕਹਿੰਦੀ ਸੀ ?" ਮਾਂ ਦੀਆਂ ਗੱਲਾਂ ਵਿਚ ਸਤਿੰਦਰ ਦਾ ਜ਼ਿਕਰ ਨਹੀਂ ਸੀ ਆਇਆ। ਅੱਗੇ ਮਾਸੀ ਨਾਲ ਅਕਸਰ ਸਤਿੰਦਰ ਆਉਂਦਾ ਹੁੰਦਾ ਸੀ। ਉਹੀ ਆਪਣੇ ਮੋਟਰ ਸਾਈਕਲ 'ਤੇ ਮਾਸੀ ਨੂੰ ਲੈ ਕੇ ਆਉਂਦਾ ਸੀ। ਮਾਸੀ ਦੇ ਜੇਠ ਦਾ ਵੱਡਾ ਮੁੰਡਾ ਸਤਿੰਦਰ।

"ਹੋਰ ਕੀ ਕਹਿਣਾ...?"

"ਕੱਲੀ ਆਈ ਸੀ...?" ਮੈਂ ਆਨੀ ਬਹਾਨੀ ਪੁੱਛਦੀ ਹਾਂ।

"ਕੱਲੀਓ ਆਈ ਸੀ। ਤੇਰੇ ਮਾਸੜ ਕੋਲ ਤਾਂ ਭਾਈ ਵਿਹਲ ਹੈ ਨੀ। ਉਹਦਾ ਦੁੱਧ-ਵਾਧ ਦਾ ਕਾਰੋਬਾਰ ਜੁ ਹੋਇਆ। ਕਿੱਥੋਂ ਨਿਕਲ਼ ਹੁੰਦਾ ਘਰੋਂ। ਸਵੇਰੇ ਪਾਠੀ ਬੋਲਦੇ ਨਾਲ ਈ ਤਾਂ ਡੇਅਰੀ ਖੋਲ੍ਹਣੀ ਪੈਂਦੀ ਐ। ਬਥੇਰਾ ਸੋਹਣਾ ਕਾਰੋਬਾਰ ਚੱਲਿਐ। ਹੁਣ ਤਾਂ ਬਾਹਰ ਫਿਰਨੀ 'ਤੇ ਨਵੀਂ ਸਬਾਤ ਵੀ ਛੱਤਲੀ, ਨਵੇਂ ਡਜ਼ੈਨ ਦੀ ਰਸੋਈ ਬਣਾਲੀ। ਫਰਸ਼ ਵੀ ਭਾਈ ਬਾਹਲੀਓ ਮਹਿੰਗੀ ਲੁਆਤੀ ਤੇਰੇ ਮਾਸੜ ਨੇ। ਤੇਰੇ ਮਾਸੜ ਦਾ ਕਾਰੋਬਾਰ...।"

"ਬੀਬੀ...ਤੂੰ ਵੀ ਨਾ, ਜਿਹੜੀ ਗੱਲ ਫੜਲੇਂ...ਰਿਕਾਰਡ ਆਲ਼ਿਆਂ ਆਗੂੰ ਤੇਰੀ ਸੂਈ ਅੜ ਜਾਂਦੀ...।' ਮੈਨੂੰ ਚਿੜ ਚੜ੍ਹ ਗਈ ਸੀ। ਐਨਾ ਘੁਮਾ ਫਿਰਾ ਕੇ ਪੁੱਛਣ ਦੇ ਬਾਵਜੂਦ ਮੇਰੇ ਮਤਲਬ ਦੀ ਗੱਲ ਹੀ ਨਹੀਂ ਸੀ ਕੀਤੀ। ਇਹ ਕਿਵੇਂ ਹੋ ਸਕਦਾ, ਮਾਸੀ ਆਈ ਹੋਵੇ ਤੇ ਸਤਿੰਦਰ ਬਾਰੇ ਕੋਈ ਗੱਲ ਹੀ ਨਾ ਚੱਲੀ ਹੋਵੇ। ਮਾਸੀ ਤਾਂ ਉਸਨੂੰ ਲਿਆਉਂਦੀ ਹੀ ਜਾਣ-ਬੁੱਝ ਕੇ ਸੀ, ਆਨੀ-ਬਹਾਨੀ। ਮੇਰਾ ਜੀਅ ਕੀਤਾ ਮਾਂ ਨੂੰ ਆਖਾਂ, "ਮਾਸੜ ਅੱਗੇ ਕਦੋਂ ਆਉਂਦਾ ਸੀ ? ਅੱਗੇ ਵੀ ਤਾਂ ਮਾਸੀ ਨੂੰ ਸਤਿੰਦਰ ਹੀ ਲੈ ਕੇ ਆਉਂਦਾ ਸੀ। ਤੂੰ ਸਤਿੰਦਰ ਬਾਰੇ ਕੋਈ ਗੱਲ ਹੀ ਨਹੀਂ ਕਰਦੀ" ਪਰ ਕਹਿ ਨਹੀਂ ਸਕਦੀ। ਮਾਂ ਨੂੰ ਕਿਵੇਂ ਦੱਸਦੀ ਕਿ ਸਤਿੰਦਰ ਵੀ ਮਾਸੀ ਨਾਲ ਕਿਸ ਲਈ ਆਉਂਦਾ ਸੀ ? ਮਾਂ ਨੂੰ ਕੀ ਦੱਸਦੀ ਕਿ ਤੇਰੀ ਇਸ "ਕੈਡਮੀ" ਨੇ ਸਾਡੀ ਅੱਖਾਂ ਵਿਚ ਪਲ਼ਦੀ ਮੂਕ ਮੁਹੱਬਤ ਕਿਸੇ ਡੂੰਘੇ ਖੂਹ ਵਿਚ ਦਫ਼ਨ ਕਰ ਦਿੱਤੀ ਹੈ।

* * *

ਮੈਂ ਮਹਿਸੂਸ ਕਰਦੀ ਹਾਂ, ਮੈਡਮ ਦਿਲਪ੍ਰੀਤ ਜਿਵੇਂ ਸਾਡੇ ਨਾਲ਼ ਦਿਲ ਦੀਆਂ ਕਈਆਂ ਗੱਲਾਂ ਕਰਨਾ ਚਾਹੁੰਦੀ ਹੋਵੇ। ਉਸਦੀਆਂ ਅੱਖਾਂ ਵਿਚ ਅਜੀਬ ਜਿਹੀ ਸੰਵੇਦਨਾ ਝਲਕਦੀ। ਉਸਦੀਆਂ ਡੁੱਬਦੀਆਂ-ਤਰਦੀਆਂ ਅੱਖਾਂ ਸਾਨੂੰ ਕੁਝ ਆਖਦੀਆਂ ਲੱਗਦੀਆਂ। ਜਦੋਂ ਹੀ ਉਹ ਸਾਡੇ ਨਾਲ ਕੋਈ ਗੱਲ ਕਰਨ

ਲੱਗਦੀ, ਕੋਈ ਨਾ ਕੋਈ ਪੱਥਰ ਬੀਬੀ ਕਿਧਰੋਂ ਆ ਬਹੁੜਦੀ। ਅਸੀਂ ਹੈਰਾਨ ਹੁੰਦੀਆਂ, ਕਿੰਨੀ ਕਰੜੀ ਨਿਗਾਹ ਰੱਖੀ ਜਾ ਰਹੀ ਸੀ ਸਾਡੇ 'ਤੇ। ਕਲਾਸ ਰੂਮ ਵਿਚ ਲੱਗੇ ਸੀ.ਸੀ.ਟੀ.ਵੀ ਕੈਮਰਿਆਂ ਰਾਹੀਂ ਸਾਡੇ 'ਤੇ ਇਕ ਤਰ੍ਹਾਂ ਪਹਿਰਾ ਰਹਿੰਦਾ ਸੀ। ਮੈਡਮ ਦਿਲਪ੍ਰੀਤ ਵਰਗੀਆਂ ਟੀਚਰਾਂ ਦੀ ਮਜ਼ਬੂਰੀ ਵੀ ਸਾਡੀ ਸਮਝ ਵਿਚ ਆ ਗਈ ਸੀ। ਥੋੜ੍ਹੀ ਜਿਹੀ ਵੀ ਅਣਗਹਿਲੀ ਉਹਨਾਂ ਦੇ ਹੱਥੋਂ ਰੋਟੀ-ਰੋਜ਼ੀ ਖੋਹਣ ਦਾ ਕਾਰਨ ਬਣ ਸਕਦੀ ਸੀ। ਹੁਣ ਤਾਂ ਇਹ ਵੀ ਸਮਝ ਵਿਚ ਆ ਗਿਆ ਸੀ ਕਿ ਆਏ ਸਾਲ ਗਰੀਬ ਲੜਕੀਆਂ ਦੀ ਭਰਤੀ ਦੇ ਬਹਾਨੇ ਅਕੈਡਮੀ ਨੂੰ ਉਮਰ ਭਰ ਲਈ ਸਮਰਪਿਤ ਪੰਜ ਪੱਥਰ ਕਿਸਮ ਦੀਆਂ ਟੀਚਰਾਂ ਤਿਆਰ ਕੀਤੀਆਂ ਜਾਂਦੀਆਂ। ਇਹਨਾਂ ਪੰਜਾਂ ਨੂੰ ਅਕੈਡਮੀ ਵਿਚ ਐਡਜਸਟ ਕਰਨ ਲਈ ਦਿਲਪ੍ਰੀਤ ਵਰਗੀਆਂ ਨੂੰ ਕੋਈ ਨਾ ਕੋਈ ਬਹਾਨਾ ਬਣਾ ਬਿਨਾਂ ਕਸੂਰੋਂ ਘਰ ਤੋਰ ਦਿੱਤਾ ਜਾਂਦਾ। ਅਜਿਹੀ ਸਮਰਪਿਤ ਲਾਸ਼ਾਂ ਵਰਗੀਆਂ ਟੀਚਰਾਂ ਆਸਰੇ ਬਾਬੇ ਆਪਣਾ ਵੱਡਾ ਸਾਮਰਾਜ ਖੜ੍ਹਾ ਕਰਨ ਦੀਆਂ ਯੋਜਨਾਵਾਂ ਬਣਾਉਂਦੇ ਰਹਿੰਦੇ।

ਉਦੋਂ ਮੈਂ ਬੀ.ਏ. ਦੇ ਤੀਜੇ ਸਾਲ ਵਿਚ ਸਾਂ ਜਦੋਂ ਮੈਡਮ ਦਿਲਪ੍ਰੀਤ ਨੂੰ ਘਰ ਤੋਰ ਦਿੱਤਾ ਸੀ। ਬੜਾ ਉਦਾਸ ਰਹੀ ਸਾਂ ਕਿੰਨੇ ਹੀ ਦਿਨ ਬੁਰਕੀ ਵੀ ਅੰਦਰ ਨਹੀਂ ਸੀ ਲੰਘੀ। ਜਿਸ ਦਿਨ ਦਿਲਪ੍ਰੀਤ ਮੈਡਮ ਗਈ ਸੀ ਉਸਦੀਆਂ ਅੱਖਾਂ ਹੰਝੂਆਂ ਨਾਲ ਡੁਬ-ਡੁਬੋਈਆਂ ਪਈਆਂ ਸਨ। ਸਾਡਾ ਜੀਅ ਕਰਦਾ ਸੀ ਉਸਨੂੰ ਬਾਹੋਂ ਫੜ ਕੇ ਰੋਕ ਲਈਏ। ਬੜੀ ਅਜੀਬ ਤਰ੍ਹਾਂ ਦਾ ਇਲਜ਼ਾਮ ਲਗਾਇਆ ਗਿਆ ਸੀ ਮੈਡਮ ਦਿਲਪ੍ਰੀਤ ਉਪਰ ਕਿ ਉਹ ਕਲਾਸ ਵਿਚ ਵਿਦਿਆਰਥੀਆਂ ਨਾਲ ਸਿਲੇਬਸ ਤੋਂ ਬਾਹਰ ਦੀਆਂ ਫਾਲਤੂ ਗੱਲਾਂ ਕਰਦੀ ਹੈ। ਸਿਲੇਬਸ ਤੋਂ ਬਾਹਰਲੇ ਸਾਹਿਤ ਜਗਤ ਦੀਆਂ ਗੱਲਾਂ ਪ੍ਰਬੰਧ ਕਰਤਿਆਂ ਨੂੰ ਫਾਲਤੂ ਹੀ ਨਹੀਂ ਖਤਰਨਾਕ ਵੀ ਲੱਗਦੀਆਂ ਸਨ। ਗੱਲ ਕੀ ਬਹਾਨਾ ਚਾਹੀਦਾ ਸੀ ਕੱਢਣ ਲਈ। ਅਸੀਂ ਸਾਰੀਆਂ ਕੁੜੀਆਂ ਬੜੇ ਗੁੱਸੇ ਵਿਚ ਸਾਂ ਪਰ ਸਾਡਾ ਇਹ ਗੁੱਸਾ ਸਾਡੀਆਂ ਅੱਖਾਂ ਵਿਚ ਨਹੀਂ ਸੀ ਉੱਤਰ ਸਕਿਆ। ਸਾਡੀਆਂ ਅੱਖਾਂ ਵਿਚ ਤਾਂ ਇਕ ਅਜੀਬ ਜਿਹੀ ਦਹਿਸ਼ਤ ਹੀ ਉੱਤਰ ਸਕੀ ਸੀ। ਮੈਂ ਜਿੱਧਰ ਵੀ ਦੇਖਦੀ ਮੈਨੂੰ ਮੈਡਮ ਦਿਲਪ੍ਰੀਤ ਦੀਆਂ ਅੱਖਾਂ ਆਖਦੀਆਂ ਜਾਪਦੀਆਂ, "ਕਿਰਨਜੀਤ...ਜਿੰਨੀ ਛੇਤੀ ਹੋ ਸਕੇ...ਇਸ ਜੇਲ੍ਹ ਦੀ ਚਾਰ ਦੀਵਾਰੀ ਦੀਆਂ ਉੱਚੀਆਂ ਕੰਧਾਂ ਟੱਪ ਜਾ। ਇਸ ਕੈਦ ਤੋਂ ਬਾਹਰ ਤੇਰੇ ਲਈ ਰੋਸ਼ਨੀ ਹੀ ਰੋਸ਼ਨੀ ਹੈ।"

* * *

ਇਸ ਜੇਲ੍ਹ ਤੋਂ ਕਦੇ ਬਾਹਰ ਵੀ ਆਵਾਂਗੀ, ਇਸ ਬਾਰੇ ਤਾਂ ਸੁਪਨਾ ਵੀ ਨਹੀਂ ਸਾਂ ਲੈ ਸਕਦੀ। ਅਕੈਡਮੀ ਅੰਦਰਲੀ ਚਾਰ ਦੀਵਾਰੀ ਦੀ ਜੇਲ੍ਹ ਹੀ ਜੀਵਨ ਜਾਪਣ ਲੱਗ ਗਿਆ ਸੀ। ਕਦੇ-ਕਦੇ ਮੇਰਾ ਜੀਅ ਕਰਦਾ, ਪੰਛੀ ਵਾਂਗ ਉਡਾਰੀ ਮਾਰ ਕੇ ਇਸ ਜੇਲ੍ਹ ਦੀਆਂ ਉਚੀਆਂ ਕੰਧਾਂ ਨੂੰ ਟੱਪ ਜਾਵਾਂ। ਉਂਝ ਮੈਂ ਹੈਰਾਨ ਹੁੰਦੀ, ਅਕੈਡਮੀ ਅੰਦਰਲੇ ਦਰੱਖਤਾਂ 'ਤੇ ਰਹਿਣ ਵਾਲੇ ਤਾਂ ਜਾਨਵਰ ਵੀ ਉਦਾਸੇ ਜਿਹੇ ਰਹਿੰਦੇ। ਚਿੜੀਆਂ ਉਸ ਤਰ੍ਹਾਂ ਤਾਂ ਕਦੇ ਨੱਚਦੀਆਂ-ਕੁੱਦਦੀਆਂ ਹੀ ਨਹੀਂ ਸਨ, ਇਕ ਟਾਹਣੀ ਤੋਂ ਦੂਜੀ ਟਾਹਣੀ, ਜਿਵੇਂ ਛੋਟੇ ਹੁੰਦਿਆਂ ਵਿਹੜੇ ਵਿਚਲੀ ਧਰੇਕ 'ਤੇ ਰਹਿੰਦੀਆਂ ਚਿੜੀਆਂ ਨੂੰ ਦੇਖਦੀ ਹੁੰਦੀ ਸਾਂ। ਜਿਵੇਂ ਇਹਨਾਂ ਮਾਸੂਮ ਜਾਨਵਰਾਂ ਉੱਪਰ ਵੀ ਪੱਥਰ ਬੀਬੀਆਂ ਦੀ ਸਖ਼ਤ ਨਿਗਾਹ ਹੋਵੇ। ਕਦੇ-ਕਦੇ ਮੈਂ ਚਿੜੀਆਂ ਦੀਆਂ ਨਿੱਕੀਆਂ-ਨਿੱਕੀਆਂ ਅੱਖਾਂ ਵਿਚ ਵੇਖਣ ਦਾ ਯਤਨ ਕਰਦੀ ਤਾਂ ਉਹਨਾਂ ਵਿਚ ਦਹਿਸ਼ਤ ਦਿਖਾਈ ਦਿੰਦੀ। ਬਿਲਕੁਲ ਉਹੋ ਜਿਹੀ ਦਹਿਸ਼ਤ, ਜਦੋਂ ਕਿਸੇ ਟੀਚਰ ਖ਼ਾਸ ਕਰ ਦਿਲਪ੍ਰੀਤ ਮੈਡਮ ਨੂੰ ਅਕੈਡਮੀ ਵਿੱਚੋਂ ਕੱਢੇ ਜਾਣ 'ਤੇ ਬਾਕੀ ਟੀਚਰਾਂ ਅਤੇ ਸਾਡੀਆਂ ਅੱਖਾਂ ਵਿਚ ਪਸਰੀ ਸੀ।

ਅਕੈਡਮੀ ਵਿਚ ਫਿਰਦੀਆਂ ਵਿਦਿਆਰਥਣਾਂ, ਟੀਚਰਾਂ ਤੇ ਬੀਬੀਆਂ ਜਿਵੇਂ ਬੇਜਾਨ ਬੁੱਤ ਹੋਣ। ਸਾਰਿਆਂ ਦੇ ਚਿਹਰੇ 'ਤੇ ਮੁਰਦੇਹਾਣੀ ਛਾਈ ਰਹਿੰਦੀ। ਤੁਰੀਆਂ-ਫਿਰਦੀਆਂ ਲਾਸ਼ਾਂ ਵੇਖ-ਵੇਖ ਮੇਰਾ ਦਿਲ ਘਬਰਾਉਂਦਾ। ਕਦੇ-ਕਦੇ ਸੋਚਦੀ ਕਿਸੇ ਨਾ ਕਿਸੇ ਬਹਾਨੇ ਸਤਿੰਦਰ ਤੱਕ ਆਪਣਾ ਹਾਲ ਤਾਂ



ਪਹੁੰਚਾਵਾਂ। ਉਹ ਜ਼ਰੂਰ ਬਾਤਾਂ ਵਿਚਲੇ ਰਾਜਕੁਮਾਰ ਵਾਂਗ ਘੋੜਾ ਲੈ ਕੇ ਆਵੇਗਾ ਤੇ ਮੈਨੂੰ ਇਸ ਜੇਲ੍ਹ ਦੀਆਂ ਉੱਚੀਆਂ ਅਤੇ ਦਮ ਘਟੂ ਕੰਧਾਂ ਤੋਂ ਪਾਰ ਲੈ ਜਾਵੇਗਾ। ਪਰ ਸੁਨੇਹਾ ਘੱਲਦੀ ਕਿਸ ਹੱਥ ? ਇਥੋਂ ਤਾਂ ਕਿਸੇ ਜਾਨਵਰ ਨੂੰ ਵੀ ਬਾਹਰ ਉਡਾਰੀ ਮਾਰਨ ਦੀ ਆਗਿਆ ਨਹੀਂ ਸੀ।

ਜਦੋਂ ਵੀ ਮਾਂ ਮਿਲਣ ਆਉਂਦੀ ਜੀ ਕਰਦਾ ਉਸਨੂੰ ਅਕੈਡਮੀ ਦੀ ਅਸਲੀਅਤ ਦੱਸ ਕੇ, ਇੱਥੋਂ ਕੱਢ ਕੇ ਲੈ ਜਾਣ ਲਈ ਆਖਾਂ। ਪਰ ਮਾਂ ਸੁਣਦੀ ਕਿੱਥੇ ਸੀ ? ਉਹ ਤਾਂ ਪਿਛਲੀ ਵਾਰ ਨਾਲੋਂ ਵੀ ਵਧੇਰੇ ਬਾਬਿਆਂ ਦੇ ਗੁਣਗਾਣ ਕਰਨ ਲੱਗਦੀ, "ਧੀਏ ! ਬਾਬਾ ਜੀ ਨੂੰ ਮਿਲ ਕੇ ਗਏ ਸਾਂ। ਬਾਬਾ ਜੀ ਬੜੇ ਈ ਖੁਸ਼ ਨੇ। ਉਹ ਤਾਂ ਕਹਿੰਦੇ ਕੈਡਮੀ ਤਾਂ ਬਣਾਈ ਏਸੇ ਕਰਕੇ ਆ ਵਈ ਸਾਡੀ ਕੌਮ ਦੇ ਬੱਚੇ ਲਿਖ ਪੜ੍ਹ ਜਾਣ। ਬਾਬਾ ਜੀ ਕਹਿੰਦੇ ਦੂਜੀਆਂ ਕੌਮਾਂ ਦੇ ਬੱਚੇ ਪੜ੍ਹ-ਪੜ੍ਹ ਕੇ ਵੱਡੇ ਹੁਦਿਆਂ 'ਤੇ ਲੱਗੀ ਜਾਂਦੇ, ਸਾਡੀ ਕੌਮ ਪਿੱਛੇ ਈ ਪਿੱਛੇ ਤੁਰੀ ਜਾਂਦੀ ਐ। ਕੌਮ ਦੇ ਬੱਚਿਆਂ ਨੂੰ ਪੜ੍ਹਾਕੇ ਪਛੜੇ ਨ੍ਹੀ ਰਹਿਣ ਦੇਣਾ। ਕੌਮ ਨੂੰ ਅਗਾਂਹ ਲੈ ਕੇ ਜਾਣਾ। ਭਾਈ ਕਿਰਨੀਏ ! ਬਾਬਾ ਜੀ ਤਾਂ ਬਾਹਲ਼ਾ ਈ ਖੁਸ਼ ਨੇ ਥੋਡੇ 'ਤੇ। ਕਹਿੰਦੇ ਇਹ ਬੀਬੀਆਂ ਕੌਮ ਨੂੰ ਸਮਰਪਿਤ ਹੋ ਰਹੀਆਂ। ਸੱਚੀਂ ਕਿਰਨੀਏਂ, ਮੇਰਾ ਤਾਂ ਦੁੱਧ ਸਫਲਾ ਹੋ ਗਿਆ।" ਮਾਂ ਦੀਆਂ ਨਾ ਮੁੱਕਣ ਵਾਲ਼ੀਆਂ ਗੱਲਾਂ ਸੁਣਕੇ ਮੇਰੇ ਅੰਦਰਲੀ ਚੀਕ ਦਾ ਦਮ ਘੁੱਟਿਆ ਜਾਂਦਾ।

* * *

ਅਕੈਡਮੀ ਵਿਚ ਉਸ ਦਿਨ ਸਲਾਨਾ ਦੀਵਾਨ ਸਜਾਇਆ ਗਿਆ ਸੀ। ਬਾਬਿਆਂ ਦੇ ਢੋਲਕੀਆਂ-ਛੈਣਿਆਂ ਵਾਲ਼ੇ ਚੇਲੇ ਉੱਚੀਆਂ ਆਵਾਜ਼ਾਂ ਵਿਚ ਧਾਰਨਾਵਾਂ ਲਾ ਰਹੇ ਸਨ। ਅਕੈਡਮੀ ਦੇ ਬੱਚੇ, ਟੀਚਰਾਂ ਅਤੇ ਬੀਬੀਆਂ ਦੀਵਾਨ ਵਿਚ ਹਾਜ਼ਰੀ ਭਰਨ ਲਈ ਪਾਬੰਦ ਕੀਤੇ ਹੋਏ ਸਨ। ਬਾਹਰੋਂ ਵੀ ਨੇਤਾ ਕਿਸਮ ਦੇ ਲੋਕ ਸੱਦੇ ਹੋਏ ਸਨ। ਅਕੈਡਮੀ ਦੇ ਪ੍ਰਬੰਧਕ ਬਾਬਿਆਂ ਅਤੇ ਨੇਤਾਵਾਂ ਦੀ ਮੁੱਠੀ ਚਾਪੀ ਵਿਚ ਮਗਨ ਸਨ। ਪੱਥਰ ਬੀਬੀਆਂ ਲੰਗਰ ਦੀ ਸੇਵਾ ਵਿਚ ਜੁੱਟੀਆਂ ਪਈਆਂ ਸਨ।

ਬਾਬਿਆਂ ਦੇ ਦੁੱਧ ਚਿੱਟੇ ਚੋਲ਼ਿਆਂ ਵਾਲ਼ੇ ਚੇਲਿਆਂ ਨੇ ਧਾਰਨਾ ਚੁੱਕ ਲਈ ਸੀ-

ਜਿੰਦ ਜਮਾ ਤੋਂ ਫੜੀ ਨੀ ਰਹਿਣੀ
ਉਡਜੂ ਹਵਾ ਬਣਕੇ...

ਮੇਰੀ ਜਿੰਦ ਦੇ ਹਵਾ ਬਨਣ ਦਾ ਵੀ ਇਹੀ ਦਿਨ ਸੀ। ਸਾਰਿਆਂ ਤੋਂ ਅੱਖ ਬਚਾ ਕੇ ਅਕੈਡਮੀ ਦੇ ਗੇਟ ਤੋਂ ਬਾਹਰ ਆ ਗਈ ਸਾਂ। ਲੰਘਦੇ ਮੋਟਰ ਸਾਈਕਲ ਸਵਾਰ ਨੂੰ ਹੱਥ ਦੇ ਕੇ ਬੱਸ ਅੱਡੇ ਆ ਗਈ ਸਾਂ। ਅੱਡੇ ਵਿਚ ਖੜਿਆਂ ਪਿੰਡ ਵਾਲ਼ੀ ਬੱਸ ਉਡੀਕਣੀ ਵੀ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਜਿਹੜੀ ਵੀ ਬੱਸ ਆਈ ਉਸੇ ਤੇ ਚੜ੍ਹ ਅੱਡੇ ਤੋਂ ਦੂਰ ਨਿਕਲ ਗਈ ਸੀ।

ਅਚਾਨਕ ਵਿਹੜੇ ਵਿਚ ਵੇਖ ਕੇ ਮਾਂ ਦੇ ਹੱਥੋਂ ਭਾਂਡੇ ਛੁੱਟ ਗਏ ਸਨ। ਉਹ ਹੱਕੀ-ਬੱਕੀ ਰਹਿ ਗਈ ਸੀ।

"ਮੈਂ ਈ ਆਂ...।"

ਤੂੰ...ਆਏਂ...ਕੱਲੀ...ਤੂੰ...ਆਏਂ...ਖ਼ਾਲੀ ਹੱਥੀਂ...ਅਕੈਡਮੀ...ਕਿਰਨੀਏ...ਬਾਬਾ ਜੀ...ਮਾਸਟਰ ਸਮਸ਼ੇਰ...ਕਿਵੇਂ ਆਈ...ਠੀਕ ਏਂ...।" ਮਾਂ ਦੇ ਕੋਈ ਤੰਦ ਹੱਥ ਨਹੀਂ ਸੀ ਆ ਰਹੀ।

"ਖ਼ਾਲੀ ਹੱਥੀਂ ਕਿਉਂ...ਅਹਿ ਵੇਖ ਡਿਗਰੀਆਂ ਲੈ ਆਈ ਹਾਂ...।" ਮੈਂ ਆਪਣੇ ਅੰਦਰਲੀ ਸਾਰੀ ਸ਼ਕਤੀ ਇਕੱਠੀ ਕਰਕੇ ਆਪਣੀ ਕਮੀਜ਼ ਦੇ ਅੰਦਰ ਲਕੋਏ ਸਰਟੀਫਿਕੇਟ ਕੱਢ ਕੇ ਮਾਂ ਮੂਹਰੇ ਸੁੱਟ ਦਿੱਤੇ ਸਨ।

"ਕਿਰਨੀਏ !"

"ਕਿਰਨੀ ਤਾਂ ਮਰ ਮੁੱਕ ਗਈ ਉੱਥੇ ਈ...ਅਕੈਡਮੀ 'ਚ ਈ।"

ਕੁਝ ਪੱਲੇ ਨਹੀਂ ਸੀ ਪੈ ਰਿਹਾ ਮਾਂ ਦੇ। ਉਂਜ ਉਹ ਇੰਨਾ ਕੁ ਸਮਝ ਗਈ ਸੀ ਕਿ ਧੀ ਆਪਣੀ ਮਰਜ਼ੀ

ਨਾਲ ਅਕੈਡਮੀ ਨੂੰ ਕਿਤੇ ਦੂਰ ਪਿੱਛੇ ਛੱਡ ਆਈ ਹੈ।

"ਧੀਏ...ਕੀ ਭਾਵੀ ਵਰਤਗੀ...ਆਂਏਂ ਚਾਣਚੱਕ...।"

ਮਾਂ ਮੰਜੇ ਦੀ ਬਾਹੀ ਫੜ੍ਹ ਕੇ ਬੈਠ ਗਈ ਸੀ। ਮੇਰਾ ਜੀਅ ਤਾਂ ਕੀਤਾ ਕਿ ਆਖਾਂ, "ਮਾਂ ਭਾਵੀ ਤਾਂ ਉਸੇ ਦਿਨ ਵਰਤ ਗਈ ਸੀ ਜਿਸ ਦਿਨ ਅਕੈਡਮੀ ਦਾਖਲ ਕਰਾ ਆਈ ਸੈਂ।" ਪਰ ਕੁੱਝ ਨਾ ਬੋਲੀ।

"ਹਾਏ ਸਾਡੀ ਕਿਸਮਤ...ਲੱਗਦੈ ਸਾਨੂੰ ਲੇਖ ਧੋਖਾ ਦੇਗੇ। ਪੱਕੀ ਫਸਲ 'ਤੇ ਕਾਕੜੇ ਪੈਗੇ...ਕਿਰਨੀਏ ਦੁੱਧ ਨੂੰ ਲਾਜ ਲਾ ਆਈਂ ਤੂੰ...ਕੀ ਮੂੰਹ ਵਖਾਵਾਂਗੇ ਬਾਬਿਆਂ ਨੂੰ। ਤੂੰ ਤਾਂ ਧਰਮ ਨੂੰ ਈ ਧੱਕਾ ਦੇਤਾ।" ਮਾਂ ਪਾਗਲਾਂ ਹਾਰ ਹੋਈ ਪਈ ਸੀ। ਉਸਦੇ ਤਾਂ ਜਿਵੇਂ ਸਾਰੇ ਸੁਪਨੇ ਹੀ ਮਿੱਟੀ ਵਿਚ ਮਿਲ਼ ਗਏ ਸਨ।

"ਹਾਏ ਪੁੱਤ ਗੱਲ ਤਾਂ ਦੱਸ ਕੀ ਹੋਗੀ ? ਕੀਹਨੇ ਤੇਰੀ ਅਕਲ 'ਤੇ ਪੜਦਾ ਪਾਤਾ ? ਕੀ ਮਾੜਾ ਕਰਤਾ ਆਪਣਾ ਕੈਡਮੀ ਵਾਲ਼ਿਆਂ ਨੇ। ਪੰਜ ਸਾਲ ਪੜ੍ਹਾ ਲਿਖਾ ਕੇ ਤੈਨੂੰ ਰੋਟੀ ਪਾਤਾ।"

ਕੁਝ ਨਹੀਂ ਬੋਲੀ ਮੈਂ।

"ਐਡੀ ਵੱਡੀ ਭੁੱਲ...?...ਅਸੀਂ ਤਾਂ ਕਿਸੇ ਪਾਸੇ ਮੂੰਹ ਦਿਖਾਉਣ ਜੋਗੇ ਨੀ ਰਹਿਣਾ। ਮਾਸਟਰ ਸਮਸ਼ੇਰ ਸਿੰਹੁ ਨੂੰ ਕੀ ਦੱਸਾਂਗੇ ? ਕਿਵੇਂ ਮੂੰਹ ਫੜਾਂਗੇ ਲੋਕਾਂ ਦਾ। ਸੌ-ਸੌ ਗੱਲਾਂ ਕਰਨਗੇ ਸ਼ਰੀਕ।" ਮੈਂ ਤਾਂ ਪੱਥਰ ਬਣੀ ਖੜੀ ਸਾਂ। ਮਾਂ ਮੈਨੂੰ ਹਲੂਣ...ਹਲੂਣ ਪੁੱਛ ਰਹੀ ਸੀ।

"ਮੈਂ ਤੇ ਤੇਰਾ ਬਾਪੂ ਕੱਲ੍ਹ ਈ ਛੱਡ ਕੇ ਆਉਨੇ ਆਂ ਤੈਨੂੰ ਕੈਡਮੀ 'ਚ। ਬਾਬਾ ਜੀ ਤੋਂ ਭੁੱਲ ਬਖ਼ਸ਼ਾਲਾਂਗੇ...ਸ਼ਮਸ਼ੇਰ ਮਾਸਟਰ ਨੂੰ ਲੈ ਜਾਂਗੇ ਨਾਲ਼।

"ਮਾਂ ਮੁੜਕੇ ਨਾਂ ਲਵੀਂ ਅਕੈਡਮੀ ਦਾ...ਜਿਉਂਦੇ ਜੀਅ ਨ੍ਹੀ ਜਾਂਦੀ ਉੱਥੇ।" ਮੈਂ ਸਾਰਾ ਜ਼ੋਰ ਲਾ ਕੇ ਆਪਣਾ ਦੋ ਟੁੱਕ ਫੈਸਲਾ ਸੁਣਾਇਆ ਤਾਂ ਮਾਂ ਅੰਦਰ ਜਾ ਕੇ ਰਜਾਈ ਵਿਚ ਮੂੰਹ ਦੇ ਹੁਬਕੀਂ-ਹੁਬਕੀਂ ਰੋਣ ਲੱਗੀ ਸੀ। ਘਰ ਵਿਚ ਸੋਗ ਪਸਰ ਗਿਆ ਸੀ।

* * *

ਮਾਂ ਦੇ ਸੁਨੇਹੇ 'ਤੇ ਮਾਸੀ ਵੀ ਸਤਿੰਦਰ ਨੂੰ ਲੈ ਕੇ ਆ ਗਈ ਸੀ। ਕਿੰਨਾ ਸੋਹਣਾ ਜੁਆਨ ਬਣਿਆ ਪਿਆ ਸੀ। ਭਰਿਆ-ਭਰਿਆ ਸਰੀਰ। ਸੂਹੀ ਲਾਟ ਵਰਗਾ ਰੰਗ। ਦਗਦਾ ਮੱਥਾ। ਮਸ਼ਾਲ ਵਾਂਗ ਬਲ਼ਦੀਆਂ ਅੱਖਾਂ। ਅੱਖਾਂ ਵਿਚ ਉਛੂੰ-ਉਛੂੰ ਕਰਦੇ ਚਾਅ। ਪੂਰੇ ਪੰਜਾਂ ਸਾਲਾਂ ਬਾਅਦ ਵੇਖ ਰਹੀ ਸਾਂ ਉਸਨੂੰ। ਕਿੰਨਾ ਚਾਅ ਚੜ੍ਹਦਾ ਹੁੰਦਾ ਸੀ ਉਸਦੇ ਆਉਣ 'ਤੇ। ਆਨੇ-ਬਹਾਨੇ ਉਸਦੇ ਆਲ਼ੇ-ਦੁਆਲ਼ੇ ਰਹਿੰਦੀ ਸਾਂ ਪਰ ਹੁਣ ਤਾਂ ਉਸ ਨਾਲ ਅੱਖ ਮਿਲਾਉਣ ਦੀ ਵੀ ਹਿੰਮਤ ਨਹੀਂ ਸੀ ਹੋ ਰਹੀ। ਉਸਨੂੰ ਵੇਖ ਕੇ ਹੋਰ ਵਧੇਰੇ ਉਦਾਸ ਹੋ ਗਈ ਸਾਂ।

"ਪੁੱਤ ਕਿਰਨ...ਅਕੈਡਮੀ ਵਾਲੇ ਬਾਬਿਆਂ ਦਾ ਤਾਂ ਸਾਥੋਂ ਦੇਣ ਨ੍ਹੀ ਦੇ ਹੋਣਾ। ਲੋਕ ਤਾਂ ਤਰਸਦੇ ਫਿਰਦੇ ਅਕੈਡਮੀ 'ਚ ਦਾਖਲਾ ਲੈਣ ਨੂੰ...ਤੇਰੀ ਤਾਂ ਕਿਸਮਤ ਈ ਬਲੀ ਸੀ। ਵੇਂਹਦਿਆਂ-ਵੇਂਹਦਿਆਂ ਪੰਜ ਸਾਲ ਲੰਘਗੇ...ਲੱਗਾ ਕੋਈ ਪਤਾ ਪੰਜਾਂ ਸਾਲਾਂ ਦਾ ਅੱਖ ਦੇ ਫੋਰ 'ਚ ਈ। ਮੈਨੂੰ ਤਾਂ ਆਂਢ-ਗੁਆਂਢ ਵਧਾਈਆਂ ਦਿੰਦਾ ਨੀ ਥੱਕਦਾ। ਸਾਰੇ ਕਹਿਣਗੇ ਗੁਰਮੇਲ ਕੁਰੇ ਤੇਰੀ ਭਾਣਜੀ ਆਲ਼ਾ ਤਾਂ ਬਲਾਈ ਚੰਗਾ ਹੋਇਆ। ਜ਼ਿੰਦਗੀ ਬਣਗੀ ਉਹਦੀ ਤਾਂ...।" ਮਾਸੀ ਨੇ ਅਸਲੀ ਗੱਲ ਵੱਲ ਆਉਣ ਤੋਂ ਪਹਿਲਾਂ ਭੂਮਿਕਾ ਬੰਨਣੀ ਜ਼ਰੂਰੀ ਸਮਝੀ ਸੀ।

"ਕਿਰਨ ਪੁੱਤ! ਤੇਰੇ ਅਕੈਡਮੀ ਛੱਡ ਕੇ ਆ ਜਾਣ ਦਾ ਸੁਣ ਕੇ ਚਿੱਤ ਬੜਾ ਈ ਦੁਖੀ ਹੋਇਆ। ਮੇਰੇ ਤਾਂ ਰੋਟੀ ਦੀ ਬੁਰਕੀ ਨੀ ਲੰਘੀ। ਇਹ ਤਾਂ ਪੁੱਤ, ਜੱਗ ਹਸਾਈ ਵਾਲੀ ਗੱਲ ਹੋਜੂ। ਮੈਂ ਤਾਂ ਉਦੋਂ ਈ ਖਿੱਚ ਲਿਆਈ ਸਤਿੰਦਰ ਨੂੰ ਸੈਕਲ ਮੋਟਰ 'ਤੇ। ਮੈਂ ਸਤਿੰਦਰ ਨੂੰ ਕਿਹਾ ਤੂੰ ਵੀ ਸਮਝਾਈਂ ਕਿਰਨ ਨੂੰ।" ਮੈਂ ਹੁਣ ਸਮਝੀ ਸਾਂ ਕਿ ਮੈਨੂੰ ਇਮੋਸ਼ਨਲ ਬਲੈਕਮੇਲ ਕਰਨ ਲਈ ਮਾਸੀ, ਸਤਿੰਦਰ ਨੂੰ ਲੈ ਕੇ ਆਈ ਸੀ।

"ਮੇਲੋ ਆਹ ਤਾਂ ਤੈਂਅ ਚੰਗਾ ਕੀਤਾ ਝਬਦੇ ਆਗੀ। ਸਾਨੂੰ ਤਾਂ ਇਹ ਕੋਈ ਲੜ ਸਿਰਾ ਨੀ



ਫੜਾਉਂਦੀ। ਮੈਂ ਤਾਂ ਮੱਥੇ ਦੀਆਂ ਠੀਕਰੀਆਂ ਭੰਨਲੀਆਂ...ਕੁਛ ਨੀ ਦੱਸਦੀ। ਹੁਣ ਤੁਸੀਂ ਈ ਸਮਝਾਓ ਇਹਨੂੰ।"

"ਭੈਣ ਤੁਸੀਂ ਫ਼ਿਕਰ ਨਾ ਕਰੋ... ਅਸੀਂ ਜੋ ਆਗੇ ਆਂ। ਮੈਂ ਤੇ ਸਤਿੰਦਰ ਆਖੇ ਕਰਾਂਗੇ ਗੱਲ। ਸਤਿੰਦਰ ਤੇ ਉਸੇ ਵੇਲੇ ਤਿਆਰ ਹੋ ਕੇ ਤੁਰ ਪਿਆ ਕਹਿੰਦਾ ਚਾਚੀ ਮੈਂ ਆਪੇ ਕਰੂੰ ਕਿਰਨ ਨਾਲ ਗੱਲ।" ਮਾਸੀ ਸਤਿੰਦਰ ਨੂੰ ਅੱਗੇ ਕਰ ਰਹੀ ਸੀ। ਮੈਂ ਨੀਵੀਂ ਪਾਈ ਪੈਰ ਦੇ ਅੰਗੂਠੇ ਨਾਲ ਮਿੱਟੀ ਪੱਟੀ ਜਾਂਦੀ ਸਾਂ। ਸਤਿੰਦਰ ਦੇ ਨਾਂ ਨੇ ਮੇਰੇ ਅੰਦਰ ਪਹਿਲਾਂ ਵਾਂਗ ਕੋਈ ਹਲਚਲ ਹੀ ਪੈਦਾ ਨਹੀਂ ਸੀ ਕੀਤੀ। ਪਹਿਲਾਂ ਜਦੋਂ ਮਾਸੀ ਦੇ ਮੂੰਹੋਂ ਸਤਿੰਦਰ ਦਾ ਨਾਂ ਵੀ ਸੁਣਦੀ ਸਾਂ ਤਾਂ ਪੂਰੇ ਸਰੀਰ ਵਿਚ ਝੁਣਝੁਣੀ ਜਿਹੀ ਫਿਰ ਜਾਂਦੀ ਸੀ। ਮਾਸੀ ਮੇਰੇ ਅੰਦਰਲੀ ਖਿੱਚ ਨੂੰ ਜਾਣਦੀ ਸੀ। ਆਨੀ ਬਹਾਨੀ ਮੇਰੇ ਕੋਲ਼ ਸਤਿੰਦਰ ਦਾ ਜ਼ਿਕਰ ਛੇੜਦੀ ਹੀ ਰਹਿੰਦੀ ਸੀ। ਉਦੋਂ ਮੈਂ ਵੀ ਮਾਸੀ ਤੋਂ ਅਜਿਹੀਆਂ ਗੱਲਾਂ ਪੁੱਛਦੀ ਸਾਂ ਜਿਸ ਨਾਲ਼ ਕਿਸੇ ਨਾ ਕਿਸੇ ਤਰਾਂ ਸਤਿੰਦਰ ਦਾ ਜ਼ਿਕਰ ਛਿੜ ਪਾਵੇ।

"ਕਿਰਨੀ ਪੁੱਤ! ਦੁਨੀਆਂ ਨੌਕਰੀਆਂ ਆਸਤੇ ਅੱਕੀਂ-ਪਲਾਹੀ ਹੱਥ ਮਾਰਦੀ ਫਿਰਦੀ ਐ। ਪੰਡ-ਪੰਡ ਰੁਪਈਆਂ ਦੀ ਚੱਕੀ ਫਿਰਦੇ ਲੋਕ। ਸਾਡੇ ਆਵਦੇ ਸ਼ਰੀਕੇ 'ਚੋਂ ਇਕ ਮੁੰਡੇ ਨੇ ਐਮ.ਏ. ਕਰੀ ਐ। ਬੀ.ਐਡ. ਕੀਤੀ ਨੂੰ ਵੀ ਪੰਜ ਸਾਲ ਹੋਗੇ। ਨੌਕਰੀ ਨੀ ਮਿਲੀ। ਬਥੇਰਾ ਵਾਹ ਲਾ ਲਿਆ। ਲੀਡਰਾਂ-ਸ਼ੀਡਰਾਂ ਨੂੰ ਬਥੇਰਾ ਪੈਸਾ-ਧੇਲਾ ਲੁਟਾ ਲਿਆ। ਤੈਨੂੰ ਚੰਗੀ ਭਲੀ ਨੌਕਰੀ ਮਿਲਗੀ ਬੀ.ਐਡ ਕਰਦਿਆਂ ਈ। ਤੂੰ ਰਿਜ਼ਕ ਨੂੰ ਲੱਤ ਮਾਰ ਕੇ ਆਗੀ। ਮੌਕੇ ਕਿਤੇ ਰੋਜ਼-ਰੋਜ਼ ਮਿਲਦੇ ? ਪੁੱਤ! ਹੱਥ ਆਇਆ ਮੌਕਾ ਨੀ ਗਵਾਈਦਾ।" ਮਾਸੀ ਦਾ ਉਪਦੇਸ਼ ਜਾਰੀ ਸੀ।

"ਨਾਲ਼ੇ ਉੱਥੇ ਤੂੰ ਗੁਰੂ ਦੀ ਸਿੱਖੀ ਨਾਲ ਜੁੜੀ ਸੀ। ਗੁਰੂ ਨਾਲ਼ ਜੁੜਨ ਆਲ਼ਿਆਂ ਦੀਆਂ ਤਾਂ ਕੁੱਲਾਂ ਤਰ ਜਾਂਦੀਆਂ। ਆਹ ਸਤਿੰਦਰ ਨੂੰ ਪੁੱਛ ਮੈਂ ਤਾਂ ਅਕਸਰ ਘਰੇ ਗੱਲਾਂ ਕਰਦੀ ਰਹਿਨੀ ਆਂ ਵਈ ਅਗਲੇ ਸਾਲ ਬਾਰ੍ਹਵੀਂ ਜਮਾਤ 'ਚ ਆਪਣੀ ਧੀ ਪਾਲ ਨੂੰ ਵੀ ਕਿਰਨੀ ਕੋਲ ਬਾਬਿਆਂ ਦੀ ਅਕੈਡਮੀ 'ਚ ਭੇਜ ਦੇਣਾ।" ਮਾਸੀ ਘੜੀ-ਮੁੜੀ ਸਤਿੰਦਰ ਨੂੰ ਵਿਚ ਘੜੀਸ ਰਹੀ ਸੀ।

"ਕਿਰਨਜੀਤ! ਤੁਸੀਂ ਬੜੇ ਲੱਕੀ ਓਂ, ਐਹੋ ਜਿਹੀ ਅਕੈਡਮੀ 'ਚ ਸਟੱਡੀ ਕਰਨ ਦਾ ਮੌਕਾ ਮਿਲਿਆ। ਨਾਲ ਦੀ ਨਾਲ ਪਲੇਸਮੈਂਟ ਵੀ ਹੋ ਗਈ। ਰੀਅਲੀ ਯੂ.ਆਰ. ਲੱਕੀ।" ਸਤਿੰਦਰ ਦੇ ਮੂੰਹੋਂ ਪੋਲੇ ਜਿਹੇ ਬੋਲ ਨਿਕਲੇ ਸਨ। ਮੈਂ ਆਖਣਾ ਚਾਹੁੰਦੀ ਸਾਂ, "ਰੱਬ ਕਰੇ, ਮੇਰੇ ਜਿਹਾ ਲੱਕੀ ਹੋਰ ਕੋਈ ਨਾ ਹੋਵੇ।' ਪਰ ਮੈਂ ਚੁੱਪ ਰਹੀ। ਆਵਾਜ਼ ਮੇਰੇ ਸੰਘ ਵਿੱਚੋਂ ਨਿਕਲੀ ਹੀ ਨਹੀਂ ਸੀ।

ਉਸ ਦਿਨ ਦੇਰ ਸ਼ਾਮ ਤੱਕ ਮਾਸੀ ਆਪਣੇ ਪ੍ਰਵਚਨਾਂ ਦੇ ਬਾਵਜੂਦ ਮੈਥੋਂ ਹਾਂ ਨਹੀਂ ਸੀ ਅਖਣਾ ਸਕੀ। ਸਾਰਾ ਸਮਾਂ ਮਾਸੀ ਹੀ ਬੋਲਦੀ ਰਹੀ ਸੀ। ਵਿਚ-ਵਿਚ ਸਤਿੰਦਰ ਵੀ ਕੁੱਝ ਬੋਲ ਕੇ ਆਪਣੀ ਹਾਜ਼ਰੀ ਲਵਾ ਲੈਣਾ ਆਪਣਾ ਫਰਜ਼ ਸਮਝਦਾ ਸੀ। ਮਾਂ ਤਾਂ ਕੁੜ-ਕੁੜ ਕਰਦੀ, ਸਿਰ ਫੜ ਕੇ ਬੈਠੀ ਰਹੀ ਸੀ। ਘਰ ਦੇ ਬਾਕੀ ਜੀਅ ਮਸੋਸੇ ਜਿਹੇ ਚਿਹਰੇ ਲੈ ਕੇ ਦੂਸਰੇ ਕਮਰੇ ਵਿਚ ਬੈਠੇ ਸਨ। ਜਿਵੇਂ ਸਾਰੇ ਮੇਰੇ ਮੂੰਹੋਂ 'ਹਾਂ' ਸੁਣਨ ਦੀ ਉਡੀਕ ਵਿਚ ਹੀ ਸਨ। ਥੱਕ ਹਾਰ ਕੇ ਆਥਣੇ ਮਾਸੀ ਨੇ ਘਰ ਵਾਪਸ ਜਾਣ ਦੀ ਤਿਆਰੀ ਕਰ ਲਈ ਸੀ।

"ਕਿਰਨ ਤੂੰ ਸਮਝਦੀ ਕਿਉਂ ਨ੍ਹੀ, ਆਹ ਸਤਿੰਦਰ ਤੇਰੇ ਕੋਲ ਖੜਾ...। ਪੁੱਤ ਤੇਰੀ ਇਸ ਨੌਕਰੀ ਨੇ ਤੇਰੀ ਜ਼ਿੰਦਗੀ ਬਦਲ ਦੇਣੀ ਐ। ਤੈਨੂੰ ਪਤਾ ਏਸੇ ਨੌਕਰੀ ਆਸਰੇ ਈ ਤੂੰ ਆਪਣੀ ਪਸੰਦ ਦੇ ਹਾਣੀ ਦਾ ਹੱਥ ਫੜ੍ਹ ਸਕਦੀ ਐਂ।" ਮਾਸੀ ਨੇ ਭੱਥੇ ਵਿੱਚੋਂ ਆਖ਼ਰੀ ਤੀਰ ਵੀ ਚਲਾ ਦਿੱਤਾ ਸੀ।

"ਹਾਏ ਉਏ ਮੇਰਿਓ ਮਾਪਿਓ... ਥੋਨੂੰ ਕਿਵੇਂ ਸਮਝਾਵਾਂ...ਕਿਸੇ ਹਾਣੀ ਦਾ ਹੱਥ ਫੜਨ ਜੋਗਾ ਥੋਡੇ ਬਾਬਿਆਂ ਦੀ ਅਕੈਡਮੀ ਨੇ ਛੱਡਿਆ ਹੀ ਕਿੱਥੇ ਐ ?" ਮੇਰੇ ਅੰਦਰੋਂ ਚੀਕ ਨਿਕਲ਼ ਗਈ ਸੀ। ਮੈਂ ਭੱਜ ਕੇ ਅੰਦਰ ਜਾ ਵੜੀ ਸਾਂ।

# ਸਭਿਆਚਾਰ ਦੇ ਪ੍ਰਸੰਗ

—ਡਾ. ਅਯੂਬ ਮਿਰਜ਼ਾ

ਫ਼ੈਜ਼ ਸਾਹਿਬ ! ਇਕ ਵਾਰ ਆਪ ਸਭਿਆਚਾਰ ਦੇ ਬਾਰੇ ਵਿਚ ਫਰਮਾ ਰਹੇ ਸੀ ਕਿ ਕਿਸੇ ਵਿਸ਼ੇਸ਼ ਇਲਾਕੇ ਦੀ ਜੰਤਾ ਦਾ ਸਭਿਆਚਾਰ ਵਿਸ਼ੇਸ਼, ਸਥਿਤੀਆਂ ਵਿਚ ਵਿਸ਼ੇਸ਼ ਹੁੰਦਾ ਹੈ। ਇਸ ਉੱਤੇ ਇਤਿਹਾਸ ਦੇ ਹਾਦਸੇ ਅਤੇ ਇਤਿਹਾਸਕ ਰਵਾਇਤਾਂ ਦਾ ਡੂੰਘਾ ਪ੍ਰਭਾਵ ਹੁੰਦਾ ਹੈ। ਨਾਲ ਹੀ ਇਸ ਉੱਤੇ ਸਮੇਂ ਦੀ ਪਦਾਰਥਕ ਅਤੇ ਆਰਥਿਕ ਹਾਲਾਤ ਦਾ ਅਸਰ ਵੀ ਅਵੱਸ਼ ਹੁੰਦਾ ਹੈ। ਆਪਸ ਦੇ ਆਰਥਿਕ ਰਿਸ਼ਤੇ ਸਭਿਆਚਾਰ ਉੱਤੇ ਬੁਨਿਆਦੀ ਤੌਰ ਤੇ ਪ੍ਰਭਾਵ ਪਾਉਂਦੇ ਹਨ।

ਫ਼ੈਜ਼ ਸਾਹਿਬ ਕਹਿਣ ਲੱਗੇ, 'ਭਈ ਠੀਕ ਹੀ ਤੇ ਹੈ ਨਾ। ਇਸ ਬਾਰੇ ਅੱਜ ਵੀਹਵੀਂ ਸਦੀ ਵਿਚ ਕੌਣ ਇਨਕਾਰ ਕਰ ਸਕਦਾ ਹੈ। ਸਾਡੇ ਏਥੇ ਜੋ ਬਹਿਸ ਚੱਲ ਰਹੀ ਹੈ, ਉਹ ਇਸਲਾਮੀ ਕਲਚਰ ਅਤੇ ਕੌਮੀ ਕਲਚਰ ਦੀ ਹੈ, ਕੌਮੀਅਤ ਅਤੇ ਕੌਮ ਦੀ ਹੈ। ਮੈਂ ਬੇਨਤੀ ਕੀਤੀ, ਫ਼ੈਜ਼ ਸਾਹਿਬ ਇਸਲਾਮ ਦੇ ਨਾਮ-ਲੇਵਾ ਸਾਡੇ ਏਥੇ ਜ਼ਾਲਮਾਂ ਅਤੇ ਮਜ਼ਲੂਮਾਂ ਦੋਵਾਂ ਵਿਚ ਮੌਜੂਦ ਹਨ-ਜ਼ਾਲਮ ਉਸ ਨੂੰ ਨਿਰੰਤਰ ਆਪਣੇ ਸਵਾਰਥ ਲਈ ਵਰਤਦਾ ਹੈ, ਅਤੇ ਮਜ਼ਲੂਮ ਇਸ ਵਿਚ ਸਕੂਨ (ਸ਼ਾਂਤੀ) ਅਤੇ ਮੁਕਤੀ ਦੀ ਤਲਾਸ਼ ਕਰਦਾ ਹੈ।

ਫੈਜ਼ ਆਖਣ ਲੱਗੇ, "ਇਹ ਸਮੱਸਿਆ ਦੂਸਰੀ ਹੈ-ਮਸਲਾ ਤਾਂ ਇੰਝ ਹੈ ਕਿ ਗਰਜ਼-ਮੰਦ ਲੋਕ ਧਰਮ ਨੂੰ ਕਿਸੇ ਜਮਾਤੀ ਪ੍ਰਬੰਧ ਵਿਚ ਕਿਵੇਂ ਵਰਤਦੇ ਹਨ। ਹੁਣ ਇਹੀ ਵੇਖ ਲਓ ਕਿ ਰਸੂਲੇ-ਅਕਰਮ ਨੇ ਗ਼ੁਲਾਮੀ ਦੇ ਰਾਜ-ਪ੍ਰਬੰਧ ਦੀ ਸਖ਼ਤੀ ਨਾਲ ਵਿਰੋਧਤਾ ਕੀਤੀ ਅਤੇ ਮਾਲਕੀ ਵਾਲੇ ਲੋਕਾਂ ਨੂੰ ਜੋ ਕਿ ਆਰਥਿਕ ਤੌਰ 'ਤੇ ਲੁੱਟ-ਖਸੁੱਟ ਕਰਦੇ ਸਨ, ਇਸ ਤਰ੍ਹਾਂ ਕਰਨ ਤੋਂ ਰੋਕਿਆ। ਪਰ ਅੱਜ ਤੱਕ ਇਸਲਾਮੀ ਦੇਸ਼ਾਂ ਨੂੰ ਹੀ ਲੈ ਲਵੋ। ਪੂੰਜੀਵਾਦੀ-ਪ੍ਰਬੰਧ ਦੇ ਤਾਂ ਅਸੂਲ ਅਤੇ ਕਾਨੂੰਨ ਵੱਖਰੇ ਹੀ ਹੁੰਦੇ ਹਨ। ਸਿੱਟੇ ਵਜੋਂ ਏਥੇ ਵੀ ਆਰਥਿਕ ਤੌਰ 'ਤੇ ਗ਼ੁਲਾਮ ਮੌਜੂਦ ਹਨ। ਜਦੋਂ ਤੀਕ ਇਕ ਇਨਸਾਨ ਦੂਸਰੇ ਇਨਸਾਨ ਦੀ ਲੁੱਟ-ਖਸੁੱਟ ਕਰਦਾ ਰਹੇਗਾ, ਜਾਂ ਉਹ ਇਸ ਯੋਗ ਹੋਵੇ ਕਿ ਉਹ ਲੁੱਟ ਨਾ ਸਕੇ, ਤਾਂ ਤੇ ਇਹ ਗ਼ੁਲਾਮੀ ਦੀ ਹੋਂਦ ਰਹੇਗੀ। ਸਿੱਟੇ ਵਜੋਂ ਐਸੇ ਰਾਜ-ਪ੍ਰਬੰਧ ਨੂੰ ਖ਼ਤਮ ਕਰਨਾ ਅਤੇ ਗੁਲਾਮਾਂ ਤੋਂ ਪਾਕ ਸਮਾਜ ਨੂੰ ਪੈਦਾ ਕਰਨਾ ਇਕ ਜਹਾਦ ਹੈ ਅਤੇ ਇਨਕਲਾਬ ਦਾ ਉਦੇਸ਼ ਵੀ ਹੈ।"

"ਕਈ ਕਲਚਰ ਜਾਂ ਸਭਿਅਤਾ ਦੇ ਇਹ ਸ਼ਬਦ ਅਠਾਰਵੀਂ ਸਦੀ ਤੋਂ ਪਹਿਲਾਂ ਇਸ ਪ੍ਰਸੰਗ ਵਿਚ ਵਰਤੋਂ ਵਿਚ ਨਹੀਂ ਸੀ ਆਉਂਦੇ, ਜਿਨ੍ਹਾਂ ਅਰਥਾਂ ਵਿਚ ਇਹ ਵੀਹਵੀਂ ਸਦੀ ਵਿਚ ਹੋ ਰਹੇ ਹਨ ਤਹਿਜ਼ੀਬ (ਸਭਿਅਤਾ) ਸ਼ਾਇਸਤ ਸੀ, ਕਲਚਰ, ਇਹ ਸਾਰਾ ਕੁਝ ਤਾਂ ਕੇਵਲ ਅਮੀਰ ਅਤੇ ਰਈਸ ਤਬਕੇ ਦੀ ਅਜਾਰੇਦਾਰੀ ਸਮਝਿਆ ਜਾਂਦਾ ਸੀ, ਆਮ ਲੋਕਾਂ ਦਾ ਇਸ ਕਾਰੋਬਾਰ ਵਿਚ ਕੋਈ ਦਖ਼ਲ ਨਹੀਂ ਸੀ।

ਤਹਿਜ਼ੀਬ ਨੂੰ ਜੇ ਕਲਾ ਦੇ ਪੱਖ ਤੋਂ ਚੀਰ ਫਾੜ ਕਰੀਏ ਤਾਂ ਇਸਦੇ, ਦੋ ਹਿੱਸੇ ਬਣਦੇ ਹਨ। ਇਕ ਹਿੱਸਾ ਉਹ ਹੈ, ਜਿਸ ਵਿਚ ਸਾਡੇ ਰਸਮਾਂ ਅਤੇ ਰਿਵਾਜ, ਰਹਿਣ ਸਹਿਣ ਦੇ ਤਰੀਕੇ, ਸਾਡੇ ਕਾਇਦੇ-ਕਾਨੂੰਨ ਉੱਤੇ ਬਿਨਾਂ ਕਿਸੇ ਝਿਜਕ ਦੇ ਅਮਲ ਕਰਨਾ, ਸਾਡਾ ਲਿਬਾਸ, ਸਾਡੀ ਜ਼ੁਬਾਨ, ਸਾਡੇ ਖਾਣ-ਪੀਣ ਦੇ ਤੌਰ-ਤਰੀਕੇ, ਸਾਡਾ ਉੱਠਣਾ, ਬੈਠਣਾ, ਸਾਡੇ ਬਜ਼ੁਰਗਾਂ ਅਤੇ ਛੋਟਿਆਂ ਨਾਲ ਪੇਸ਼ ਆਉਣ ਦੇ ਸਲੀਕੇ, ਜਿਸ ਨੂੰ ਮਜਲਸ ਦੇ ਤਰੀਕੇ ਵੀ ਕਹਿ ਸਕਦੇ ਹਾਂ, ਸ਼ਾਮਿਲ ਹਨ ਅਤੇ ਦੂਸਰਾ ਹਿੱਸਾ ਉਹ ਹੈ, ਜਿਸ ਵਿਚ ਕਲਾਵਾਂ (ਫਨੂੰਨ) ਆਦਿ ਆਉਂਦੇ ਹਨ। ਇਸ ਵਿਚ ਦਿਮਾਗ਼ੀ ਸੋਚ ਅਤੇ ਇਨਸਾਨੀ-ਫ਼ਿਕਰ ਦਾ ਬੜਾ ਦਖ਼ਲ ਹੈ। ਅਰਥਾਤ ਸ਼ਿਅਰ ਕਹਿਣਾ, ਨਾਵਲ ਅਤੇ ਕਹਾਣੀ ਲਿਖਣ, ਚਿੱਤਰ ਬਣਾਉਣਾ, ਇਮਾਰਤ-ਉਸਾਰੀ ਜਾਂ ਬੁੱਤ-ਕਲਾ ਇਕ ਦਿਮਾਗ਼ੀ ਅਤੇ ਕਲਾਤਮਕ ਕੰਮ ਹੈ। ਇਹ ਦੋਵੇਂ ਪੱਖ ਮਿਲ ਕੇ ਮੁਕੰਮਲ ਕਲਚਰ ਬਣਦੇ ਹਨ। ਇਸ ਵਿਚ ਕਈ ਤਰ੍ਹਾਂ ਦੇ ਬਾਹਰਮੁਖੀ ਪ੍ਰਭਾਵ ਵੀ ਸ਼ਾਮਿਲ



ਹੋ ਸਕਦੇ ਹਨ। ਪਰ ਇਹ ਆਪਣੀ ਹੀ ਸਰ-ਜ਼ਮੀਨ ਵਿਚ ਪੈਦਾ ਹੁੰਦਾ ਹੈ ਅਤੇ ਆਪਸੀ ਮੇਲ-ਮਿਲਾਪ, ਸਮਾਜਕ, ਸਿਆਸੀ ਤੇ ਆਰਥਿਕ ਰਿਸ਼ਤਿਆਂ ਨਾਲ ਪ੍ਰਵਾਨ ਚੜ੍ਹਦਾ ਹੈ।

ਜਿਵੇਂ ਕਿ ਪਹਿਲਾਂ ਕਹਿ ਚੁੱਕਾ ਹਾਂ, ਧਰਮ ਦੀ ਉਸ ਉੱਤੇ ਛਾਪ ਲੱਗਦੀ ਹੈ। ਇਸ ਦਾ ਸਭਿਆਚਾਰ ਉੱਤੇ ਅਸਰ ਪੈਂਦਾ ਹੈ, ਦੀਨੀ ਅਸੂਲ ਵੀ ਕਲਚਰ ਦਾ ਇਕ ਮਹੱਤਵਪੂਰਨ ਅੰਗ ਹੁੰਦੇ ਹਨ ਐਪਰ ਕਲਚਰ ਵਿਚ ਬਹੁਤ ਸਾਰੇ ਦੀਨੀ ਹਿੱਸੇ ਵੀ ਸ਼ਾਮਿਲ ਹੁੰਦੇ ਹਨ। ਭਾਸ਼ਾ, ਲਿਬਾਸ, ਖੁਰਾਕ ਆਦਿ ਦਾ ਭਾਵੇਂ ਸਿੱਧਾ ਦੀਨ-ਧਰਮ ਨਾਲ ਵਾਹ-ਵਾਸਤਾ ਨਹੀਂ ਹੈ। ਲੋਕ ਉਰਦੂ ਬੋਲਦੇ ਹਨ ਜਾਂ ਅੰਗਰੇਜ਼ੀ, ਕੁੜਤਾ ਸਲਵਾਰ ਪਹਿਨਦੇ ਹਨ ਜਾਂ ਕੋਟ ਪਤਲੂਨ, ਲੱਸੀ ਪੀਂਦੇ ਹਨ ਜਾਂ ਚਾਹ, ਕਬੱਡੀ ਖੇਡਦੇ ਹਨ ਜਾਂ ਕ੍ਰਿਕਟ, ਇਹਨਾਂ ਮਾਮਲਿਆਂ ਵਿਚ ਦੀਨ ਦੀ ਕੋਈ ਕੈਦ ਨਹੀਂ ਹੈ। ਪਰ ਇਹ ਕੌਮੀ ਕਲਚਰ ਦਾ ਹਿੱਸਾ ਹਨ।

ਮੈਂ ਪੁੱਛਿਆ, ਫ਼ੈਜ਼ ਸਾਹਿਬ ਕੌਮੀ (ਰਾਸ਼ਟਰੀ) ਕਲਚਰ ਦਾ ਭੱਠਾ ਕੇਵਲ ਸਾਡੇ ਦੇਸ਼ ਵਿਚ ਹੀ ਬੈਠਿਆ ਹੈ ਜਾਂ ਕਿ ਦੂਸਰੇ ਦੇਸ਼ਾਂ ਵਿਚ ਵੀ ਮੌਜੂਦ ਹੈ। ਫ਼ੈਜ਼ ਸਾਹਿਬ ਕਹਿਣ ਲੱਗੇ, ਭਈ ਕਈ ਨਵੇਂ ਆਜ਼ਾਦ ਹੋਏ ਦੇਸ਼ਾਂ ਵਿਚ ਵੀ ਕਿਸੇ ਹੱਦ ਤੀਕ ਅਜੇ ਵੀ ਕੁਝ ਭੁਲੇਖੇ (Confusion) ਪੇਸ਼ ਹਨ, ਐਪਰ ਬਹੁਤੇ ਦੇਸ਼ਾਂ ਵਿਚ ਸਭਿਆਚਾਰ ਦੇ ਬੁਨਿਆਦੀ ਨੁਕਤੇ ਸੁਲਝਾਏ ਜਾ ਚੁੱਕੇ ਹਨ ਅਤੇ ਪ੍ਰਵਾਨ ਹੋ ਚੁੱਕੇ ਹਨ। ਹਾਲੇ ਸਾਡੇ ਏਥੇ ਕੁਝ ਅਖੌਤੀ ਸਭਿਆਚਾਰਕ-ਮਾਹਿਰ ਅਤੇ ਸਭਿਅਤਾ ਦੇ ਵਿਸ਼ੇਸ਼ਗ ਕਲਚਰ ਨੂੰ ਚਿੱਕੜ ਬਣਾਉਣ ਉੱਤੇ ਤੁਲੇ ਹੋਏ ਹਨ ਅਤੇ ਸਭਿਅਤਾ ਦੀ ਤਾਰੀਫ਼ ਨੂੰ ਤਹਿਸ ਨਹਿਸ ਕਰਨ ਲਈ ਰੁਝੇ ਹੋਏ ਹਨ, ਤਾਂ ਫਿਰ ਅਸੀਂ ਕੀ ਕਰੀਏ। ਪਰ ਵਕਤ ਦੇ ਨਾਲ ਨਾਲ ਨੌਜਵਾਨ ਸੂਝ, ਸੰਜੀਦਗੀ ਸਦਕਾ, ਕਲਚਰ ਅਤੇ ਸਭਿਅਤਾ ਦੀ ਪਛਾਣ ਕਰ ਲਵੇਗਾ। ਇਸ ਵਿਚ ਜਲਦਬਾਜ਼ੀ ਧੜੇਬੰਦੀ ਦਾ ਦਖ਼ਲ ਨਹੀਂ ਹੋਣਾ ਚਾਹੀਦਾ।

ਬਹੁਤ ਦਿਨਾਂ ਪਿਛੋਂ ਅਸੀਂ ਦੋਵਾਂ ਨੂੰ ਕੁਝ ਵਕਤ ਨਸੀਬ ਹੋਇਆ ਸੀ। ਅਸੀਂ ਪਿੰਡੀ ਕਲੱਬ ਦੇ ਵਿਸ਼ਾਲ ਅਤੇ ਸੁੰਦਰ ਲਾਨ ਦੇ ਇਕ ਜ਼ਰਾ ਘੱਟ ਰੁੱਝੇ ਕੋਨੇ ਵਿਚ ਬੈਠੇ ਸੀ ਅਤੇ ਮੈਂ ਕਲੱਬ ਦੇ ਮੁਲਾਜ਼ਮਾਂ ਨੂੰ ਹਦਾਇਤ ਕਰ ਦਿੱਤੀ ਸੀ ਕਿ ਕਿਸੇ ਨੂੰ ਫ਼ੈਜ਼ ਦੀ ਹਾਜ਼ਰੀ ਦੀ ਖ਼ਬਰ ਨਹੀਂ ਦੇਣਾ। ਅਕਤੂਬਰ ਦੀ ਇਕ ਖ਼ੂਬਸੂਰਤ ਸ਼ਾਮ ਅਤੇ ਖੁਸ਼ਗਵਾਰ ਮੌਸਮ ਤੇ ਵਾਤਾਵਰਣ ਵਿਚ ਅੱਜ ਅਸੀਂ ਦੋਵੇਂ ਸਭਿਅਤਾ ਤੇ ਸਭਿਆਚਾਰ ਦੀ ਖ਼ਬਰ ਲੈ ਰਹੇ ਸੀ। ਮੈਂ ਫ਼ੈਜ਼ ਸਾਹਿਬ ਨੂੰ ਪੁੱਛਿਆ, ਕਿ "ਸਾਡੀ ਕੌਮੀ ਪਛਾਣ ਕੀ ਹੈ ?"

ਫ਼ੈਜ਼ ਸਾਹਿਬ ਕਹਿਣ ਲੱਗੇ, "ਭਈ ਪਛਾਣ ਦੇ ਲਈ ਕੌਮ ਹੋਣਾ ਚਾਹੀਦਾ ਅਤੇ ਇਸ ਤਰ੍ਹਾਂ ਕੌਮੀ ਕਲਚਰ ਦੇ ਲਈ ਕੌਮ ਦਾ ਹੋਣਾ ਜ਼ਰੂਰੀ ਹੈ। ਪਛਾਣ ਜਾਂ ਸਭਿਅਤਾ ਕੋਈ ਤਜਰੀਦੀ ਚੀਜ਼ ਨਹੀਂ ਹੈ। ਹੁਣ ਜੇ ਸਾਡੀ ਕੌਮ ਪਾਕਿਸਤਾਨੀ ਮੰਨ ਲਈਏ ਤੇ ਸਾਡਾ ਦੇਸ਼ ਪਾਕਿਸਤਾਨ ਹੈ ਤਾਂ ਫਿਰ ਸਪੱਸ਼ਟ ਹੈ ਕਿ ਸਾਡਾ ਕੌਮੀ ਕਲਚਰ ਪਾਕਿਸਤਾਨੀ ਕਲਚਰ ਹੋਣਾ ਚਾਹੀਦਾ ਹੈ, ਤੇ ਸਾਡੀ ਪਛਾਣ ਪਾਕਿਸਤਾਨੀ ਹੋਵੇਗੀ। ਜੇ ਸਾਡਾ ਦੇਸ਼ ਪਾਕਿਸਤਾਨ ਹੈ ਤਾਂ ਅਸੀਂ ਸਾਰੇ ਰੰਗ ਤੇ ਧਰਮ ਤੇ ਕਾਨੂੰਨ ਅਨੁਸਾਰ ਪਾਕਿਸਤਾਨੀ ਹਾਂ। ਹੁਣ ਇਹ ਤੇ ਨਹੀਂ ਹੋ ਸਕਦਾ ਇਸ ਸਰ-ਜ਼ਮੀਨ ਉੱਤੇ ਮੁਸਲਮਾਨ ਤਾਂ ਪਾਕਿਸਤਾਨੀ ਹੋਏ ਤੇ ਗ਼ੈਰ-ਮੁਸਲਿਮ ਗ਼ੈਰ-ਪਾਕਿਸਤਾਨੀ ਇਸ ਭਾਂਤ ਦੀ ਸਿਫ਼ਤ ਨਾ ਕੇਵਲ ਹੱਕਾਂ ਦੇ ਵਿਰੁੱਧ ਹੈ, ਸਗੋਂ ਸਮਾਜਿਕ ਅਤੇ ਇਨਸਾਨੀ ਆਚਰਨ ਦੇ ਵੀ ਉਲਟ ਹੈ, ਫਿਰ ਇਹ ਵੀ ਤੇ ਦਿਮਾਗ ਵਿਚ ਰੱਖਣਾ ਚਾਹੀਦਾ ਕਿ ਪਾਕਿਸਤਾਨ ਤਾਂ 1947 ਵਿਚ ਹੋਂਦ ਵਿਚ ਆਇਆ। ਪਰ ਇਸ ਖਿੱਤੇ (ਇਲਾਕੇ) ਉੱਤੇ (ਇਨਸਾਨ) ਜ਼ਿੰਦਗੀ ਅਤੇ ਇਸ ਦੀ ਸਭਿਅੰਤਾ ਤੇ ਕਲਚਰ ਪੰਜ ਹਜ਼ਾਰ ਸਾਲ ਪੁਰਾਣੀ ਹੈ। ਇਸ ਪੱਖ ਤੋਂ ਅਸੀਂ ਇਸਨੂੰ ਨਵਾਂ ਜੰਮਿਆ ਦੇਸ਼ ਨਹੀਂ ਕਹਿ ਸਕਦੇ।

ਮੈਂ ਆਖਿਆ, ਫ਼ੈਜ਼ ਸਾਹਿਬ, ਝਗੜਾ ਤਾਂ ਏਥੋਂ ਹੀ ਸ਼ੁਰੂ ਹੁੰਦਾ ਹੈ ਕਿ ਕਈ ਲੋਕ ਪਾਕਿਸਤਾਨ ਦੇ

ਇਤਿਹਾਸ ਦਾ ਆਰੰਭ 1947 ਤੋਂ ਕਰਦੇ ਹਨ ਤੇ ਫਿਰ ਅਜੇਹੇ ਕਲਚਰ ਨੂੰ ਤਰਾਸ਼ਣ ਦੀ ਚਿੰਤਾ ਕਰਦੇ ਹਨ, ਜਿਸਦਾ ਇਸ ਖਿੱਤੇ ਦੇ ਬੀਤੇ ਨਾਲੋਂ ਹਟ ਕੇ ਹੋਂਦ ਸੰਭਵ ਨਹੀਂ ਹੈ।

ਫ਼ੈਜ਼ ਸਾਹਿਬ ਕਹਿਣ ਲੱਗੇ, "ਬਿਲਕੁਲ ਏਹੀ ਮਸਲਾ ਹੈ। ਭਈ ਇਸ ਸਿਲਸਿਲੇ ਬਾਰੇ ਅਸੀਂ ਤਾਂ ਇਹ ਆਖਾਂਗੇ ਕਿ ਹਰ ਚੀਜ਼ ਨੂੰ ਵੇਖਣ ਲਈ ਤਿੰਨ (Dimensions) (ਲੰਬਾਈ-ਚੌੜਾਈ) ਦਿਮਾਗ਼ ਵਿਚ ਰੱਖਣੀਆਂ ਚਾਹੀਦੀਆਂ ਹਨ। ਕਲਚਰ ਦੇ ਮਸਲੇ ਨੂੰ ਵੀ ਇਹਨਾਂ ਤਿੰਨਾਂ ਨਜ਼ਰੀਆਂ ਤੋਂ ਹੀ ਵੇਖਣਾ ਚਾਹੀਦਾ ਹੈ। ਫ਼ੈਜ਼ ਸਾਹਿਬ ਜ਼ਰਾ ਰੁਕੇ, ਸਿਗਰਿਟ ਸੁਲਗਾਇਆ ਅਤੇ ਮੈਂ ਆਖਿਆ, ਫ਼ੈਜ਼ ਸਾਹਿਬ ਕਿ ਕਿਸੇ ਚੀਜ਼ ਨੂੰ ਇਹਨਾਂ ਕੋਨਾਂ ਤੋਂ ਵੇਖਣ ਨਾਲ ਉਸ ਚੀਜ਼ ਦੀ ਖ਼ੂਬਸੂਰਤੀ ਵਿਚ ਵਾਧਾ ਹੁੰਦਾ ਹੈ। ਹਰ ਹਾਲ ਵਿਚ, ਕੋਣ (ਜਾਵੀਆ) ਇਕ ਖ਼ੂਬਸੂਰਤ ਸ਼ਕਲ ਹੈ।

ਫ਼ੈਜ਼ ਸਾਹਿਬ ਕਹਿਣ ਲੱਗੇ, "ਭਈ, ਅਸੀਂ ਕਹਿ ਰਹੇ ਸੀ, ਕਿਸੇ ਵੀ ਕਲਚਰ ਨੂੰ ਤਿੰਨ ਕੋਣਾਂ ਤੋਂ ਪਰਖਣਾ ਚਾਹੀਦਾ। ਪਹਿਲਾ ਇਸ ਦੀ ਲੰਬਾਈ, ਅਰਥਾਤ ਇਤਿਹਾਸ। ਦੂਸਰਾ ਹੈ ਇਸਦੀ ਚੌੜਾਈ, ਅਰਥਾਤ ਇਸ ਦੀ ਵਿਸ਼ਾਲਤਾ ਅਥਵਾ ਦੇਸ਼ ਦੀਆਂ ਹੱਦਾਂ ਭਈ ਇਸ ਦੇਸ਼ ਦਾ ਭੂਗੋਲ ਅਤੇ ਤੀਸਰੀ ਹੈ ਇਸਦੀ ਡੂੰਘਾਈ ਅਥਵਾ ਗਹਿਰਾਈ, ਅਰਥਾਤ ਇਸ ਦੇਸ਼ ਵਿਚ ਕਿਹੜੇ ਲੋਕਾਂ ਦਾ ਕਲਚਰ ਹੈ, ਤੇ ਇਸਦੀ ਰਸਾਈ ਕਿੱਥੋਂ ਤੀਕ ਹੈ, ਜਾਂ ਇੰਝ ਆਖ ਲਵੋ ਕਿ ਕਲਚਰ ਇਕ ਹੀ ਦੇਸ਼ ਵਿਚ ਵੱਖ-ਵੱਖ ਤਬਕਿਆਂ ਜਾਂ ਹਿੱਸਿਆਂ ਦਾ ਵੱਖਰਾ ਹੁੰਦਾ ਹੈ।

ਮੈਂ ਆਖਿਆ, ਫ਼ੈਜ਼ ਸਾਹਿਬ, ਆਪ ਨੇ ਕਲਚਰ ਦੇ ਮਾਮਲੇ ਵਿਚ ਜੋ ਫਾਰਮੂਲਾ ਤਿਆਰ ਕੀਤਾ ਹੈ, ਉਸ ਤੋਂ ਕਿਸੇ ਦੇ ਇਨਕਾਰ ਦੀ ਕੋਈ ਗੁੰਜਾਇਸ਼ ਨਹੀਂ ਹੈ। ਪਰ ਇਸ ਵਿਚ ਇਕ ਚੌਥੀ ਪਰਤ Dimension ਵੀ ਸ਼ਾਮਿਲ ਕਰ ਲਵੋ ਤਾਂ ਬਿਹਤਰ ਹੋਵੇਗਾ। ਭਈ ਉਹ ਕਿਹੜੀ ? ਮੈਂ ਅਰਜ਼ ਕੀਤਾ ਕਿ ਆਰਥਿਕ ਅਤੇ ਸਭਿਆਚਾਰਕ ਹਾਲਾਤ ਦੀ। ਇਸ ਤੋਂ ਬਿਨਾਂ ਕਲਚਰ ਖੜਾ ਨਹੀਂ ਹੋ ਸਕਦਾ। ਇਹ ਹਰ ਕਲਚਰ ਦੀ ਨੀਂਹ ਹੈ।

ਫ਼ੈਜ਼ ਸਾਹਿਬ ਕਹਿਣ ਲੱਗੇ, ਭਈ ਤੁਸੀਂ ਜਾਣਦੇ ਹੋ ਕਿ ਇਨਸਾਨੀ ਸਮਾਜ ਆਰੰਭ ਤੋਂ ਕਈ ਹਾਲਤਾਂ ਵਿਚੋਂ ਦੀ ਲੰਘਿਆ ਹੈ ਅਤੇ ਜਦੋਂ ਇਨਸਾਨੀ ਸਮਾਜ ਕਬੀਲਿਆਂ ਵਿਚ ਵੰਡਿਆ ਹੋਇਆ ਸੀ, ਉਸ ਵਕਤ ਇਕੋ ਕੌਮ ਦਾ ਤਸੱਵਰ ਮੌਜੂਦ ਨਹੀਂ ਸੀ। ਉਸ ਵਕਤ ਆਦਮੀ ਦੀ ਪਛਾਣ, ਕਬੀਲਾ, ਬਰਾਦਰੀ ਜਾਂ ਸਰਦਾਰ ਤੋਂ ਨਿਸ਼ਚਿਤ ਹੁੰਦੀ ਸੀ। ਇਸ ਦੇ ਬਾਅਦ ਜਦ ਜਾਗੀਰਦਾਰੀ ਪ੍ਰਬੰਧ ਨੇ ਜਨਮ ਲਿਆ ਤਾਂ ਫਿਰ ਵੀ ਕੌਮ ਦਾ ਮਾਡਰਨ ਸੰਕਲਪ ਪੈਦਾ ਨਾ ਹੋ ਸਕਿਆ। ਇਹ ਤਾਂ ਅਠਾਰ੍ਹਵੀਂ ਸਦੀ ਦੇ ਪਿੱਛੋਂ ਕਿਤੇ ਜਾ ਕੇ ਕੌਮ ਅਤੇ ਕੌਮੀਅਤ ਤੇ ਸੰਕਲਪ ਪੈਦਾ ਹੋਏ। ਉਸ ਤਰ੍ਹਾਂ ਕਲਚਰ ਦਾ ਖ਼ਿਆਲ ਵੀ ਕੌਮ ਦੇ ਤਸੱਵਰ ਦੇ ਨਾਲ ਹੋਂਦ ਵਿਚ ਆਇਆ।

ਭਈ ਅਸੀਂ ਤਾਂ ਇਹ ਸਮਝਦੇ ਹਾਂ ਕਿ ਆਧੁਨਿਕ ਤਵਾਰੀਖ ਵਿਚ ਤਿੰਨ ਬਹੁਤ ਮਹੱਤਵਪੂਰਨ ਘਟਨਾਵਾਂ ਹੋਈਆਂ। ਨਵੇਂ ਇਤਿਹਾਸ ਤੋਂ ਮੇਰੀ ਮੁਰਾਦ ਪੰਜ ਸੌ ਵਰ੍ਹੇ ਦੀ ਤਵਾਰੀਖ ਤੋਂ ਹੈ। ਸਭ ਤੋਂ ਪਹਿਲਾਂ ਸਨਅਤੀ ਇਨਕਲਾਬ ਹੈ, ਜਿਸ ਨੇ ਸਭ ਪੈਦਾਵਾਰੀ ਰਿਸ਼ਤੇ ਬਦਲ ਦਿੱਤੇ। ਹੁਣ ਮੁਜ਼ਾਰੇ ਦੀ ਜਗ੍ਹਾ, ਮਜ਼ਦੂਰ ਪੈਦਾ ਹੋ ਗਏ, ਕਿਉਂਕਿ ਮਜ਼ਦੂਰ ਫੈਕਟਰੀਆਂ ਅਤੇ ਕਾਰਖਾਨਿਆਂ ਵਿਚ ਇਕੱਠੇ ਕੰਮ ਕਰਦੇ ਸਨ। ਉਹਨਾਂ ਦੇ ਮਸਲੇ ਵੀ ਸਾਂਝੇ ਸਨ। ਇਸ ਕਾਰਨ ਉਹਨਾਂ ਵਿਚ ਜਮਾਤੀ (ਸ਼੍ਰੇਣਿਕ) ਸੂਝ ਪੈਦਾ ਹੁੰਦੀ ਹੈ। ਇਸ ਦਾ ਅਸਰ ਕਲਚਰ ਉੱਤੇ ਵੀ ਪਿਆ। ਦੂਸਰਾ ਇਨਕਲਾਬ ਫਰਾਂਸ ਦਾ ਵਾਪਰਿਆ, ਜਿਸਨੇ ਆਮ ਇਨਸਾਨ ਨੂੰ ਹਾਕਮਾਂ ਦੇ ਰੂਬਰੂ ਬਰਾਬਰੀ ਦੇ ਪੱਧਰ ਉੱਤੇ ਲਿਆ ਖੜਾ ਕੀਤਾ, ਇਹਨਾਂ ਦੇ ਦਿਮਾਗ਼ ਵਿਚ ਇਕ ਨਵੇਂ ਫਲਸਫ਼ੇ ਅਤੇ ਇਕ ਨਵੀਂ ਭਾਂਤ ਦੀ ਜ਼ਿੰਦਗੀ ਨੇ ਜਨਮ ਲਿਆ। ਉਹ ਇਹ ਕਿ ਇਕ ਮੋਚੀ, ਤਰਖਾਣ ਅਤੇ ਲੁਹਾਰ ਜਾਬਰ ਅਤੇ ਹਾਕਮਾਂ ਦੇ ਕਿਲਿਆਂ ਨੂੰ ਢਾਹੁਣ ਲਈ ਉੱਠ



ਖਲੋਤਾ, ਏਥੋਂ ਕੌਮ ਅਤੇ ਕਲਚਰ ਦੇ ਤਸੱਵਰ ਨੇ ਇਕ ਨਵੀਂ ਰਾਹ ਲੱਭੀ।

ਅਤੇ ਤੀਸਰੇ ਇਨਕਲਾਬ-ਰੂਸ ਨੇ ਦੁਨੀਆਂ ਦੀ ਕਾਇਆ ਹੀ ਪਲਟ ਦਿੱਤੀ। ਲੈਨਿਨ ਨੇ ਸਪੱਸ਼ਟ ਸ਼ਬਦਾਂ ਵਿਚ ਕੌਮ ਅਤੇ ਕੌਮੀਅਤਾਂ ਦੇ ਮਸਲੇ ਤੇ ਰੌਸ਼ਨੀ ਪਾਈ ਅਤੇ ਤੁਸੀਂ ਜਾਣਦੇ ਹੋ ਕਿ ਲੈਨਿਨ ਨੇ ਕੌਮੀਅਤਾਂ ਨੂੰ ਬੇਪ੍ਰਵਾਹ ਹੱਕ ਦਿੱਤੇ ਇਹ ਇਸ ਲਈ ਸੰਭਵ ਹੋ ਸਕਿਆ ਕਿ ਉਹਨਾਂ ਨੇ ਇਕ ਨਵੇਂ ਆਰਥਿਕ ਅਤੇ ਸਭਿਆਚਾਰਕ ਪ੍ਰਬੰਧ ਦੀ ਦਾਗ਼-ਵੇਲ ਲਾਈ ਜੋ ਲੁੱਟ-ਖਸੁੱਟ ਤੋਂ ਪਾਕ ਸੀ।

ਹਾਂ, ਭਈ ਉਹ ਕਲਚਰ ਅਤੇ ਕੌਮ ਦੀ ਗੱਲ ਹੋ ਰਹੀ ਸੀ। ਕਿਸੇ ਇਲਾਕੇ ਦਾ ਕਲਚਰ ਕੋਈ ਅੱਜ-ਕਲ੍ਹ ਦੀ ਗੱਲ ਨਹੀਂ ਹੁੰਦੀ, ਇਸਦੀਆਂ ਬਹੁਤ ਲੰਮੀਆਂ ਅਤੇ ਪੁਰਾਣੀਆਂ ਜੜ੍ਹਾਂ ਹੁੰਦੀਆਂ ਹਨ, ਇਤਿਹਾਸ ਇਸ ਦੇ ਪਿੱਛੇ, ਵਰਤਮਾਨ ਇਸ ਦੇ ਨਾਲ਼ ਅਤੇ ਭਵਿੱਖ ਇਸਦੇ ਅੱਗੇ ਹੁੰਦਾ ਹੈ ਅਤੇ ਅਵਾਮ (ਜੰਤਾ) ਦਾ ਲਗਾਤਾਰ ਸੰਘਰਸ਼ ਅਤੇ ਵਿਗਿਆਨ ਦੀ ਨਿਰੰਤਰ ਤਰੱਕੀ ਨਾਲ਼ ਕਲਚਰ ਦਾ ਬੂਟਾ ਤਾਕਤਵਰ ਸ਼ਕਲ ਗ੍ਰਹਿਣ ਕਰਦਾ ਹੈ। ਭਈ ਜਦੋਂ ਆਪ ਪਾਕਿਸਤਾਨ ਦੇ ਇਲਾਕੇ ਦੇ ਕਲਚਰ ਦੀ ਗੱਲ ਕਰੋਗੇ ਤਾਂ ਫਿਰ ਇਸ ਖਿੱਤੇ ਦੀ ਤਵਾਰੀਖ ਇਸ ਦੇ ਵਰਤਮਾਨ ਅਤੇ ਉਸ ਦੇ ਭਵਿੱਖ ਨੂੰ ਕਿਵੇਂ ਅਣਡਿੱਠ ਕਰ ਸਕਦੇ ਹੋ। ਜੇ ਤੁਸੀਂ ਇਸ ਜੁਰਮ ਦੇ ਜ਼ੁੰਮੇਵਾਰ ਹੋਏ ਤਾਂ ਫਿਰ ਸਪੱਸ਼ਟ ਹੈ ਕਿ ਆਪ ਇਸ ਇਲਾਕੇ ਦੇ ਕਲਚਰ ਦੀ ਜੋ ਗੱਲ ਕਰੋਗੇ, ਉਹ ਬਿਲਕੁਲ ਸਾਡੇ ਵਾਲੀ ਗੱਲ ਹੋਵੇਗੀ। ਇਸ ਤਰ੍ਹਾਂ ਉਲਝਣ ਪੈਦਾ ਹੋਵੇਗੀ ਅਤੇ ਇਕ ਸਿੱਧੇ ਸਾਦੇ ਮਸਲੇ ਨੂੰ ਗੁੰਝਲਦਾਰ ਬਣਾ ਕੇ ਜਨਤਾ ਦੇ ਦਿਮਾਗਾਂ ਨੂੰ ਗੰਦਾ ਕਰਨ ਲਈ, ਅਸੀਂ ਸੂਝਵਾਨ ਤੇ ਲੇਖਕ ਮੁਜਰਮ ਬਣਾਂਗੇ।

ਏਸੇ ਤਰ੍ਹਾਂ ਪਾਕਿਸਤਾਨ ਦੀ ਕੌਮ ਪਾਕਿਸਤਾਨੀ ਕੌਮ ਹੈ। ਭਈ ਇਹ ਕੌਮ ਦਾ ਸੰਕਲਪ ਫਿਊਡਲ ਜਾਂ ਨਵਾਬੀ ਅਤੇ ਜਾਗੀਰਦਾਰੀ ਪ੍ਰਬੰਧ ਦੇ ਨਿਘਾਰ ਬਾਅਦ ਪੈਦਾ ਹੋਇਆ। ਹੁਣ ਵੇਖਣਾ ਇਹ ਹੈ ਕਿ ਜਿਸ ਨੂੰ ਆਪ ਕੌਮ ਕਹਿੰਦੇ ਹੋ ਉਹ ਕਿਹਨਾਂ ਤੱਤਾਂ ਤੇ ਨਿਰਭਰ ਹੈ। ਕੌਮ ਕੋਈ Abstract (ਅਮੂਰਤ) ਚੀਜ਼ ਨਹੀਂ ਹੈ। ਇਸਦੀ ਬੁਨਿਆਦ ਕਿਸੇ ਇਲਾਕੇ ਦੇ ਲੋਕਾਂ ਦੀ ਹਾਜ਼ਰੀ ਅਤੇ ਰਿਹਾਇਸ਼ ਹੋਣ ਉੱਤੇ ਆਧਾਰਿਤ ਹੈ। ਹੁਣ ਜਿੰਨਾ ਪੁਰਾਣਾ ਇਲਾਕਾ ਹੋਵੇਗਾ, ਓਨੀ ਪੁਰਾਣੀ ਕੌਮ ਹੋਵੇਗੀ। ਇਲਾਕੇ ਦਾ ਇਤਿਹਾਸ, ਇਸ ਕੌਮ ਦਾ ਇਤਿਹਾਸ ਹੋਵੇਗਾ ਤੇ ਇਸ ਇਲਾਕੇ ਦਾ ਕਲਚਰ ਇਹਨਾਂ ਦਾ ਕਲਚਰ ਹੋਵੇਗਾ।

ਮੈਂ ਅਰਜ਼ ਕੀਤਾ, ਫ਼ੈਜ਼ ਸਾਹਿਬ ਕਲਚਰ ਨੂੰ ਹਾਲ ਦੀ ਘੜੀ ਛੱਡ ਦੇਵੋ। ਇਹਨਾਂ ਕੌਮੀਅਤਾਂ ਦੇ ਬਾਰੇ ਵਿਚ ਦੱਸੋ ਕਿ ਪੰਜਾਬੀ ਨੂੰ ਪੰਜਾਬੀ ਆਖਣਾ ਸਿੰਧੀ ਨੂੰ ਸਿੰਧੀ ਆਖਣਾ, ਬਲੋਚੀ ਨੂੰ ਬਲੋਚੀ ਆਖਣਾ ਅਤੇ ਪਛਾਣ ਨੂੰ ਪਛਾਣ ਆਖਣਾ ਕੁਫ਼ਰ ਕਦੋਂ ਦਾ ਹੋ ਗਿਆ ਹੈ ?

ਫ਼ੈਜ਼ ਸਾਹਿਬ ਬੜੀ ਤਸੱਲੀ ਨਾਲ ਗੱਲ ਕਰਨ ਲੱਗੇ ਕਹਿਣ ਲੱਗੇ, "ਭਈ ਮੈਂ ਉਹੀ ਗੱਲ ਕਰਨ ਵ਼ਾਲਾ ਸੀ। ਹੁਣ ਪਾਕਿਸਤਾਨ ਦੀ ਕੌਮ, ਜਿਹੜੀ ਏਸੇ ਇਲਾਕੇ ਦੀਆਂ ਹੱਦਾਂ ਅੰਦਰ ਵੱਸਦੀ ਹੈ, ਪਾਕਿਸਤਾਨੀ ਕੌਮ ਅਖਵਾਵੇਗੀ। ਇਸ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ। ਇਕ ਮਿੰਟ ਲਈ ਫਰਜ਼ ਕਰ ਲਈਏ ਕਿ ਪਾਕਿਸਤਾਨ ਦਾ ਨਾਮ ਆਪ ਪਾਕਿਸਤਾਨ ਦੀ ਥਾਂ ਨਖਲਿਸਤਾਨ ਰੱਖ ਲੈਂਦੇ ਤਾਂ ਫਿਰ ਇਸ ਇਲਾਕੇ ਨਖਲਿਸਤਾਨ ਵਿਚ ਵੱਸਣ ਵਾਲੀ ਇਨਸਾਨਾਂ ਦੀ ਕੌਮ ਨਖਲਿਸਤਾਨੀ ਹੁੰਦੀ। ਇਸ ਵਿਚ ਕੋਈ ਝਗੜਾ ਨਹੀਂ ਹੈ, ਅਤੇ ਇਹ ਕੌਮ ਏਨੀ ਹੀ ਪੁਰਾਣੀ ਆਖੀ ਜਾਂਦੀ, ਜਿੰਨੀ ਇਸ ਇਲਾਕੇ ਦੀ ਤਵਾਰੀਖ ਹੁੰਦੀ, ਆਪ ਆਪਣੀ ਤਵਾਰੀਖ, ਆਪਣੇ ਮੁਲਕ ਦੀ ਤਵਾਰੀਖ ਨੂੰ ਝੁਠਲਾ ਕਿਵੇਂ ਸਕਦੇ ਹੋ।

ਫ਼ੈਜ਼ ਸਾਹਿਬ ਕੁਝ ਸੱਜਣ ਅਜਿਹਾ ਕਿਉਂ ਕਰਦੇ ਹਨ ਅਤੇ ਪਾਕਿਸਤਾਨੀ ਕੌਮ ਦੀ ਜਨਮ-ਤਾਰੀਖ 1947 ਕਿਉਂ ਨਿਸ਼ਚਿਤ ਕਰਦੇ ਹਨ, ਹਾਲਾਂਕਿ ਜਿਵੇਂ ਆਪ ਕਹਿੰਦੇ ਹੋ ਤੇ ਸਾਰੇ ਮੰਨਦੇ ਹਨ ਕਿ ਇਸ ਇਲਾਕੇ ਦੀ ਤਵਾਰੀਖ ਪੰਜ ਹਜ਼ਾਰ ਸਾਲ ਤੋਂ ਵੀ ਜ਼ਿਆਦਾ ਪੁਰਾਣੀ ਹੈ। ਜਦੋਂ ਆਪ ਹਰ ਬਾਹਰ ਤੋਂ

ਆਉਣ ਵਾਲੇ ਸਤਿਕਾਰਤ ਪਰਾਹੁਣੇ ਅਤੇ ਯਾਤਰੀਆਂ ਨੂੰ ਟੈਕਸਲਾ ਹੜੱਪਾ ਅਤੇ ਮਹੰਜੋਦਾਰੋ ਦੀਆਂ ਸਭਿਅਤਾਵਾਂ ਦੇ ਖੰਡਰ ਫ਼ਖ਼ਰ ਨਾਲ ਉਹਨਾਂ ਨੂੰ ਵਿਖਾਉਂਦੇ ਹੋ ਅਤੇ ਯੂਨੈਸਕੋ ਕੋਲੋਂ ਇਹਨਾਂ ਨੂੰ ਸੁਰੱਖਿਅਤ ਰੱਖਣ ਲਈ ਸਹਾਇਤਾ ਮੰਗਦੇ ਹੋ। ਫ਼ੈਜ਼ ਸਾਹਿਬ ਮੁਸਕਰਾਏ। ਕਹਿਣ ਲੱਗੇ, ਇਹੀ ਤੇ ਗੱਲ ਹੈ। ਆਪ ਇਸ ਇਲਾਕੇ ਦੇ ਵਿਰਸੇ ਉੱਤੇ ਤਾਂ ਮਾਣ ਕਰਦੇ ਹੋ, ਪਰ ਇਸਨੂੰ ਆਪਣਾ ਨਹੀਂ ਮੰਨਦੇ। ਮੈਂ ਆਖਿਆ ਸ਼ਾਇਦ ਇਸ ਲਈ ਕਿ ਉਸ ਜ਼ਮਾਨੇ ਦੇ ਲੋਕ ਕਿਸੇ ਧਰਮ ਨਾਲ ਸਬੰਧ ਰੱਖਦੇ ਸਨ। ਪਰ ਉਹ ਜ਼ਮਾਨਾ ਤਾਂ ਇਸਲਾਮ ਦੇ ਜ਼ਮਾਨੇ ਤੋਂ ਬਹੁਤ ਪਹਿਲਾਂ ਦਾ ਹੈ।

ਫ਼ੈਜ਼ ਸਾਹਿਬ ਕਹਿਣ ਲੱਗੇ, ਭਈ ਸਿਆਸੀ ਤੌਰ 'ਤੇ ਸਾਡੀ ਕੌਮ ਠੀਕ ਹੀ 47 ਵਿਚ ਪੈਦਾ ਹੋਈ। ਜਦੋਂ ਪਾਕਿਸਤਾਨ ਨਹੀਂ ਸੀ ਤਾਂ ਪਾਕਿਸਤਾਨੀ ਕੌਮ ਕਿਸ ਨੂੰ ਆਖਦੇ। ਪਰ ਇਤਿਹਾਸਕ ਪੱਖ ਤੋਂ ਪਾਕਿਸਤਾਨੀ ਕੌਮ ਹਿੰਦੂ ਮੁਸਲਮਾਨ ਕੌਮਾਂ ਦੀ ਉਹ ਆਬਾਦੀ ਹੈ, ਜੋ ਪਾਕਿਸਤਾਨ ਵਿਚ ਵੱਸਦੀ ਹੈ, ਤੇ ਜਿਸ ਵਿਚ ਕੁਝ ਗ਼ੈਰ-ਮੁਸਲਿਮ ਘੱਟ-ਗਿਣਤੀਆਂ ਵੀ ਸ਼ਾਮਲ ਹਨ। ਇਸ ਮੁਸਲਿਮ ਕੌਮ ਵਿਚ ਕੁਝ ਉਹ ਲੋਕ ਹਨ ਜੋ ਇਸਲਾਮੀ ਦੌਰ ਦੇ ਬਾਅਦ ਏਥੇ ਆਏ ਅਤੇ ਕੁਝ ਉਹ ਜੋ ਹਮੇਸ਼ਾ ਤੋਂ ਏਥੇ ਆਬਾਦ ਸਨ, ਤੇ ਇਸਲਾਮ ਦੇ ਘੇਰੇ ਵਿਚ ਸ਼ਾਮਲ ਹੋ ਗਏ। ਇਹ ਨਵੇਂ ਲੋਕ ਇਸਲਾਮੀ-ਦੀਨ ਦੇ ਨਾਲ ਆਪਣਾ ਕਲਚਰ ਅਤੇ ਤਹਿਜ਼ੀਬ ਵੀ ਸਾਥ ਲੈ ਆਏ। ਫਿਰ ਇਹਨਾਂ ਦੇ ਕਲਚਰ ਅਤੇ ਏਥੋਂ ਦੇ ਕਦੀਮ ਸਥਾਨਕ ਕਲਚਰ ਦੇ ਮਿਲਾਪ ਨਾਲ ਜੋ ਚੀਜ਼ ਪੈਦਾ ਹੋਈ, ਉਸ ਨੂੰ ਅਸੀਂ ਪਾਕਿਸਤਾਨੀ ਤਹਿਜ਼ੀਬ ਜਾਂ ਕਲਚਰ ਕਹਿੰਦੇ ਹਾਂ। ਹਿੰਦੁਸਤਾਨ ਦੀ ਤਵਾਰੀਖ ਉੱਤੇ ਘੱਟੋ ਘੱਟ ਪੰਜ ਧਰਮਾਂ ਦਾ ਹਮਲਾ ਹੋਇਆ ਹੈ, ਤੇ ਇਹੀ ਹਮਲਾ ਇਸਦੇ ਇਤਿਹਾਸ-ਸਿਰਜਣ ਦਾ ਕੰਮ ਵੀ ਕਰਦਾ ਰਿਹਾ ਹੈ। ਜੇ ਅੱਜ ਸਾਡਾ ਮਜ਼ਹਬ ਇਸਲਾਮ ਅਤੇ ਸਾਡੇ ਤੋਂ ਪਹਿਲਾਂ ਆਬਾਦ ਲੋਕਾਂ ਦਾ ਮਜ਼ਹਬ ਵੱਖਰਾ ਸੀ, ਤਾਂ ਇਸ ਹਕੀਕਤ ਨੂੰ ਮੰਨਣ ਤੋਂ ਇਨਕਾਰ ਕਿਉਂ ਕੀਤਾ ਜਾਵੇ। ਇਸ ਨਾਲ ਕਿਸੇ ਦੀ ਹੇਠੀ ਨਹੀਂ ਹੁੰਦੀ।

ਫ਼ੈਜ਼ ਸਾਹਿਬ ਉਹ ਕੌਮੀਅਤ ਦਾ ਮਾਮਲਾ ? ਫ਼ੈਜ ਸਾਹਿਬ ਤੁਰੰਤ ਕਹਿਣ ਲੱਗੇ, "ਹਾਂ ਭਾਈ ਇਹ ਕੌਮੀਅਤ ਦਾ ਮਸਲਾ ਇਕ ਤਰੀਕੇ ਨਾਲ ਤਾਂ ਕੇਵਲ ਸ਼ਬਦੀ ਹੈ। ਸਾਡੇ ਏਥੇ ਸੱਯਦ, ਜੱਟ, ਕਸ਼ਮੀਰੀ ਵੀ ਕੌਮ ਅਖਵਾਉਂਦੇ ਹਨ। ਹੁਣ ਜਿਸ ਇਲਾਕੇ ਨੂੰ ਪਾਕਿਸਤਾਨ ਕਹਿੰਦੇ ਹਨ ਤੇ ਜੋ ਸਾਡਾ ਦੇਸ਼ ਹੈ, ਇਸ ਵਿਚ ਵੱਖ-ਵੱਖ ਵਿਸ਼ਵਾਸਾਂ ਦੇ ਲੋਕ ਵੱਸਦੇ ਹਨ ਤੇ ਉਹ ਆਪਣੇ ਆਪਣੇ ਇਲਾਕੇ ਦੇ ਅਨੁਸਾਰ ਪੁਕਾਰੇ ਅਤੇ ਪਛਾਣੇ ਜਾਂਦੇ ਹਨ। ਹੁਣ ਪੰਜਾਬ ਦੇ ਇਲਾਕੇ ਵਿਚ ਵੱਸਣ ਵਾਲੇ ਪੰਜਾਬੀ ਅਖਵਾਉਂਦੇ ਹਨ ਆਦਿ। ਆਪ ਪੰਜਾਬ ਨੂੰ ਪਾਕਿਸਤਾਨ ਮੁਲਕ ਦਾ ਹਿੱਸਾ ਮੰਨਣ ਲਈ ਤਿਆਰ ਹੋ, ਪਰ ਇਸ ਇਲਾਕੇ ਦੇ ਲੋਕਾਂ ਨੂੰ ਪੰਜਾਬੀ ਮੰਨਣ ਤੋਂ ਮੁਨਕਰ ਅਤੇ ਏਸੇ ਤਰ੍ਹਾਂ ਸਿੰਧੀਆਂ, ਬਲੋਚਿਸਤਾਨੀਆਂ ਅਤੇ ਪਠਾਣਾਂ ਦਾ ਮਸਲਾ ਹੈ। ਇਹ ਗੱਲ ਸਾਡੀ ਸਮਝ ਤੋਂ ਬਾਹਰ ਹੈ। ਸਾਡੇ ਨਾਕਸ ਖ਼ਿਆਲ ਵਿਚ, ਇਹੀ ਲੋਕ ਪਾਕਿਸਤਾਨੀ ਕੌਮ ਦਾ ਅੰਗ ਹਨ। ਇਹਨਾਂ ਤੋਂ ਬਿਨਾਂ ਕੌਮ ਦੀ ਹੋਂਦ ਕਿੱਥੇ ਹੋਵੇਗੀ ? ਕੌਮ ਬੰਦਿਆਂ ਦੇ ਨਾਲ ਬਣਦੀ ਹੈ ਤੇ ਇਸਦਾ ਆਪਣਾ ਦੇਸ਼ ਤੇ ਆਪਣਾ ਕਲਚਰ ਹੁੰਦਾ ਹੈ। ਹੁਣ ਇਹ ਆਖਣਾ ਬਲੋਚੀ ਅਤੇ ਪਠਾਣ ਨਹੀਂ ਹਾਂ। ਇਹ ਅਜੀਬ ਜੇਹੀ ਗੱਲ ਹੈ। ਇਹ ਉਲਝਣ ਕੁਝ ਤਾਂ ਅੰਗਰੇਜ਼ੀ ਸੁਧਾਰਾਂ ਤੇ ਕੌਮ ਤੇ ਕੌਮੀਅਤ ਕਾਰਨ ਪੈਦਾ ਹੋਈ ਹੈ ਤੇ ਕੁਝ ਸਿਆਸੀ ਗਰਜ਼ਾਂ ਤੇ ਸਵਾਰਥਾਂ ਦੀ ਵਜ਼ਾ ਨਾਲ। ਅਸੀਂ ਹੁਣ ਤੀਕ ਸਰਕਾਰੀ ਕਾਗਜ਼ਾਂ ਵਿਚ ਕੌਮ ਦੇ ਖ਼ਾਨੇ ਵਿਚ ਸੱਯਦ, ਜੱਟ, ਰਾਜਪੂਤ, ਲੋਹਾਰ, ਤਰਖਾਣ ਆਦਿ ਦਰਜ ਕਰਦੇ ਆਏ ਹਾਂ ਤੇ ਕਿਸੇ ਨੂੰ ਖ਼ਿਆਲ ਵੀ ਨਹੀਂ ਆਇਆ ਕਿ ਇਕ ਹੀ ਮੁਲਕ ਵਿਚ ਬਹੁਤ ਸਾਰੀਆਂ ਕੌਮਾਂ ਕਿਵੇਂ ਪੈਦਾ ਹੋ ਗਈਆਂ। ਉਹ ਇਸ ਲਈ ਕਿ 'ਕੌਮ' ਦੇ ਸਾਥ ਕੋਈ ਸਿਆਸੀ ਸਵਾਰਥ ਜੁੜਿਆ ਹੋਇਆ ਨਹੀਂ ਸੀ। ਇਸ ਤਰ੍ਹਾਂ ਜਦ ਤੀਕ ਸਿਆਸੀ ਚੌਧਰ ਦਾ ਕੋਈ ਮਸਲਾ ਪੈਦਾ ਨਹੀਂ ਹੋਇਆ ਸੀ ਤਾਂ ਪੰਜਾਬੀ, ਸਿੰਧੀ, ਬਲੋਚੀ ਆਦਿ ਸ਼ਬਦ (ਲਫ਼ਜ਼) ਜੋ ਕੇਵਲ ਕਿਸੇ ਖ਼ਾਸ ਇਲਾਕੇ ਦੇ



ਰਹਿਣ ਵਾਲਿਆਂ ਲਈ ਵਰਤੀਂਦੇ ਸਨ ਤੇ ਇਹ ਝਗੜੇ ਵਾਲੇ ਨਹੀਂ ਸੀ ਸਮਝਦੇ ਜਾਂਦੇ।

ਹੁਣ ਕੁਝ ਸਿਆਸੀ ਆਗੂ ਆਪਣੀ ਡੇਢ ਇੱਟ ਦੀ ਮਸੀਤ ਵੱਖਰੀ ਕਰਨ ਲਈ ਅਤੇ ਇਲਾਕਾਈ ਤਅੱਸਬ ਨੂੰ ਹਵਾ ਦੇਣ ਲਈ ਵਰਤੋਂ ਕਰਨ ਲੱਗੇ ਹਨ ਤਾਂ ਇਸ ਦੇ ਪ੍ਰਭਾਵ ਸਦਕਾ ਆਪਣੇ ਸਵਾਰਥ ਦੇ ਕਾਰਨ ਇਸ ਨੂੰ ਦੇਸ਼-ਦੁਸ਼ਮਣੀ ਆਖਣ ਲੱਗ ਪਏ ਹਨ। ਦੋਵੇਂ ਤਰ੍ਹਾਂ ਦਾ ਖੁਦਗਰਜ਼ ਅਤਿਵਾਦ ਕੌਮੀ ਏਕਤਾ ਅਤੇ ਇਕ-ਮੁੱਠਤਾ ਦੇ ਲਈ ਨੁਕਸਾਨ ਦੇਣ ਵਾਲਾ ਹੈ ਅਤੇ ਇਸ ਦਾ ਸੁਧਾਰ ਤਾਂ ਹੀ ਸੰਭਵ ਹੈ ਕਿ ਸਿਆਸੀ ਅਤੇ ਸਮਾਜਕ ਹੱਕਾਂ ਦੀ ਨੀਂਹ ਇਨਸਾਫ਼ ਤੇ ਸਾਂਝੀਵਾਲਤਾ ਦੇ ਅਜੇਹੇ ਅਸੂਲਾਂ ਉੱਤੇ ਕਾਇਮ ਹੋਵੇ, ਜਿਸ ਵਿਚ ਧੱਕੇਸ਼ਾਹੀ ਤੇ ਕਸ਼ਮਕਸ਼ ਤੋਂ ਛੁਟਕਾਰਾ ਪ੍ਰਾਪਤ ਕੀਤਾ ਜਾ ਸਕੇ।

ਮੈਂ ਆਖਿਆ, ਫ਼ੈਜ਼ ਸਾਹਿਬ ਗਰੀਬ ਆਦਮੀ ਦੀ ਕਲਚਰ ਅਤੇ ਰਈਸ ਦੀ ਕਲਚਰ ਵਿਚ ਬੜਾ ਫ਼ਰਕ ਹੈ ?

ਕਹਿਣ ਲੱਗੇ, ਇਸ ਗੱਲ ਤੋਂ ਇਨਕਾਰ ਸੰਭਵ ਨਹੀਂ। ਜਾਗੀਰਦਾਰ ਤੇ ਮੁਜ਼ਾਰੇ ਦੀ ਕਲਚਰ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ ਇਕ ਦੂਸਰੇ ਦੀ ਕਮਾਈ ਹੋਈ ਦੌਲਤ ਤੋਂ ਹਰਾਮ ਦੀ ਰੋਟੀ ਖਾਂਦਾ ਹੈ ਅਤੇ ਦੂਸਰੇ ਨੂੰ ਦੌਲਤ ਕਮਾਉਣ ਦੇ ਪਿੱਛੋਂ ਵੀ ਰੋਟੀ ਨਹੀਂ ਮਿਲਦੀ। ਪਰ ਜੇ ਜਗੀਰਦਾਰ ਜਾਂ ਰਾਜਾ ਮਹਾਰਾਜਾ ਗਵਈਆਂ ਨੂੰ ਆਪਣੇ ਮਨ-ਪ੍ਰਚਾਵੇ ਦੇ ਲਈ ਪਾਲ਼ਦੇ ਹਨ ਤਾਂ ਗਰੀਬ ਕਿਸਾਨ ਵੀ, ਕਦੇ ਕਦੇ ਗਾ ਵਜਾ ਕੇ ਆਪਣੀ ਬੋਝਲ ਤਬੀਅਤ ਨੂੰ ਜ਼ਰਾ ਹਲਕਾ ਕਰ ਲੈਂਦਾ ਹੈ।

ਫ਼ੈਜ਼ ਸਾਹਿਬ, ਆਪ ਗਾਣੇ ਦੇ ਬਾਰੇ ਦੱਸ ਰਹੇ ਸੀ। ਕੀ ਇਸਲਾਮ ਵਿਚ ਗਾਉਣਾ ਹਰਾਮ ਹੈ ? ਨਾ ਜਾਣੀਏ ਗਾਣੇ ਤੋਂ ਤੁਸੀਂ ਕੀ ਮੁਰਾਦ ਲੈਂਦੇ ਹੋ ? ਜੇ ਇਸ ਨਾਲ ਖੁਸ਼ੀ ਤੋਂ ਮੁਰਾਦ ਹੈ ਤਾਂ ਸਾਨੂੰ ਕੁਰਾਨ-ਕਰੀਮ ਵੀ ਖੁਸ਼ੀ ਨਾਲ ਪੜ੍ਹਨ ਦਾ ਹੁਕਮ ਹੈ। ਹੁਸਨੇ ਕਰਾਇਤ ਹੋਰ ਕਿਸ ਨੂੰ ਕਹਿੰਦੇ ਹਨ ? ਜਾਂ ਫਿਰ ਕਵੱਲੀ ਲੈ ਲਵੋ। ਇਸ ਵਿਚ ਆਵਾਜ਼ ਦੇ ਨਾਲ ਸਾਜ਼ ਵੀ ਹੁੰਦਾ ਹੈ ਤੇ ਨੀਮ-ਕਲਾਸਕੀ ਸੰਗੀਤਕ ਅੰਸ਼ ਵੀ ਹੁੰਦਾ ਹੈ। ਕਈ ਅਮੀਰ ਖ਼ੁਸਰੋ ਨੂੰ ਤਾਂ ਸਭ ਮੰਨਦੇ ਹੈ ਨਾ। ਕਿਆ ਬਾਗ਼ੋ-ਬਹਾਰ ਸ਼ਖਸੀਅਤ ਸੀ। ਦਰਵੇਸ਼ੀ, ਫ਼ਕੀਰੀ ਦੇ ਨਾਲ ਨਾਲ ਸ਼ਾਇਰੀ ਅਤੇ ਸੰਗੀਤ ਵੀ। ਕਈ ਲੋਕ ਤਾਂ ਸਿਤਾਰ ਅਤੇ ਤਬਲਾ ਆਦਿ ਵੀ ਉਹਨਾਂ ਦੀ ਕਾਢ ਮੰਨਦੇ ਹਨ। ਤਬਲੇ ਦਾ ਜ਼ਿਕਰ ਸੁਣ ਕੇ ਫ਼ੈਜ਼ ਨੇ ਜਦ ਘੜੀ ਵੇਖੀ ਤਾਂ ਉਸ ਉੱਤੇ ਦੋ ਵੱਜ ਰਹੇ ਸਨ ਤੇ ਸਭ ਬੈਰ੍ਹੇ ਬੇ ਬਹਿਰੇ (ਬੋਲੇ) ਹੋ ਚੁੱਕੇ ਸਨ।

ਫ਼ੈਜ਼ ਸਾਹਿਬ ਕਹਿਣ ਲੱਗੇ, "ਉੱਠੋ, ਮੇਰੇ ਨਾਲ ਚੱਲੋ। ਅਸੀਂ ਦੋਵੇਂ ਇਕ ਪੁਰਾਣੇ ਬੰਗਲੇ ਉੱਤੇ ਪਹੁੰਚੇ। ਇਕ ਔਰਤ ਜਿਸਦੇ ਸਿਰ ਦੇ ਵਾਲ ਸਾਡੀ ਕੌਮੀ ਕਲਚਰ ਅਤੇ ਕੌਮੀ ਪਛਾਣ ਵਾਂਗੂੰ ਉਸ ਦੇ ਮੱਥੇ ਉੱਤੇ ਉਲਝ ਰਹੇ ਸਨ, ਤੁਰੰਤ ਸਵਾਗਤ ਲਈ ਅੰਦਰੋਂ ਨਿਕਲੀ। ਉਸਨੇ ਸਾਡੀ ਸੂਰਤ ਵੇਖਦੇ ਹੀ ਆਖਿਆ, 'ਖਾਣਾ ਨਹੀਂ ਖਾਧਾ' ? ਅਤੇ ਫਿਰ ਉਸੇ ਹੀ ਹਾਲਤ ਵਿਚ ਏਨੀ ਰਾਤ ਬੀਤੀ ਹਿਰਨ ਵਾਂਗੂੰ ਚੌਕੜੀਆਂ ਭਰਦੀ ਉਹ ਕਿਚਨ ਵਿਚ ਜਾ ਵੜੀ। ਅਸੀਂ ਦੋਵੇਂ ਵੀ ਕਿਚਨ ਵਿਚ ਹੀ ਬੈਠ ਗਏ। ਫ਼ੈਜ਼ ਸਾਹਿਬ ਨੇ ਕਿਹਾ, ਭਈ ਇਹ ਮਿਸਿਜ਼ ਇਕਬਾਲ ਹਨ। ਮੈਂ ਪੁੱਛਿਆ, ਇਹਨਾਂ ਦਾ ਨਾਂ ? ਔਰਤ ਮੁਸਕਰਾਈ ਤੇ ਆਖਣ ਲੱਗੀ। "ਮਿਸਿਜ਼ ਇਕਬਾਲ।" ਮੇਰਾ ਅਸਲੀ ਨਾਮ ਸਰਫਰਾਜ਼ ਹੈ।" ਉਹ ਤਾਜ਼ਾ ਰੋਟੀ ਪਕਾਉਂਦੀ ਅਤੇ ਬਰਾਬਰੀ ਦਾ ਖ਼ਿਆਲ ਰੱਖਦੀ ਹੋਈ ਅੱਧੀ ਫ਼ੈਜ਼ ਸਾਹਿਬ ਨੂੰ ਅਤੇ ਅੱਧੀ ਮੈਨੂੰ ਦਿੰਦੀ ਜਾਂਦੀ।

ਜਲਦੀ ਹੀ ਮੈਨੂੰ ਮਲੂਮ ਹੋ ਗਿਆ ਕਿ ਦੇਸ਼ ਦੀ ਹਰ ਕਲਾਤਮਕ ਸੰਸਥਾਂ ਦੇ ਦਾਨਸ਼ਵਰਾਂ ਦੇ ਵਾਸਤੇ ਇਸ ਘਰ ਵਿਚ ਹਰ ਵਕਤ ਲੰਗਰ ਜਾਰੀ ਰਹਿੰਦਾ ਹੈ।

*ਪੰਜਾਬੀ ਰੂਪ-ਹ.ਸ.ਹ.*

*99150-42242*

## ਦੋ ਕਵਿਤਾਵਾਂ/— ਹਸਨ ਇਰਾਕੀ

### 1. ਫ਼ਨੀਅਰ

ਪਰੇ ਪਰੇ ਭੈਣਾਂ ਏਸ ਦੇਸ ਦੇਸ ਡੰਗਿਆ
ਜਿਹਨੂੰ ਏਸ ਡੰਗਿਆ, ਨਾ ਪਾਣੀ ਓਸ ਮੰਗਿਆ

ਕੱਲ੍ਹ ਇਹਨੂੰ ਬਾਜਰੇ ਦੇ ਖੇਤ ਵਿਚ ਵੇਖਿਆ
ਪਰਸੋਂ ਫਲਾਹੀ ਥੱਲੇ, ਰੇਤ ਵਿਚ ਵੇਖਿਆ।

ਅੱਜ ਏਥੇ ਆ ਗਿਆ ਏ, ਵੈਰੀ ਕਿੱਡੀ ਦੂਰ ਤੋਂ
ਮੇਲ੍ਹਦਾ ਕਪਾਹਾਂ ਦੀਆਂ ਫੁੱਟੀਆਂ ਦੇ ਨੂਰ ਤੋਂ।

ਭੌਂਦਾ ਤੇ ਡਰਾਉਂਦਾ ਫਿਰੇ, ਬੇਟ, ਕਦੀ ਢਾਹੇ ਨੀ
ਸਾਡੇ ਮੱਲ ਲਏ ਏਸ ਪਹੇ ਤੇ ਚੌਰਾਹੇ ਨੀ।

ਭਲੇ ਮੇਰੇ ਲੇਖ ਮੈਨੂੰ ਦਿਸ ਪਿਆ ਦੂਰ ਤੇ
ਭਾਵੇਂ ਧਰ ਬਹਿੰਦੀ ਪੈਰ.ਭੁੱਜਦੇ ਤੰਦੂਰ ਤੇ।

ਲਿਆਓ ਇੱਟਾਂ, ਢੀਮਾਂ, ਮਾਰੋ ਗਿਣ ਗਿਣ ਫੰਨ ਤੇ
ਚੌੜੀ ਚੌੜੀ ਹਿੱਕ ਉੱਤੇ, ਚਿੱਟੇ ਚਿੱਟੇ ਕੰਨ੍ਹ ਤੇ

ਜ਼ਖ਼ਮੀ ਜੇ ਇਕ ਵਾਰ ਹੋ ਗਿਆ ਨਿਮਾਣਾ ਨੀ
ਇਹਨਾਂ ਕੀੜੀਆਂ ਈ ਇਹ ਨੂੰ ਤੋੜ ਤੋੜ ਖਾਣਾ ਨੀ।

### 2. ਬਾਬਾ

ਜਦੋਂ ਤਾਈਂ ਬਾਬੇ ਹੱਥ ਚਾਬੀ ਤੇ ਰੁਪਈਆ ਸੀ।
ਗੱਡੀ ਵਾਂਗੂੰ, ਗੱਡੇ ਦਾ ਵੀ ਪਟੜੀ ਤੇ ਪਹੀਆ ਸੀ।

ਮਾੜੀਆਂ 'ਚ ਰਹਿੰਦਾ ਸੀ ਤੇ ਬੈਠਕਾਂ 'ਚ ਬਹਿੰਦਾ ਸੀ।
ਗੱਲ ਲੱਖ ਲੱਖ ਦੀ ਸੀ ਜਿਹੜੀ ਮੂੰਹੋਂ ਕਹਿੰਦਾ ਸੀ।

ਨੂੰਹਾਂ ਨੂੰ ਖੰਘੂਰਦਾ ਤੇ ਪੁੱਤਰਾਂ ਨੂੰ ਹੂਰਦਾ,
ਵਿਚ ਜਾ ਪੰਚਾਇਤਾਂ, ਵੱਡੇ ਵੱਡਿਆਂ ਨੂੰ ਘੂਰਦਾ।



ਲੋਕੀਂ ਸਾਰੇ ਪੁੱਛਦੇ ਤੇ ਮੰਨਦੇ ਸਲਾਹ ਨੂੰ
ਉਹਦੇ ਬਿਨਾਂ ਤੋੜਦੇ ਨਾ ਬੰਨ੍ਹਦੇ ਨਿਕਾਹ ਨੂੰ।

ਕੰਨ ਮੁਸ਼ਟੰਡਿਆਂ ਤੇ ਗੁੰਡਿਆਂ ਦੇ ਨੱਪਦਾ
ਗਲ਼ੀਆਂ 'ਚੋਂ ਇੰਝ ਲੰਘੇ, ਫੇਰਾ ਜਿਵੇਂ ਸੱਪ ਦਾ

ਚਿਰ ਹੋਇਆ ਸਿਲ੍ਹਾਂ ਜਦੋਂ ਪੈਲੀਆਂ ਉਜਾੜੀਆਂ।
ਝੁੱਲੀਆਂ ਸੀ ਨੇਰੀਆਂ, ਜਾਂ ਪੀਲ਼ੀਆਂ ਤੇ ਕਾਲੀਆਂ।

ਅੱਗ ਦੇਸ ਦੇਸ ਲੱਗੀ, ਸ਼ਹਿਰ ਸ਼ਹਿਰ ਖਿੰਡ ਪਈ
ਡਾਢੀ ਚੋਰਾ-ਰੌਲੀ, ਪੈਂਦੀ, ਪੈਂਦੀ ਪਿੰਡ ਪਿੰਡ ਪਈ।

ਚੋਰਾਂ ਸੰਨ੍ਹਾਂ ਮਾਰੀਆਂ ਤੇ ਬਾਬੇ ਨੂੰ ਵੀ ਲੁੱਟਿਆ
ਬਿੱਲੀਆਂ ਨੇ ਰੋਟੀਆਂ ਦੇ ਛਾਬੇ ਨੂੰ ਵੀ ਲੁੱਟਿਆ,

ਮੱਥੇ ਮੱਥੇ ਵੱਟ ਅਤੇ ਦਿਲੋਂ ਦਿਲੀ ਗੰਢ ਪਈ।
ਚੂਕਦੀ ਨਾ ਚਿੜੀ ਜਿੱਥੇ ਓਥੇ ਡਾਢੀ ਡੰਡ ਪਈ।

ਲੜ, ਬੋਲ, ਪੁੱਤਰਾਂ, ਜ਼ਮੀਨ ਸਾਰੀ ਵੰਡ ਲਈ
ਖੇਤ ਖੇਤ, ਪੈਲ਼ੀ ਪੈਲ਼ੀ, ਕਿਆਰੀ ਕਿਆਰੀ ਵੰਡ ਲਈ।

ਦੂਜੇ ਪਾਸੇ ਨੂੰਹਾਂ, ਧੀਆਂ, ਵਾਲ਼ੀ ਵਾਲ਼ੀ ਵੰਡ ਲਈ।
ਢੱਗਾ ਵੱਛੀ, ਕੜੀ ਕੜੀ, ਥਾਲ਼ੀ ਥਾਲ਼ੀ ਵੰਡ ਲਈ।

ਹੌਲ਼ੀ ਹੌਲ਼ੀ, ਬਾਬੇ ਵਾਲੀ ਕੰਡ ਸਾਰੀ ਝੜ ਗਈ।
ਰਹਿ ਗਈ ਕੁਨੈਣ ਅਤੇ ਖੰਡ ਸਾਰੀ ਝੜ ਗਈ।

ਹੁਣ ਨੂੰਹਾਂ ਪੁੱਤਰਾਂ ਨੂੰ ਬਾਬਾ ਕੌੜਾ ਲੱਗਦਾ।
ਇਹਨਾਂ ਦਾ ਕੀ ਦੋਸ਼ ਏ, ਵਤੀਰਾ ਏਹੋ ਜੱਗ ਦਾ।

ਛੋਟੀ ਨੂੰਹ ਦੇ ਗਲ਼ ਪਿਆ, ਹਾਰ ਸੁੱਕੇ ਹੱਡ ਦਾ।
"ਕੋਹੜੀ ਹੋਣਾ ਮਰਦਾ ਨਾ, ਵਿੱਚੋਂ ਮੰਜੀ ਛੱਡਦਾ।"

# ਸਦਾ-ਬਹਾਰ ਬਿਰਖ

*—ਹਰਭਜਨ ਸਿੰਘ ਹੁੰਦਲ*

ਅਸੀਂ ਆਪਣੇ ਪਿਤਾ ਨੂੰ 'ਚਾਚਾ ਜੀ' ਆਖਦੇ ਹੁੰਦੇ ਸੀ। ਹੈ ਕਿ ਨਾ ਮੂਰਖਾਂ ਵਾਲੀ ਗੱਲ! ਪਰ ਨਿੱਕੇ ਹੁੰਦਿਆਂ ਸਾਨੂੰ ਇਸ ਗੱਲ ਦੀ ਸਮਝ ਨਹੀਂ ਸੀ। ਜਦੋਂ ਵੱਡੇ ਹੋ ਕੇ ਸਮਝ ਆਈ, ਓਦੋਂ ਤੀਕ ਸਾਡੀ ਆਦਤ ਪੱਕ ਚੁੱਕੀ ਸੀ। ਅਸਲ ਵਿਚ ਸਾਡੇ ਤਾਏ ਦੇ ਲੜਕੇ 'ਜਿੰਦਾਂ ਤੇ ਅਰਜਨ' ਸਾਡੇ ਬਾਪ ਨੂੰ 'ਚਾਚਾ ਜੀ' ਆਖਦੇ ਹੁੰਦੇ ਸਨ। ਉਹਨਾਂ ਦੀ ਵੇਖਾ-ਵੇਖੀ ਅਸੀਂ ਵੀ 'ਚਾਚਾ ਜੀ' ਆਖਣ ਲੱਗ ਪਏ। ਕਿਸੇ ਸਿਆਣੇ ਨੇ ਵੇਲੇ ਸਿਰ ਸਾਨੂੰ ਟੋਕਿਆ ਵੀ ਨਾ। ਅਸਲ ਵਿਚ ਉਹਨਾਂ ਵੇਲਿਆਂ ਵਿਚ ਕਈ ਗੱਲਾਂ ਅਜੀਬ ਵੀ ਹੁੰਦੀਆਂ ਸਨ। ਅਸੀਂ ਆਪਣੀ ਮਾਤਾ ਨੂੰ, ਵੱਡੇ ਹੋਣ ਤੀਕ 'ਬੀਬੀ' ਆਖਦੇ ਰਹੇ। ਜਦੋਂ ਪੜ੍ਹ ਲਿਖ ਕੇ ਸਾਨੂੰ ਕੁਝ ਸਮਝ ਆਈ, ਤਾਂ ਅਸਾਂ ਘਰ ਵਿਚ ਬੈਠ ਕੇ ਫੈਸਲਾ ਕੀਤਾ ਕਿ "ਅੱਜ ਤੋਂ ਬੀਬੀ ਨੂੰ "ਮਾਤਾ" ਆਖਿਆ ਕਰਨਾ ਹੈ। ਇੰਝ ਅਸਾਂ ਬਚਪਨ ਦੀ ਆਪਣੀ ਗ਼ਲਤੀ ਨੂੰ, ਸਮਾਂ ਆਉਣ ਉੱਤੇ ਦਰੁਸਤ ਕਰ ਲਿਆ।

ਪਰ ਪਿਤਾ ਵਾਲੀ ਗ਼ਲਤੀ ਸਾਥੋਂ ਦਰੁਸਤ ਨਾ ਹੋਈ। ਗ਼ਲਤੀ ਜੇ ਵੇਲੇ ਸਿਰ ਠੀਕ ਕਰ ਲਈ ਜਾਵੇ, ਤਾਂ ਠੀਕ, ਨਹੀਂ ਤਾਂ ਉਹ ਗ਼ਲਤੀ ਨਹੀਂ ਰਹਿੰਦੀ ਤੇ ਬੰਦਾ ਢੀਠਾਂ ਵਾਂਗ ਉਸ ਨੂੰ ਦਹੁਰਾਈ ਜਾਂਦਾ ਹੈ। ਸਾਡਾ ਵੀ ਇਹੀ ਹਾਲ ਸੀ।

ਪਿਤਾ ਜੀ ਵਿਚ ਬਹੁਤ ਗੁਣ ਸਨ। ਜਿਹਨਾਂ ਕਾਰਨ ਅਸੀਂ ਅੱਜ ਤੀਕ ਉਹਨਾਂ ਗੁਣਾਂ ਦਾ ਖੱਟਿਆ ਖਾਂਦੇ ਹਾਂ। ਪਰ ਉਹਨਾਂ ਦੀ ਇਕ ਗੱਲ ਮੈਨੂੰ ਚੰਗੀ ਨਹੀਂ ਸੀ ਲੱਗਦੀ। ਉਹ ਸਾਡੀ ਮਾਤਾ ਨੂੰ ਇਕ ਵਾਰ ਡੰਡਿਆਂ ਨਾਲ ਕੁੱਟਦੇ ਮੈਂ ਆਪਣੀ ਅੱਖੀਂ ਵੇਖੇ ਸਨ। ਇਹ ਇੱਕੋ ਗੱਲ ਹੀ ਸਾਰੀ ਉਮਰ ਮੈਨੂੰ ਭੁੱਲੀ ਨਹੀਂ ਤੇ ਨਾ ਹੀ ਮੈਂ ਸਾਰੀ ਉਮਰ ਇਸਨੂੰ ਆਪਣੇ ਮਨ ਵਿੱਚੋਂ ਕੱਢ ਸਕਿਆ। ਮੈਂ ਵੱਡਾ ਹੋ ਕੇ ਵੀ ਸੋਚਦਾ ਰਹਿੰਦਾ ਸੀ ਕਿ ਸਾਡੀ ਮਾਂ ਦਾ ਕਸੂਰ ਕੀ ਸੀ? ਅਸਚਰਜ ਗੱਲ ਇਹ ਕਿ ਅੱਜ ਤੀਕਰ ਮੈਨੂੰ ਉਸਦਾ ਕੋਈ ਕਸੂਰ ਨਹੀਂ ਲੱਭਾ।

ਮੈਂ ਉਦੋਂ ਬਹੁਤ ਛੋਟਾ ਸੀ। ਹੋਵਾਂਗਾ ਕੋਈ ਪੰਜ ਛੇ ਸਾਲ ਦੀ ਉਮਰ ਦਾ। ਮਾਂ ਪਾਕਿਸਤਾਨ ਵਾਲੇ ਆਪਣੇ ਕਮਰੇ ਵਿਚ ਬੈਠੀ ਹੋਈ ਸੀ। ਪਿਤਾ ਜੀ ਆਏ ਤੇ ਇਕ ਸੋਟਾ ਲੈ ਕੇ, ਮਾਤਾ ਨੂੰ ਕੁੱਟਣ ਲੱਗ ਪਏ। ਮੈਂ ਡਰ ਗਿਆ ਤੇ ਵੇਖਦਾ ਹੀ ਰਹਿ ਗਿਆ। ਪੰਜ ਸੱਤ ਡੰਡੇ ਮਾਰ, ਉਹ ਮੰਦਾ ਬੋਲ ਦੇ ਪਰੇ ਚਲੇ ਗਏ ਤੇ ਮਾਤਾ ਦੁਰ-ਅਸੀਸਾਂ ਦਿੰਦੀ ਰੋਣ ਲੱਗ ਪਈ। ਜੇ ਮੈਂ ਤਕੜਾ ਹੁੰਦਾ ਤਾਂ ਇੰਝ ਨਹੀਂ ਸੀ ਹੋ ਸਕਣਾ। ਮਾਤਾ ਦੇ ਪਿੰਡੇ ਉੱਤੇ ਪਈਆਂ ਲਾਸਾਂ ਮੈਨੂੰ ਆਪਣੇ ਪਿੰਡੇ ਉੱਤੇ ਹੀ ਪਈਆਂ ਲੱਗਦੀਆਂ।

ਮਾਤਾ ਦੇ ਪੇਕੇ ਦੂਰ ਸਨ। ਕਿੱਥੇ ਅੰਮ੍ਰਿਤਸਰ ਦਾ ਪਿੰਡ ਬੁਤਾਲਾ ਤੇ ਕਿੱਥੇ ਸਾਡਾ ਪਿਛਲਾ ਪਿੰਡ! ਬਾਰ ਦਾ ਇਹ ਪਿੰਡ ਰੇਲਵੇ ਸਟੇਸ਼ਨ ਤੋਂ ਵੀ ਪੰਜ ਸੱਤ ਕੋਹ ਦੂਰ ਸੀ। ਨੇੜੇ ਤੇੜੇ ਇਕ ਸਾਂਗਲਾ-ਹਿੱਲ ਦਾ ਸਟੇਸ਼ਨ ਹੀ ਲੱਗਦਾ ਸੀ। ਲਾਇਲਪੁਰ ਦੇ ਜ਼ਿਲ੍ਹੇ ਦਾ ਇਹ ਪਿੰਡ, ਜਿੱਥੋਂ ਰੁੱਸ ਕੇ ਪੇਕੇ ਪਹੁੰਚਣਾ ਮਾਤਾ ਤੇ ਮੇਰੇ ਲਈ ਅਸੰਭਵ ਸੀ। ਮਾਤਾ ਦੇ ਤਿੰਨ ਭਰਾ ਸਨ। ਜੇ ਕਦੇ ਇਹ ਪੇਕਾ ਪਿੰਡ ਨੇੜੇ ਤੇੜੇ ਹੁੰਦਾ ਤਾਂ ਇਹ ਕੁਝ ਨਹੀਂ ਸੀ ਹੋਣਾ। ਸਾਡੇ ਪਿੰਡ ਨਿਹਾਲੋਆਣਾ ਬੰਡਾਲਾ ਚੱਕ ਨੰ. 64 ਰੱਖ ਬਰਾਂਚ ਤੋਂ ਸਾਂਗਲਾ ਹਿੱਲ ਤੀਕ ਤੁਰ ਕੇ ਜਾਣਾ ਪੈਂਦਾ ਸੀ। ਸਿੱਧੀ ਕੋਈ ਕੱਚੀ ਜਾਂ ਪੱਕੀ ਸੜਕੀ ਨਹੀਂ ਪੈਂਦੀ। ਬੱਸ ਡਾਂਡੇ-ਮੀਂਡੇ ਹੀ ਜਾਣਾ ਪੈਂਦਾ ਸੀ ਤੇ ਜਾਂ ਫਿਰ ਕੋਈ ਸਾਥ ਲੱਭਣਾ ਪੈਂਦਾ। ਇਕ ਵਾਰ ਮਾਤਾ ਮੈਨੂੰ ਲੈ ਕੇ ਪੇਕਿਆਂ ਨੂੰ ਤੁਰ ਪਈ। ਸਾਂਗਲਾ ਹਿੱਲ ਸਟੇਸ਼ਨ ਤੇ ਪਹੁੰਚ ਅਸੀਂ ਅੰਮ੍ਰਿਤਸਰ ਜਾਣ ਵਾਲੀ ਗੱਡੀ ਉਡੀਕਦੇ ਪਏ ਸੀ ਕਿ ਪਿੰਡੋਂ ਪਿਤਾ ਜੀ ਘੋੜੀ ਲੈ ਕੇ ਸਟੇਸ਼ਨ ਤੇ ਪਹੁੰਚ ਗਏ ਤੇ ਮਾਤਾ ਤੇ ਮੈਨੂੰ ਮਨਾ ਕੇ, ਵਾਪਸ ਲੈ ਆਏ।



ਮਾਤਾ ਦੀ ਸਹਾਇਤਾ ਤੇ ਸੁਣਵਾਈ ਲਈ ਸਾਡੇ ਪਿੰਡ ਬੰਡਾਲੇ ਵਿਚ ਵੀ ਤਕੜੀ ਇਕ ਧਿਰ ਸੀ। ਉਸਦੀ ਸਕੀ ਭੂਆ ਦਾ ਘਰ ਸਾਡੀ ਗਲ਼ੀ ਦੇ ਦੂਸਰੇ ਚੌਂਕ ਦੇ ਨਾਲ ਹੀ ਸੀ। ਭੂਆ ਦੇ ਤਿੰਨ ਭਰਾ ਸਨ। ਭਾਈਚਾਰਕ ਪ੍ਰਭਾਵ ਵਾਲ਼ੇ, ਦਾਨਸ਼ਮੰਦ ਤੇ ਖਾਂਦੇ-ਪੀਂਦੇ ਜੱਟ। ਪਰ ਮਾਤਾ ਨੇ ਉਹਨਾਂ ਨੂੰ ਕਦੇ ਆਪਣੀ ਤਕਲੀਫ਼ ਨਹੀਂ ਦੱਸੀ ਸੀ। ਮਾਤਾ ਦਾ ਇਹ ਰਿਸ਼ਤਾ ਵੀ ਉਸ ਦੀ ਭੂਆ ਨੇ ਹੀ ਲਿਆ ਕੇ ਕਰਾਇਆ ਸੀ।

ਹੌਲ਼ੀ ਹੌਲ਼ੀ, ਵੱਡਾ ਹੋ ਕੇ ਮੈਨੂੰ ਇਸ ਘਰੇਲੂ ਕਲੇਸ਼ ਦਾ ਪਤਾ ਲੱਗ ਗਿਆ। ਕਾਰਨ ਸਿੱਧ-ਪੱਧਰੇ ਨਹੀਂ ਸਨ। ਨਾਲ਼ ਹੀ ਸਾਡੇ ਦੋਵਾਂ ਭਰਾਵਾਂ ਦੇ ਜਵਾਨ ਹੋਣ ਨਾਲ਼ ਮਾਤਾ ਦੀ ਕੁੱਟ-ਕੁਟਾਈ ਆਪਣੇ ਆਪ ਹੀ ਖ਼ਤਮ ਹੋ ਗਈ ਸੀ।

II

ਪਿਤਾ ਜੀ ਚਾਰ ਭਰਾ ਸਨ। ਹਜ਼ਾਰਾ ਸਿੰਘ, ਬੇਲਾ ਸਿੰਘ, ਤਾਰਾ ਸਿੰਘ ਤੇ ਦੀਦਾਰ ਸਿੰਘ। 1920-25 ਦੀ ਗੁਰਦਵਾਰਾ ਸੁਧਾਰ ਲਹਿਰ ਵਿਚ ਸ. ਹਜ਼ਾਰਾ ਸਿੰਘ ਫਰਵਰੀ 1921 ਨੂੰ ਨਨਕਾਣਾ ਸਾਹਿਬ ਵਿਚ ਸ਼ਹੀਦ ਹੋ ਗਏ। ਉਹ ਉਸ ਸਮੇਂ ਵਿਆਹੇ-ਵਰੇ ਸਨ ਤੇ ਮੇਰੀ ਹੁਣ ਵਾਲੀ ਮਾਤਾ ਗੁਲਾਬ ਕੌਰ ਦੇ ਪਤੀ ਸਨ। ਦੂਸਰਾ ਭਾਈ ਸ. ਬੇਲਾ ਸਿੰਘ ਜੈਤੋ ਦੇ ਮੋਰਚੇ ਵਿਚ ਸ਼ਹੀਦ ਹੋ ਗਏ। ਮੇਰੀ ਮਾਤਾ ਕਈ ਸਾਲ ਪੇਕੇ ਘਰ ਅਰਥਾਤ ਪਿੰਡ ਬੁਤਾਲਾ ਜ਼ਿਲ੍ਹਾ ਅੰਮ੍ਰਿਤਸਰ ਰਹੀ। ਏਸੇ ਤਰ੍ਹਾਂ ਸ. ਬੇਲਾ ਸਿੰਘ ਦੀ ਪਤਨੀ ਹਰਨਾਮ ਕੌਰ ਵੀ ਆਪਣੇ ਪੇਕਾ ਘਰ ਬੈਠੀ ਰਹੀ। ਪਤਾ ਨਹੀਂ ਉਹ ਕਿਹੜੇ ਹਾਲਾਤ ਸਨ ਕਿ ਸ਼ਹੀਦਾਂ ਦੀਆਂ ਇਹ ਦੋਵੇਂ ਪਤਨੀਆਂ ਦਾ ਵਿਆਹ ਸਾਡੇ ਹੁਣ ਵਾਲੇ ਪਿਤਾ ਸ. ਦੀਦਾਰ ਸਿੰਘ ਨਾਲ ਕਰ ਦਿੱਤਾ ਗਿਆ। ਸ਼ਹੀਦੀਆਂ ਵੇਲੇ ਪਿਤਾ ਜੀ ਹਾਲੀ ਛੋਟੇ ਸਨ। ਵੱਡੇ ਹੋ ਕੇ ਅਸਾਂ ਸੁਣਿਆ ਕਿ ਭਾਈਚਾਰੇ ਅਤੇ ਰਿਸ਼ਤੇਦਾਰਾਂ ਨੇ, ਬੜੀ ਸੋਚ-ਵਿਚਾਰ ਬਾਅਦ ਦੋਵਾਂ ਸ਼ਹੀਦਾਂ ਦੀਆਂ ਪਤਨੀਆਂ ਨੂੰ ਖੱਜਲ-ਖੁਵਾਰੀ ਤੋਂ ਬਚਣ/ਬਚਾਉਣ ਲਈ ਅਜੇਹਾ ਫੈਸਲਾ ਕੀਤਾ ਸੀ। ਮਤਰਏ ਰਿਸ਼ਤੇ ਦੀ ਨੀਂਹ ਏਥੋਂ ਹੀ ਰੱਖੀ ਗਈ। ਵਕਤ ਦੇ ਬੀਤਣ ਨਾਲ ਇਸ ਘਰੇਲੂ ਕਸ਼ਮਕਸ਼ ਦੇ ਅਸਲ ਕਾਰਨ ਮੇਰੇ ਮਨ ਵਿਚ ਕੁਝ ਕੁਝ ਸਪੱਸ਼ਟ ਹੁੰਦੇ ਗਏ। ਸੰਨ-ਸੰਤਾਲੀ ਤੀਕ, ਮੈਂ ਅਜੇ ਬਾਰਾਂ ਜਾਂ ਤੇਰਾ ਸਾਲ ਦੀ ਉਮਰ ਦਾ ਸੀ। ਉਸ ਵੇਲੇ ਸਾਡੇ ਘਰ ਦੇ ਵਿਹੜੇ ਨਵੇਂ ਚਾਰ ਕਮਰੇ ਪੱਕੇ ਪੈ ਰਹੇ ਸਨ, ਜੋ ਲੰਮੇ ਰੁਖ਼ ਇਕੋ ਹੀ ਕਤਾਰ ਵਿਚ ਸਨ ਤੇ ਜਿਨ੍ਹਾਂ ਦੇ ਸਿਰੇ ਵਾਲ਼ਿਆਂ ਕਮਰਿਆਂ ਨਾਲ਼ ਇਕ ਇਕ ਰਸੋਈ-ਨਮਰਾ ਸੀ। ਦੋ ਕਮਰੇ ਸਾਡੇ ਤਾਏ ਦੇ ਵੰਡੇ ਆ ਗਏ ਸਨ ਤੇ ਦੋ ਸਾਡੇ, ਦੋਹਾਂ ਮਾਵਾਂ ਦੇ। ਮੇਰੀ ਮਤਰੇਈ ਮਾਂ ਰੰਗ-ਰੂਪ ਦੀ ਸਊਲੀ ਸੀ। ਸਾਂਝੇ ਪਤੀ ਨੂੰ ਆਪਣੇ ਵੱਲ ਕਰਨ ਲਈ ਉਹ ਹੋਰ ਕਈ ਚਲਿੱਤਰਾਂ ਤੇ ਚਾਲਾਂ ਤੋਂ ਕੰਮ ਲੈਣ ਲੱਗ ਪਈ ਸੀ। ਸਾਡੀ ਦਾਦੀ ਵੀ ਉਸ ਵੱਲ ਰੋਟੀ ਖਾਂਦੀ ਤੇ ਰਹਿੰਦੀ ਸੀ। ਦਾਦੀ ਬੜੀ ਹੁਸ਼ਿਆਰ ਔਰਤ ਸੀ ਤੇ ਸਾਰਾ ਪੈਸਾ-ਟਕਾ ਆਪਣੇ ਕਬਜ਼ੇ ਵਿਚ ਰੱਖਦੀ। ਪਿਤਾ ਜੀ ਵੀ ਉਹਨਾਂ ਨਾਲ ਹੀ ਰਹਿੰਦੇ ਸਨ। ਮੇਰਾ ਮਤਰੇਆ ਭਰਾ ਮੈਤੋਂ ਸਾਲ ਕੁ ਵੱਡਾ ਸੀ। ਏਸ ਸਾਰੀ ਪਰਿਵਾਰਕ-ਬਣਤਰ ਵਿਚ, ਸਾਰੇ ਪ੍ਰਭਾਵਸ਼ਾਲੀ ਮੈਂਬਰ ਦੂਜੇ ਪਾਸੇ ਸਨ। ਸਾਡੀ ਮਤਰੇਈ-ਮਾਂ ਨੇ ਇਕ ਹੋਰ ਪਾਖੰਡ-ਵਿਧੀ ਦੀ ਵੀ ਵਰਤੋਂ ਸ਼ੁਰੂ ਕਰ ਦਿੱਤੀ ਸੀ, ਜਿਸਦਾ ਉਂਝ ਕੋਈ ਦਿਮਾਗੀ-ਬੀਮਾਰੀ ਆਦਿ ਕਾਰਨ ਨਹੀਂ ਸੀ, ਉਹ ਅਚਾਨਕ ਕਿਸੇ ਖ਼ਾਸ ਮੌਕੇ ਉੱਤੇ ਦੰਦਲ ਵੱਟ ਲੈਂਦੀ ਸੀ ਤੇ ਦੰਦਾਂ ਨੂੰ ਏਨਾ ਪੀਚ ਕੇ ਕੱਸਦੀ ਸੀ ਕਿ ਕੋਈ ਚੀਜ਼ ਉਸਦਾ ਮੂੰਹ ਨਹੀਂ ਖੋਲ਼ ਸਕਦੀ ਸੀ। ਸਾਰੇ ਘਰ ਨੂੰ ਫ਼ਿਕਰ ਤੇ ਹਫੜਾ-ਦਫੜੀ ਜੇਹੀ ਪੈ ਜਾਂਦੀ ਸੀ। ਹਕੀਮ ਨੂੰ ਸੱਦਿਆ ਜਾਂਦਾ। ਹੌਲ਼ੀ ਹੌਲ਼ੀ ਪਰਿਵਾਰ ਦੇ ਸਾਰੇ ਹੀ ਸਿਆਣੇ ਮੈਂਬਰਾਂ ਨੂੰ ਉਸ ਦੇ ਇਸ ਪਾਖੰਡ ਦਾ ਪਤਾ ਲੱਗ ਗਿਆ ਸੀ। ਮੇਰੀ ਮਾਤਾ ਅਜੇਹਾ ਕੋਈ ਦਾਅ-ਪੇਚ ਨਹੀਂ ਜਾਣਦੀ ਸੀ। ਉਹ ਸਪੱਸ਼ਟ ਤੇ ਦਲੇਰ ਸੀ ਤੇ ਕਿਸੇ ਦੀ ਈਨ ਮੰਨਣ ਵਾਲ਼ੀ ਨਹੀਂ ਸੀ। ਉਹ ਘਰ ਵਿਚ ਸਵੈ-ਮਾਣ ਨਾਲ ਰਹਿਣਾ ਚਾਹੁੰਦੀ ਸੀ। ਏਸੇ ਕਾਰਨ ਮਤਰੇਈ-ਮਾਂ ਦੇ ਟਾਕਰੇ ਉੱਤੇ ਉਸ ਨੂੰ ਚੰਗਾ ਨਹੀਂ ਸੀ ਸਮਝਿਆ ਜਾਂਦਾ ਤੇ ਉਸਦੀ ਕੁੱਟ ਮਾਰ ਕਰ ਕੇ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਸੀ।

III

ਇਕ ਪਰਿਵਾਰ ਵਿਚੋਂ ਦੋ ਜਵਾਨ ਬੰਦਿਆਂ ਦਾ ਸ਼ਹੀਦ ਹੋ ਜਾਣਾ ਬਹੁਤ ਵੱਡੀ ਗੱਲ ਸੀ। ਪਿੰਡ ਵਿਚੋਂ ਹੋਰ ਵੀ ਪੰਜ ਛੇ ਬੰਦੇ ਸ਼ਹੀਦ ਹੋ ਗਏ ਸਨ। ਹੁਣ ਸਾਡੇ ਪਰਿਵਾਰ ਨੂੰ ਸ਼ਹੀਦਾਂ ਦਾ ਪਰਿਵਾਰ ਕਿਹਾ ਜਾਂਦਾ ਸੀ। ਪਿਤਾ ਜੀ ਪੱਕੇ ਅੰਮ੍ਰਿਤਧਾਰੀ ਸਨ। ਉਹ ਸਵੇਰੇ ਸ਼ਾਮ ਬਾਕਾਇਦਾ ਨਿੱਤ-ਨੇਮ ਕਰਦੇ ਤੇ ਰਹਿਤ-ਮਰਿਆਦਾ ਦਾ ਪੂਰਾ ਪਾਲਣ ਕਰਦੇ ਸਨ। ਅਸੀਂ ਦੋਵੇਂ ਭਰਾ ਜਦੋਂ ਪੰਜਵੀਂ ਪਾਸ ਕਰ ਗਏ ਤਾਂ ਉਨ੍ਹਾਂ ਨੇ ਸਾਨੂੰ ਵੀ ਅੰਮ੍ਰਿਤ ਛਕਾ ਦਿੱਤਾ ਸੀ।

ਜਦੋਂ 1925 ਵਿਚ ਅਕਾਲੀ ਲਹਿਰ ਦੇ ਸਿੱਟੇ ਵਜੋਂ ਸਰਕਾਰ ਨਾਲ ਸਮਝੌਤਾ ਹੋ ਗਿਆ ਤੇ ਪੰਜਾਬ ਦੇ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਦੀ ਚੁਣੀ ਹੋਈ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਕੋਲ ਆ ਗਿਆ, ਤਾਂ ਇਲਾਕੇ ਦੀ ਸਹਿਮਤੀ ਨਾਲ ਪਿਤਾ ਜੀ ਸ਼੍ਰੋਮਣੀ-ਕਮੇਟੀ ਦੇ ਮੈਂਬਰ ਚੁਣੇ ਗਏ। ਉਨ੍ਹਾਂ ਦੀ ਚੋਣ ਹਰ ਵਾਰ 1947 ਤੀਕ ਸਰਬ-ਸੰਮਤੀ ਨਾਲ ਹੁੰਦੀ ਰਹੀ। ਕਮੇਟੀ ਦੇ ਮੈਂਬਰ ਹੋਣ ਕਾਰਨ ਉਹ ਅਕਸਰ ਹੀ ਅੰਮ੍ਰਿਤਸਰ ਆਉਂਦੇ ਜਾਂਦੇ ਰਹਿੰਦੇ ਸਨ ਤੇ ਕਈ ਵਾਰ ਉਹ ਕੋਈ ਨਾ ਕੋਈ ਕਿਤਾਬ ਵੀ ਖਰੀਦ ਲਿਆਉਂਦੇ ਸਨ। ਭਾਈ ਵੀਰ ਸਿੰਘ ਦਾ ਨਾਵਲ 'ਸੁੰਦਰੀ' ਅਸੀਂ ਬੱਚੇ ਬੜੇ ਚਾਅ ਨਾਲ ਪੜ੍ਹਦੇ ਹੁੰਦੇ ਸੀ। ਇਹ ਕਿਤਾਬ ਕਈ ਵਾਰ ਗਵਾਚੀ ਤੇ ਹਰ ਵਾਰ ਉਹ ਨਵੀਂ ਖਰੀਦ ਲਿਆਉਂਦੇ। ਘਰ ਦਾ ਸਾਰਾ ਮਾਹੌਲ ਧਾਰਮਿਕ ਸੀ।

ਪਿਤਾ ਜੀ ਨੂੰ ਬਿਰਖ਼ ਤੇ ਬਾਗ਼ ਲਾਉਣ ਦਾ ਸ਼ੌਕ ਸੀ। ਸਾਡੇ ਸੁਰਤ ਸੰਭਾਲਣ ਵੇਲੇ ਤੀਕ, ਸਾਡੇ ਖੇਤਾਂ ਦੇ ਬੰਨੇ ਬੰਨੇ ਉਹਨਾਂ ਨੇ ਟਾਹਲੀਆਂ ਲਾਈਆਂ ਹੋਈਆਂ ਸਨ। ਉਹ ਬੇਰੀਆਂ ਵੀ ਲਾਉਂਦੇ ਤੇ ਫੇਰ ਜਦੋਂ ਇਹ ਬੇਰੀਆਂ ਕੁਝ ਸਿਰ ਕੱਢ-ਲੈਂਦੀਆਂ ਤਾਂ ਉਹ ਖ਼ੁਦ ਹੀ ਇਹਨਾਂ ਨੂੰ ਪਿਉਂਦ ਕਰ ਲੈਂਦੇ ਸਨ। ਪੁੰਗਾਰੇ ਦੀ ਰੁੱਤ ਆਉਣ ਉੱਤੇ ਅਰਥਾਤ ਫੱਗਣ-ਚੇਤ ਦੇ ਮਹੀਨੇ, ਉਹ ਬੇਰੀ ਨੂੰ ਛਾਂਗ ਕੇ ਸਿਰੇ ਉੱਤੇ ਪੁਰਾਣੀ ਬੇਰੀ ਦੀ ਕੋਈ ਪੁੰਗਰਨ ਵਾਲੀ ਅੱਖ ਨੂੰ ਬੜੀ ਜੁਗਤ ਨਾਲ ਜੋੜ ਦਿੰਦੇ ਸਨ ਅਰਥਾਤ Transplant ਕਰ ਦਿੰਦੇ ਸਨ ਅਤੇ ਉਸ ਨਵੀਂ ਪੁੰਗਰਨ ਵਾਲੀ ਅੱਖ ਦੇ ਹੇਠਾਂ ਉੱਤੇ ਡੋਰੀਆਂ ਨਾਲ ਜੋੜ ਲਾ ਦਿੰਦੇ ਤੇ ਫਿਰ ਮਗਰੋਂ ਗੁੜ ਦਾ ਸਰਬਤ ਜਿਹਾ ਬਣਾ ਕੇ ਉੱਤੇ ਤਰੌਂਕਦੇ ਹੁੰਦੇ ਸਨ। ਜੇ ਨਵੀਂ ਅੱਖ ਠੀਕ ਤਰ੍ਹਾਂ ਪੁੰਗਰ ਪੈਂਦੀ ਤਾਂ ਅਸੀਂ ਬੱਚੇ ਇਹਨਾਂ ਨੂੰ ਵੇਖ ਵੇਖ ਬਹੁਤ ਖ਼ੁਸ਼ ਹੁੰਦੇ ਸੀ। ਸਾਨੂੰ ਇਕ ਵੱਡੀ ਸੇਊ ਬੇਰੀ ਤਾਂ ਬੜੀ ਚੇਤੇ ਹੈ, ਜਿਸ ਨੂੰ ਮਣਾਂ-ਮੂੰਹੀ ਬੇਰ ਲੱਗਦੇ ਸੀ, ਜਿਨ੍ਹਾਂ ਨੂੰ ਪੱਕਣ ਉੱਤੇ ਸਾਡਾ ਬਾਬਾ ਤੋੜ ਕੇ, ਸ਼ਾਮ ਨੂੰ ਗੁਰਦਵਾਰੇ ਲੈ ਆਉਂਦਾ ਹੁੰਦਾ ਸੀ ਅਤੇ ਨਿੱਕੇ ਬੱਚਿਆਂ ਨੂੰ ਵਰਤਾਉਂਦਾ ਹੁੰਦਾ ਸੀ। ਪਿਤਾ ਜੀ ਨੇ ਹੋਰ ਵੀ ਕਈ ਵੱਟਾਂ ਬੰਨਿਆਂ ਉੱਤੇ ਬੇਰੀਆਂ, ਤੂਤ ਤੇ ਟਾਹਲੀਆਂ ਲਾਈਆਂ ਹੋਈਆਂ ਸਨ ਤੇ ਉਹ ਇਹਨਾਂ ਰੁੱਖਾਂ ਦੀ ਬਕਾਇਦਾ ਸਾਂਭ-ਸੰਭਾਲ ਕਰਦੇ ਤੇ ਸਮਾਂ ਆਉਣ ਉੱਤੇ ਛਿੰਗਾਈ ਵੀ ਕਰਦੇ ਸਨ।

ਉਹਨਾਂ ਦੇ ਉੱਦਮ ਤੇ ਸਿਆਣਪ ਨਾਲ ਸਾਡੇ ਖੇਤਾਂ ਦੀ ਹਰ ਵੱਟ-ਤੇ ਬੰਨੇ ਉੱਤੇ ਟਾਲ੍ਹੀਆਂ ਤੇ ਹੋਰ ਰੁੱਖ ਲੱਗੇ ਹੋਏ ਸਨ। ਉਹਨਾਂ ਦੇ ਉੱਦਮ ਨਾਲ ਹੀ ਸੰਤਰੇ ਤੇ ਮਾਲਟਿਆਂ ਦਾ ਬਾਗ਼ ਹਰ ਸਾਲ ਬੜਾ ਫ਼ਲ ਦਿੰਦਾ ਹੁੰਦਾ ਸੀ। ਸਿਆਲ ਦੀ ਰੁੱਤ, ਵਿਚ ਸੰਤਰੇ ਤੇ ਮਾਲਟੇ ਖਾਧਿਆਂ ਵੀ ਮੁਕਦੇ ਨਹੀਂ ਸੀ ਹੁੰਦੇ ਤੇ ਕਈ ਵਾਰ ਲਾਗਲੇ ਰਿਸ਼ਤੇਦਾਰਾਂ ਨੂੰ ਵੀ ਭੇਜੇ ਜਾਂਦੇ ਸਨ। ਸਾਡਾ ਤਾਇਆ ਤਾਰਾ ਸਿੰਘ ਸ਼ਰਾਬ ਕੱਢਣ ਵੇਲੇ ਘੜੇ ਵਿਚ ਸੰਤਰੇ-ਮਾਲਟੇ ਪਾ ਦਿੰਦਾ ਹੁੰਦਾ ਸੀ ਤੇ ਸ਼ਰਾਬ ਤਿਆਰ ਹੋ ਜਾਣ ਉੱਤੇ ਉਹ ਬੜੇ ਚਾਅ ਨਾਲ ਆਪਣੇ ਦੋਸਤਾਂ-ਮਿੱਤਰਾਂ ਨੂੰ ਵਿਖਾਉਂਦਾ ਤੇ ਪਿਆਉਂਦਾ ਹੁੰਦਾ ਸੀ। ਉਸ ਕੋਲ ਸ਼ਰਾਬ ਜਮ੍ਹਾਂ ਹੁੰਦੀ ਸੀ, ਜੋ ਲੋੜ ਪੈਣ ਤੇ ਉਹ ਧਰਤੀ ਵਿੱਚੋਂ ਪੁੱਟ ਕੇ ਲੈ ਆਉਂਦਾ ਹੁੰਦਾ ਸੀ। ਪਿਤਾ ਜੀ ਉਸ ਦੇ ਕੰਮ ਵਿਚ ਕੋਈ ਦਖ਼ਲ ਨਹੀਂ ਸੀ ਦਿੰਦੇ ਹੁੰਦੇ।

IV

ਪਿਤਾ ਜੀ ਨਿੱਤ-ਨੇਮੀ ਤੇ ਪਾਠੀ ਵੀ ਸਨ। ਸਿਆਣੇ ਆਖਦੇ ਹੁੰਦੇ ਸਨ ਕਿ ਜੱਥੇਦਾਰ ਦੀਦਾਰ ਸਿੰਘ ਅਖੰਡ-ਪਾਠ ਕਰਦੇ ਫਾਹਾ ਨਹੀਂ ਸੀ ਵੱਢਦੇ, ਉਹ ਬੜੀ ਲੈਅ ਵਿਚ ਉਚਾਰਨ ਨੂੰ ਸ਼ੁੱਧ ਰੱਖ ਕੇ



ਪਾਠ ਕਰਦੇ ਤੇ ਸੁਣਨ ਵਾਲੇ ਨੂੰ ਇੰਝ ਪ੍ਰਤੀਤ ਹੁੰਦਾ, ਜਿਵੇਂ ਉਹ ਕੀਰਤਨ ਕਰ ਰਹੇ ਹੋਣ।

ਪਰ ਉਹ ਕੱਟੜ ਬਿਲਕੁਲ ਨਹੀਂ ਸਨ। ਉਹਨਾਂ ਕਦੇ ਆਪਣੇ ਵੱਡੇ ਭਰਾ ਸ. ਤਾਰਾ ਸਿੰਘ ਨੂੰ ਅੰਮ੍ਰਿਤ ਛਕਣ ਲਈ ਜ਼ੋਰ ਨਹੀਂ ਸੀ ਪਾਇਆ। ਉਹ ਸ਼ਰਾਬ ਕੱਢਦਾ ਜਾਂ ਮੁੰਡਿਆਂ ਕੋਲੋਂ ਕਢਵਾਉਂਦਾ ਤੇ ਪੀਂਦਾ, ਪਿਆਉਂਦਾ ਸੀ। ਪਿਤਾ ਜੀ ਸਤਿਕਾਰ ਨਾਲ ਉਸ ਨੂੰ "ਸਰਦਾਰ" ਕਹਿੰਦੇ ਹੁੰਦੇ ਸਨ। ਤਾਇਆ ਵਾਹੀ ਜੋਤੀ ਦਾ ਸਮੁੱਚਾ ਇੰਨਚਾਰਜ ਸੀ। ਵਾਹੀ ਸਾਂਝੀ ਸੀ। ਤਾਇਆ ਸਵੇਰੇ ਤੜਕੇ ਉੱਠਦਾ ਤੇ ਬਲਦ ਜੋੜ ਹਲ਼ ਵਾਹੁਣ ਤੁਰ ਪੈਂਦਾ। ਪਿਤਾ ਜੀ ਸਵੇਰੇ ਪਾਠ ਤੋਂ ਵਿਹਲੇ ਹੋ ਕੇ ਮੁਰੱਬੇ ਪਹੁੰਚਦੇ ਤੇ ਪੱਠੇ ਦੱਥੇ ਦਾ ਕੰਮ ਜਾਂ ਗੋਡੀ-ਗੁਡਾਈ ਦਾ ਕੰਮ ਕਰਦੇ ਕਰਾਉਂਦੇ। ਬਹੁਤ ਵਾਰ ਉਹ ਬਾਗ਼-ਬਗੀਚੇ ਦੀ ਗੋਡੀ, ਸਫ਼ਾਈ ਤੇ ਸਿੰਜਾਈ ਵਿਚ ਰੁੱਝ ਜਾਂਦੇ। ਜਾਣਕਾਰ ਲੋਕ ਤੇ ਸਾਡੇ ਕਾਮੇਂ ਦੱਸਦੇ ਕਿ ਉਹ ਕਣਕ ਵੱਢਣ ਵਿਚ ਬੜੇ ਮਾਹਰ ਤੇ ਚੁਸਤ ਸਨ। ਉਹਨਾਂ ਦਿਨਾਂ ਵਿਚ ਜਿਹੜਾ ਬੰਦਾ ਪੂਰਾ ਖੇਤ, ਸਵੇਰ ਤੋਂ ਸ਼ਾਮ ਤੀਕ ਵੱਢ ਦੇਵੇ, ਉਸਦਾ ਸਿੱਕਾ ਮੰਨਿਆ ਜਾਂਦਾ ਸੀ। ਭਾਵੇਂ ਪਿਤਾ ਜੀ ਸ਼ਰਤ ਲਾ ਕੇ ਤਾਂ ਪੂਰਾ ਖੇਤ ਨਹੀਂ ਸੀ ਵੱਢਦੇ ਹੁੰਦੇ, ਪਰ ਉਹਨਾਂ ਬਾਰੇ ਇਹ ਮਸ਼ਹੂਰ ਸੀ ਕਿ ਉਹ ਵਾਢੀ ਕਰਦੇ ਮੱਕੜਾ ਅਥਵਾ ਢੇਰੀ ਨੂੰ ਸੰਵਾਰ ਕੇ ਰੱਖਦੇ ਤੇ ਵੇਖਦੇ ਹੀ ਵੇਖਦੇ ਕਿਆਰੇ ਦੇ ਸਿਰੇ ਉੱਤੇ ਜਾ ਨਿਕਲਦੇ ਸਨ। ਖੇਤੀ ਦੇ ਮਾਮਲੇ ਵਿਚ ਉਹਨਾਂ ਦੇ ਕੰਮ ਵਿਚ ਸਫ਼ਾਈ ਤੇ ਸਲੀਕਾ ਹੁੰਦਾ ਸੀ। ਅਸੀਂ ਕਈ ਵਾਰ ਉਹਨਾਂ ਨਾਲ ਕੰਮ ਕਰਦੇ ਵੇਖਿਆ ਸੀ ਕਿ ਉਹ ਥੱਕਦੇ ਕਦੇ ਨਹੀਂ ਸਨ। ਗੁੜ ਤੇ ਸ਼ੱਕਰ ਬਣਾਉਣ ਦੇ ਉਹ ਮਾਹਰ ਸਨ। ਐਸੇ ਸਲੀਕੇ ਨਾਲ ਕੜ੍ਹ ਰਹੀ ਪੱਤ ਦੀ ਮੈਲ਼ ਲਾਹੁੰਦੇ ਕਿ ਜਦੋਂ ਗੁੜ ਬਣਦਾ, ਤਾਂ ਜਾਪਣਾ ਜਿਵੇਂ ਵੇਸਣ ਦੀਆਂ ਟੁਕੜੀਆਂ ਕਰਦ ਨਾਲ ਕੱਟ ਕੇ ਬਣਾਈਆਂ ਗਈਆਂ ਹੋਣਾ।

ਇੰਝ ਹੀ ਕੰਮ ਖ਼ਤਮ ਕਰਕੇ, ਕਹੀ ਜਾਂ ਰੰਬੇ ਦੀ ਪੂਰੀ ਤਰ੍ਹਾਂ ਸਫ਼ਾਈ ਕਰ ਕੇ ਰੱਖਦੇ ਸਨ ਤੇ ਨਾਲ਼ ਦੀ ਨਾਲ਼ ਸਾਨੂੰ ਵੀ ਸਮਝਾਉਂਦੇ ਕਿ ਸੰਦ ਨੂੰ ਸਾਫ਼ ਕਿਵੇਂ ਕਰਨਾ ਹੈ। ਕਈ ਵਾਰ ਸਾਡੀਆਂ ਜੁੱਤੀਆਂ ਪੈਰੋਂ ਲੁਹਾ ਕੇ ਸਾਫ਼ ਕਰਵਾਉਂਦੇ ਤੇ ਆਖਦੇ, "ਇਹ ਹੈ ਤਰੀਕਾ ਜੁੱਤੀ ਸਾਫ਼ ਕਰਨ ਦਾ।" ਉਹ ਸਵੇਰੇ ਦਾਤਣ ਕੇਵਲ ਖ਼ੁਦ ਹੀ ਨਹੀਂ ਸੀ ਕਰਦੇ, ਸਗੋਂ ਕਿੱਕਰ ਦੀਆਂ ਦੋ ਚਾਰ ਦਾਤਣਾਂ ਵਾਧੂ ਵੀ ਬਣਾ ਲੈਂਦੇ ਤੇ ਸਾਡੇ ਵਰਗੇ ਲਾਪ੍ਰਵਾਹਾਂ ਨੂੰ ਦਿੰਦੇ ਕਿ "ਲਉ ਕਰੋ ਦਾਤਣ।" ਹੌਲ਼ੀ ਹੌਲ਼ੀ ਸਾਡੀ ਵੀ ਆਦਤ ਪੱਕਦੀ ਗਈ ਕਿ ਉੱਠਦੇ ਸਾਰ ਮੂੰਹ-ਹੱਥ ਧੋ ਕੇ ਦਾਤਣ ਕਰਨੀ।

ਪਿੰਡ ਦਾ ਤਕੜੇ ਤੋਂ ਤਕੜਾ ਕਾਮਾ ਉਹਨਾਂ ਦੇ ਮੁਕਾਬਲੇ ਉੱਤੇ ਖੇਤੀ ਦੇ ਕਿਸੇ ਕੰਮ ਵਿਚ, ਉਹਨਾਂ ਨੂੰ ਮਾਤ ਨਹੀਂ ਸੀ ਪਾ ਸਕਦਾ। ਇਸ ਕਾਰਨ ਕਈ ਸੇਪੀ ਕਰਨ ਵਾਲੇ ਕਾਮੇਂ ਉਹਨਾਂ ਨਾਲ ਸਾਲ ਭਰ ਕੰਮ ਕਰਨ ਤੋਂ ਝਿਜਕਦੇ ਸਨ।

V

ਸਾਡੇ ਪਿੰਡ ਵਿਚ, ਸ਼੍ਰੋਮਣੀ ਗੁਰਦੁਆਰਾ-ਪ੍ਰਬੰਧਕ ਕਮੇਟੀ ਵਲੋਂ ਚੌਥੀ ਤੀਕ ਪ੍ਰਾਇਮਰੀ ਸਕੂਲ ਚੱਲ ਰਿਹਾ ਸੀ। ਇਸ ਵਿਚ ਇਕ ਅਧਿਆਪਕ ਹੁੰਦਾ ਸੀ, ਜਿਸ ਦੀ ਤਨਖਾਹ ਕਮੇਟੀ ਵਲੋਂ ਆਉਂਦੀ ਸੀ। ਇਸ ਵਿਚਲੀ ਸਾਰੀ ਪੜ੍ਹਾਈ ਪੰਜਾਬੀ ਵਿਚ ਹੁੰਦੀ ਸੀ। ਅਸੀਂ ਪ੍ਰਾਇਮਰੀ ਤੀਕ ਦੀ ਪੜ੍ਹਾਈ ਏਸੇ ਹੀ ਸਕੂਲ ਵਿਚ ਕੀਤੀ। ਹੁਣ ਅੱਗੋਂ ਪੜ੍ਹਨ ਦੀ ਸਮੱਸਿਆ ਸੀ। ਅੱਗੇ ਪੰਜਾਬ ਸਰਕਾਰ ਦੀ ਸਾਰੀ ਪੜ੍ਹਾਈ ਦਾ ਮਾਧਿਅਮ ਉਰਦੂ ਸੀ।

ਪਿਤਾ ਜੀ ਨੇ ਸਾਨੂੰ ਉਰਦੂ ਸਿਖਾਉਣ ਲਈ ਪਿੰਡ ਦੇ ਏਸੇ ਹੀ ਟੀਚਰ ਨਾਲ ਗੱਲ ਕੀਤੀ ਕਿ ਉਹ ਸਾਨੂੰ ਸਾਲ ਭਰ ਉਰਦੂ ਪੜ੍ਹਾਵੇ ਤੇ ਸਿਖਾਵੇ। ਇਸ ਪਿੱਛੋਂ ਹੀ ਅਸੀਂ ਲਾਗਲੇ ਕਿਸੇ ਹਾਈ ਸਕੂਲ ਵਿਚ ਪੰਜਵੀਂ ਵਿਚ ਦਾਖ਼ਲ ਹੋ ਸਕਦੇ ਸੀ। ਭਲਾ ਉਹਨਾਂ ਨੂੰ ਇਹ ਜੁਗਤ ਕਿੱਥੋਂ ਸੁਝੀ? ਜ਼ਰੂਰ ਉਹਨਾਂ ਨੇ ਕਿਸੇ ਸਿਆਣੇ ਤੇ ਤਜ਼ਰਬੇਕਾਰ ਬੰਦੇ ਦੀ ਸਲਾਹ ਲਈ ਹੋਵੇਗੀ। ਜੇ ਅਸੀਂ ਉਰਦੂ ਨਾ ਸਿੱਖਦੇ, ਤਾਂ ਸਾਡੀ ਪੜ੍ਹਾਈ ਏਥੇ ਹੀ ਰੁੱਕ ਜਾਣੀ ਸੀ।

ਸਾਥੋਂ ਪਹਿਲਾਂ ਸਾਡੇ ਤਾਏ ਦਾ ਲੜਕਾ ਜਿੰਦਾ ਪੰਜਵੀਂ ਵਿਚ ਦਾਖ਼ਲ ਹੋਣ ਲਈ ਬਾਹਮਣੀ ਵਾਲੇ ਹਾਈ ਸਕੂਲ ਵਿਚ ਜਾਂਦਾ ਹੁੰਦਾ ਸੀ। ਉਹ ਸਕੂਲ ਸਾਡੇ ਪਿੰਡੋਂ ਦੂਰ ਸੀ, ਜਿੱਥੇ ਰੋਜ਼ਾਨਾ ਜਾਣਾ ਤੇ ਆਉਣਾ ਔਖਾ ਸੀ। ਸਾਡੇ ਵੇਲੇ ਸਾਡੇ ਪਿੰਡ ਤੋਂ ਇਕ ਕੋਹ ਦੂਰ ਰੱਤੇ-ਚੋਏ ਵਿਚ ਇਕ ਪ੍ਰਾਈਵੇਟ ਮਿਡਲ ਸਕੂਲ ਖੁੱਲ੍ਹ ਗਿਆ ਸੀ। ਇਕ ਸਾਲ ਉਰਦੂ ਸਿੱਖ-ਸਿਖਾ ਕੇ ਅਸੀਂ ਅੱਗੇ ਰੱਤੇ-ਚੋਏ ਜਾ ਦਾਖ਼ਲ ਹੋਏ। ਇਹ ਫੈਸਲਾ ਵੀ ਪਿਤਾ-ਜੀ ਦਾ ਹੀ ਸੀ। ਉਹਨਾਂ ਸਾਹਮਣੇ ਇਹ ਨਿਸ਼ਾਨਾ ਸਪੱਸ਼ਟ ਸੀ ਕਿ ਬੱਚਿਆਂ ਨੂੰ ਹਰ ਹਾਲਤ ਵਿਚ ਪੜ੍ਹਾਈ ਕਰਵਾਉਣੀ ਹੈ। ਉਹਨਾਂ ਦੇ ਇਸ ਵਿਸ਼ਵਾਸ ਦੇ ਬਣਨ ਵਿਚ, ਉਹਨਾਂ ਦੀ ਉਸ ਰਾਜਸੀ ਚੇਤਨਾ ਦਾ ਵੱਡਾ ਹਿੱਸਾ ਸੀ, ਜੋ ਉਹਨਾਂ ਨੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਚੁਣੇ ਜਾਣ ਦੇ ਤਜ਼ਰਬੇ ਵਿੱਚੋਂ ਪ੍ਰਾਪਤ ਕੀਤੀ ਸੀ। ਸਾਡੇ ਸਾਰੇ ਪਿੰਡ ਵਿੱਚੋਂ ਪੰਜ ਸੱਤ ਹੀ ਮੁੰਡੇ ਸਨ, ਜੋ ਰੱਤੇ-ਚੋਏ ਪੜ੍ਹਨ ਲਈ ਜਾਂਦੇ ਹੁੰਦੇ ਸਨ। ਬਾਕੀ ਸਾਰੇ ਬੱਚੇ ਪਿੰਡ ਵਿੱਚੋਂ ਪ੍ਰਾਇਮਰੀ ਪਾਸ ਕਰਕੇ ਪੜ੍ਹਨੋਂ ਹੱਟ ਜਾਂਦੇ ਸਨ ਤੇ ਖੇਤੀ ਦੇ ਕੰਮ ਵਿਚ ਰੁੱਝ ਜਾਂਦੇ ਸਨ।

ਅੰਮ੍ਰਿਤਸਰ ਜਾਂਦੇ ਆਉਂਦੇ ਉਹਨਾਂ ਸਾਡੇ ਲਈ ਸ. ਨਾਨਕ ਸਿੰਘ ਨਾਵਲਕਾਰ ਦਾ "ਸਤਿਗੁਰ ਮਹਿਮਾ" ਗੁਟਕਾ ਖਰੀਦ ਲਿਆਂਦਾ ਸੀ ਤੇ ਪਿੰਡ ਵਿਚ, ਕਿਸੇ ਵਿਆਹ-ਸ਼ਾਦੀ ਦੇ ਮੌਕੇ ਜਾਂ ਗੁਰਦਵਾਰੇ ਵਿਚ ਕਿਸੇ ਗੁਰ-ਪੁਰਬ ਮੌਕੇ ਉਹ ਸਾਨੂੰ ਇਸ ਵਿੱਚੋਂ ਕੋਈ ਗੀਤ ਜਾਂ ਕਵਿਤਾ ਗਾਉਣ ਜਾਂ ਪੇਸ਼ ਕਰਨ ਲਈ ਪ੍ਰੇਰਦੇ ਰਹਿੰਦੇ ਸਨ। ਇੰਝ ਸਟੇਜ ਤੇ ਆਉਣ ਨਾਲ ਸਾਡਾ ਝਕ ਖੁੱਲ੍ਹ ਗਿਆ ਸੀ।

VI

ਪਿਤਾ ਜੀ ਦਾ ਜੀਵਨ ਰੁਝੇਵਿਆਂ ਭਰਿਆ ਸੀ। ਉਹ ਨਿੱਤ ਹੀ ਕਿਤੇ ਨਾ ਕਿਤੇ ਤੁਰੇ ਰਹਿੰਦੇ। ਕਦੇ ਅੰਮ੍ਰਿਤਸਰ, ਕਦੇ ਲਾਹੌਰ ਤੇ ਕਦੇ ਲਾਇਲਪੁਰ। ਲਾਇਲਪੁਰ ਸਾਡਾ ਜ਼ਿਲ੍ਹਾ-ਕੇਂਦਰ ਸੀ। ਇਸ ਦੀ ਸਮੁੱਚੀ ਬਣਤਰ ਵੇਖਣ ਵਾਲੀ ਸੀ। ਪੁੱਛਣ ਉੱਤੇ ਉਹ ਇਸ ਸ਼ਹਿਰ ਦਾ ਨਕਸ਼ਾ ਦੱਸਦੇ। ਸ਼ਹਿਰ ਦੇ ਵਿਚਕਾਰ ਘੰਟਾ-ਘਰ ਸੀ। ਉਥੋਂ ਬਾਹਰ ਵੱਲ ਨੂੰ ਕਈ ਸਿੱਧੀਆਂ ਸੜਕਾਂ ਨਿਕਲ਼ਦੀਆਂ ਸਨ। ਤੁਸੀਂ ਸ਼ਹਿਰ ਦੀ ਕਿਸੇ ਥਾਂ ਚਲੇ ਜਾਓ, ਹਰ ਥਾਂ ਤੋਂ ਘੰਟਾ-ਘਰ ਦਿਸਦਾ ਸੀ। ਇਸ ਭੀੜਾਂ ਭਰੇ ਸ਼ਹਿਰ ਵਿਚ ਬੰਦਾ ਰਾਹ ਨਹੀਂ ਸੀ ਭੁੱਲ ਸਕਦਾ।

ਇੱਕ ਵਾਰ ਪਿਤਾ ਜੀ ਮੈਨੂੰ ਨਾਲ ਲੈ ਗਏ। ਪਹਿਲਾਂ ਅਸੀਂ ਸਾਈਕਲ ਉੱਤੇ ਸਲਾਰ ਵਾਲੇ ਸਟੇਸ਼ਨ ਪਹੁੰਚੇ ਤੇ ਉੱਥੋਂ ਗੱਡੀ ਰਾਹੀਂ ਲਾਇਲਪੁਰ। ਉੱਥੇ ਕੋਈ ਅਕਾਲੀ ਕਾਨਫਰੰਸ ਸੀ। ਮੈਂ ਜਿੱਧਰ ਵੀ ਜਾਂਦਾ, ਅੱਗਿਓਂ ਘੁੰਮ ਫਿਰ ਕੇ ਘੰਟਾ-ਘਰ ਆ ਜਾਂਦਾ ਉੱਥੇ ਪਹੁੰਚ ਮੈਂ ਗੁਰਦੁਆਰੇ ਵਾਲੀ ਗਲ਼ੀ ਲੱਭ ਲੈਂਦਾ। ਹਰ ਗਲ਼ੀ ਦਾਇਰੇ ਦੇ ਰੂਪ ਵਿਚ ਬਣੀ ਹੋਈ ਸੀ।

ਮੈਂ ਲਾਹੌਰ ਕਦੇ ਘੁੰਮ ਕੇ ਨਹੀਂ ਸੀ ਵੇਖਿਆ। ਨਾਨਕਿਆਂ ਨੂੰ ਜਾਂਦਿਆਂ, ਲਾਹੌਰ ਤੋਂ ਅੰਮ੍ਰਿਤਸਰ ਤੇ ਬਿਆਸ ਨੂੰ ਜਾਣ ਵਾਲੀ ਗੱਡੀ ਬਦਲੀਦੀ ਸੀ। ਬੱਸ ਲਾਹੌਰ ਦੀ ਉਹੀ ਥਾਂ ਚੇਤੇ ਸੀ, ਜਿੱਥੇ ਆਪਣੀ ਬੁਚਕੀ ਲਾਗੇ ਬੈਠ ਗੱਡੀ ਉਡੀਕੀਦੀ ਸੀ। ਬਿਆਸ ਦੇ ਸਟੇਸ਼ਨ ਉੱਤੇ ਗੱਡੀ ਤੋਂ ਉੱਤਰਦੇ, ਤਾਂ ਅੱਗੇ ਮਾਮਾ ਜੀ ਘੋੜੀ ਲੈ ਕੇ ਖਲੋਤੇ ਸਾਨੂੰ ਮਾਂ-ਪੁੱਤ ਨੂੰ ਉਡੀਕ ਰਹੇ ਹੁੰਦੇ। ਨਾਨਕੇ ਮਹੀਨਾ ਦੋ ਮਹੀਨੇ ਕੱਟ, ਫਿਰ ਵਾਪਸ ਆਪਣੇ ਬਾਰ ਵਾਲੇ ਪਿੰਡ ਪਰਤਦੇ। ਮੈਨੂੰ ਗੱਡੀ ਦੇ ਹੂਟੇ ਨਹੀਂ ਭੁੱਲਦੇ। ਇੰਝ ਲੱਗਦਾ ਜਿਵੇਂ ਦਰੱਖਤ ਘੁੰਮ ਰਹੇ ਹੁੰਦੇ।

ਅਜੇਹੇ ਸ਼ਾਂਤ ਵਾਤਾਵਰਨ ਵਿਚ ਵੱਸਦੇ ਰੱਸਦਿਆਂ ਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਇਹ ਧਰਤੀ ਸਾਨੂੰ ਛੱਡਣੀ ਪਵੇਗੀ। ਅਖ਼ਬਾਰਾਂ ਵਿਚ ਸੰਨ-ਸੰਤਾਲੀ ਦੀਆਂ ਕਨਸੋਆਂ ਆਉਣ ਲੱਗ ਪਈਆਂ ਸਨ। ਪਿਤਾ ਜੀ ਗਤਕੇ ਦੇ ਮਾਹਰ ਸਨ। ਉਹ ਸਾਨੂੰ ਦਸਾਂ ਪੰਦਰਾਂ ਨੌਜਵਾਨਾਂ ਨੂੰ ਬਾਹਰ ਖੇਤਾਂ ਵਿਚ ਲੈ ਜਾਂਦੇ, ਤੇ ਗਤਕੇ ਦਾ ਅਭਿਆਸ ਕਰਾਉਂਦੇ। ਅਣਜਾਣ ਅਸੀਂ ਤੂਤਾਂ ਦੀਆਂ ਸੋਟੀਆਂ ਨਾਲ ਇਕ ਦੂਜੇ ਦੇ ਮੌਢੇ ਸੇਕਦੇ। ਹੌਲੀ ਹੌਲੀ ਖ਼ਬਰਾਂ ਹੋਰ ਭਿਆਨਕ ਹੁੰਦੀਆਂ ਗਈਆਂ। ਇਕ ਦਿਨ ਹਫੜਾ-ਦਫੜੀ ਪੈ ਗਈ। ਪਿੰਡ ਉੱਠ ਜਾਣ ਦਾ ਹੁਕਮ ਹੋ ਗਿਆ। ਗੱਡੇ ਜੋ ਅਸੀਂ ਚੜ੍ਹਦੇ ਵੱਲ ਨੂੰ ਮੂੰਹ ਕਰੀ ਕਾਫ਼ਲੇ ਦੀ ਸ਼ਕਲ



ਵਿਚ ਤੁਰ ਪਏ। ਕਿੱਧਰ ਜਾਣਾ ਸੀ, ਕਿਸੇ ਨੂੰ ਪਤਾ ਨਹੀਂ ਸੀ। ਪੰਜ-ਸੱਤ ਕੋਹ ਤੁਰ ਇਕ ਲਾਗਲੇ ਪਿੰਡ ਜਾ ਡੇਰੇ ਲਾਏ। ਉੱਥੋਂ ਮਹੀਨੇ ਬਾਅਦ ਵੱਡੇ ਕਾਫ਼ਲੇ ਦੀ ਸ਼ਕਲ ਵਿਚ ਰਗੜੇ ਖਾਂਦੇ, ਕਸੂਰ ਸ਼ਹਿਰ ਵਿੱਚੋਂ ਦੀ ਲੰਘ, ਖੇਮਕਰਨ ਵੱਲ ਦੀ, ਹਫਤੇ ਦਸਾਂ ਦਿਨਾਂ ਬਾਅਦ ਅਸੀਂ, ਤਰਨ-ਤਾਰਨ ਰਾਹੀਂ ਆਪਣੇ ਜੱਦੀ ਪਿੰਡ ਬੰਡਾਲੇ ਆ ਪਹੁੰਚੇ। ਬਾਰ ਦੇ ਮੁਰੱਬੇ, ਖੇਤ ਤੇ ਬਾਗ਼ ਬੀਤੇ ਦੀ ਯਾਦ ਬਣ ਕੇ ਰਹਿ ਗਏ। ਸ਼ੁਕਰ ਕਿ ਹੋਰਨਾਂ ਦੁਖਿਆਰੇ ਸ਼ਰਨਾਰਥੀਆਂ ਵਾਂਗ ਰਾਹ ਵਿਚ ਵੱਢੇ-ਕੱਟੇ ਜਾਣ ਤੋਂ ਬਚ ਕੇ, ਸਰਹੱਦ ਪਾਰ ਕਰ ਜਾਨਾਂ ਬਚਾ, ਅਸੀਂ ਨਵੇਂ ਦੇਸ਼ ਆ ਪਹੁੰਚੇ।

**ਦੂਜਾ ਹਿੱਸਾ**

I

ਏਧਰ ਆ ਇਕ ਨਵਾਂ ਜੀਵਨ ਸ਼ੁਰੂ ਹੋਇਆ। ਪਿਤਾ ਜੀ ਹਰ ਦੂਜੇ ਚੌਥੇ ਜ਼ਮੀਨ ਅਲਾਟ ਕਰਾਉਣ ਲਈ ਜਲੰਧਰ ਤੁਰੇ ਰਹਿੰਦੇ। ਉਥੋਂ ਵਾਪਸ ਆ ਕੇ ਉਹ ਰਾਤ ਨੂੰ ਸਾਡੇ ਤਾਏ ਤਾਰਾ ਸਿੰਘ ਨੂੰ ਆਪਣੀ ਕੀਤੀ ਕਾਰਵਾਈ ਦੱਸਦੇ। ਸਕੂਲ ਬੰਦ ਸਨ ਤੇ ਅਸੀਂ ਵਿਹਲੇ। ਕੁਝ ਦਿਨਾਂ ਲਈ ਮਾਮਾ ਜੀ ਆ ਕੇ ਬੁਤਾਲੇ ਲੈ ਗਏ। ਹੌਲ਼ੀ ਹੌਲ਼ੀ ਹਾਲਾਤ ਸ਼ਾਂਤ ਹੁੰਦੇ ਗਏ। ਉਜੜੇ ਲੋਕ ਵੱਸਣ ਲੱਗੇ। ਕੁਝ ਜੀਅ ਪਿਤਾ ਜੀ ਦੇ ਨਾਨਕੇ ਪਿੰਡ ਚੌੜੇ-ਮਧਰੇ ਜਾ ਟਿਕੇ। ਹੌਲ਼ੀ ਹੌਲ਼ੀ ਠੰਢ-ਠੰਢੋਰਾ ਹੋਣ ਲੱਗ। ਸਕੂਲ ਖੁੱਲ੍ਹਣ ਲੱਗੇ। ਚੌੜੇ-ਮਧਰੇ ਰਹਿੰਦਿਆਂ ਪਿਤਾ ਜੀ ਨੂੰ ਸਾਡੀ ਪੜ੍ਹਾਈ ਦੀ ਚਿੰਤਾ ਹੋਣ ਲੱਗਾ। ਇਕ ਦਿਨ ਉਹ ਪਤਾ ਕਰਨ ਗਏ ਕਿ ਲਾਗੇ ਚਾਗੇ ਕਿਹੜਾ ਸਕੂਲ ਪੈਂਦਾ ਸੀ। ਪਿਤਾ ਜੀ ਕੋਲ ਇਕ ਪੁਰਾਣਾ ਸਾਈਕਲ ਸੀ। ਜਿਸ ਨੂੰ ਥਾਂ ਥਾਂ ਤੇ ਟਾਂਕੇ ਲੱਗੇ ਹੋਏ ਸਨ। ਉਹ ਉਹਨਾਂ ਦਾ ਹੈਲੀ-ਕੌਪਟਰ ਸੀ, ਪੈਂਚਰ ਦਾ ਸਾਮਾਨ ਉਨ੍ਹਾਂ ਦੇ ਝੋਲੇ ਵਿਚ ਹੁੰਦਾ ਸੀ ਤੇ ਗਲ਼ ਵਿਚ ਗਾਤਰਾ। ਜਿੱਥੇ ਕਿਤੇ ਉਸ ਵਿਚ ਨੁਕਸ ਪੈ ਜਾਂਦਾ, ਉਹ ਖ਼ੁਦ ਹੀ ਠੀਕ ਕਰ ਲੈਂਦੇ।

ਇਹੀ ਸਾਈਕਲ ਲੈ, ਇਕ ਦਿਨ ਆ ਕੇ ਦੱਸਣ ਲੱਗੇ ਕਿ ਮੈਂ ਨਵਾਂ ਸਕੂਲ ਵੇਖ ਆਇਆ ਹਾਂ। ਏਥੋਂ ਚੌੜੇ-ਮਸਰਿਆਂ ਤੋਂ ਪੰਜ ਛੇ ਕੋਹ ਦੂਰ ਇਕ ਨਵਾਂ ਸਕੂਲ ਖੁੱਲ੍ਹਾ ਹੈ। ਨਾਂ ਸੀ, ਹਰ ਪੁਰਾ-ਧੰਦੋਈ। ਉੱਥੇ ਸਾਨੂੰ ਦੋਹਾਂ ਭਰਾਵਾਂ ਨੂੰ ਦਾਖ਼ਲ ਕਰਵਾ ਆਏ। ਨਵਾਂ ਸਕੂਲ, ਨਵੇਂ ਟੀਚਰ ਤੇ ਨਵਾਂ ਮਾਹੌਲ। ਮਹੀਨਾ ਦਸ ਦਿਨ ਹਏ ਤੇ ਫ਼ੈਸਲਾ ਹੋਇਆ ਕਿ ਹੁਣ ਵਾਪਸ ਜੱਦੀ ਪਿੰਡ ਬੰਡਾਲੇ ਚੱਲੋ। ਉਥੇ ਰਹਿ ਕੇ ਤੁਹਾਡੀ ਪੜ੍ਹਾਈ ਚਾਲੂ ਹੋਵੇਗੀ। ਬਾਕੀ ਪਰਿਵਾਰ ਨਵੀਂ ਅਲਾਟ ਹੋਈ ਜ਼ਮੀਨ ਉੱਤੇ ਜਾ ਆਬਾਦ ਹੋਵੇਗਾ। ਸੋ ਅਸੀਂ ਦੋਵੇਂ ਭਰਾ ਆ ਕੇ ਜੰਡਿਆਲਾ-ਗੁਰੂ ਦੇ ਐਮ. ਬੀ. ਹਾਈ ਸਕੂਲ ਵਿਚ ਦਾਖ਼ਲ ਹੋ ਗਏ।

ਪਹਿਲਾਂ ਕੱਚੀ ਅਲਾਟਮੈਂਟ ਰਾਮ-ਦੁਆਲੀ ਪਿੰਡ ਦੇ ਲਾਗੇ 'ਬੱਗੇ' ਪਿੰਡ ਵਿਚ ਹੋਈ। ਝਗੜੇ ਤੇ ਕਤਲ ਦੀ ਇਕ ਵਾਰਦਾਤ ਕਾਰਨ ਉਹ ਕੈਂਸਲ ਕਰਾਉਣੀ ਪਈ। ਫਿਰ ਨਵੇਂ ਸਿਰਿਓਂ ਭੋਂ ਲੱਭਣੀ ਪਈ। ਏਨੇ ਚਿਰ ਵਿਚ ਚੰਗੀਆਂ ਉਪਜਾਊ ਜ਼ਮੀਨਾਂ ਅਲਾਟ ਹੋ ਚੁੱਕੀਆਂ ਸਨ। ਪਿਤਾ ਜੀ ਫਿਰ ਮੁੜ-ਵਸਾਊ ਮਹਿਕਮੇ ਦੇ ਦਫ਼ਤਰ ਦੇ ਗੇੜੇ ਕੱਢਣ ਲੱਗੇ। ਧੰਨ ਸੀ ਉਹਨਾਂ ਦੀ ਲਗਨ ਤੇ ਸਿਰੜ। ਹਰ ਦੂਜੇ ਚੌਥੇ ਤੁਰੇ ਰਹਿੰਦੇ। ਅਸੀਂ ਦੋਵੇਂ ਭਰਾ ਨਵੇਂ ਸਕੂਲੇ, ਪੜ੍ਹਾਈ ਵਿਚ ਰੁੱਝ ਗਏ। ਘਰ ਦੇ ਸਾਰੇ ਜੀਆਂ ਦੀ ਚਿੰਤਾ ਪਿਤਾ ਜੀ ਨੂੰ ਸੀ। ਦਾਣਾ-ਫੱਕਾ, ਲੀੜਾ-ਕੱਪੜਾ, ਫੀਸਾਂ ਤੇ ਘਰ ਦੇ ਹੋਰ ਖਰਚੇ। ਪਰ ਉਹ ਕਦੇ ਘਾਬਰੇ ਨਹੀਂ ਸਨ। ਤਾਏ ਤਾਰਾ ਸਿੰਘ ਦਾ ਕੰਮ ਸੀ, ਬਾਕੀ ਲੋੜਾਂ ਦਾ ਪ੍ਰਬੰਧ ਕਰਨਾ। ਜਿੱਥੋਂ ਲੋੜ ਪੈਂਦੀ ਉਹ ਲੋੜੀਂਦੀ ਚੀਜ਼ ਮੰਗ ਲਿਆਉਂਦੇ ਤੇ ਵੇਲਾ ਕੱਢ ਲੈਂਦੇ। ਦੋਵੇਂ, ਭਰਾਵਾਂ ਦਾ ਇਕ ਦੂਜੇ ਉੱਤੇ ਵਿਸ਼ਵਾਸ ਸੀ। ਨਵੇਂ ਥਾਂ ਆ ਕੇ ਗੱਡੀ ਰਿੜ੍ਹ ਪਈ ਸੀ। ਮੈਂ ਸੋਚਦਾ, ਪਿਤਾ ਜੀ ਖਰਚਾ ਕਿਵੇਂ ਚਲਾਉਂਦੇ ਸਨ ? ਦਾਦੀ-ਅੰਮਾਂ ਕੋਲ਼ ਜੋ ਕੁਝ ਰੱਖਿਆ-ਰਖਾਇਆ ਸੀ, ਉਸ ਨੂੰ ਭੋਰ ਭੋਰ ਖਾਣ ਲੱਗੇ। ਹੌਲ਼ੀ ਹੌਲ਼ੀ ਉਹ ਪੂੰਜੀ ਵੀ ਘੱਟਣ ਲੱਗੀ। ਪਰ ਪਿਤਾ ਜੀ ਦਾ ਇਰਾਦਾ ਚੱਟਾਨ ਵਰਗਾ ਸੀ। ਉਹ ਡੋਲਦੇ ਥਿੜਕਦੇ ਨਹੀਂ ਸਨ। ਬਦਲਦੇ ਹਾਲਾਤ ਵਿਚ, ਉਹ ਵੀ ਬਹੁਤ ਬਦਲ ਗਏ ਸਨ।

II

ਇਕ ਸਮਾਂ ਅਜੇਹਾ ਵੀ ਆਇਆ ਕਿ ਸਾਡਾ ਪਰਿਵਾਰ, ਸਾਡੀ ਪੜ੍ਹਾਈ ਕਾਰਨ ਤਿੰਨ ਚਾਰ ਥਾਂ ਵੰਡਿਆ ਗਿਆ। ਨਵੀਂ ਥਾਂ ਜ਼ਮੀਨ ਦੁਬਾਰਾ ਅਲਾਟ ਹੋ ਗਈ। ਪਰ ਹੁਣ ਇਹ ਵਧੀ-ਘਟੀ ਨਿਕੰਮੀ ਜ਼ਮੀਨ ਸੀ, ਜੋ ਦਰਿਆ ਬਿਆਸ ਦੇ ਬੇਟ ਵਿਚ ਫਿਲਵਾਂ ਕਸਬੇ ਦੇ ਲਾਗੇ, ਪਰ ਜੀ.ਟੀ. ਰੋਡ ਦੇ ਨਾਲ ਲਗਦੇ ਪਿੰਡ ਫੱਤੂ ਚੱਕ ਵਿਚ ਸੀ। ਇਹ ਜ਼ਮੀਨ ਕਲਰਾਠੀ ਵੀ ਸੀ ਤੇ ਘਟੀਆ ਹੋਣ ਕਾਰਨ ਕੁਝ ਵੱਧ ਵੀ ਮਿਲ ਗਈ ਸੀ, ਪਰ ਸੀ ਗ਼ੈਰ-ਉਪਜਾਊ ਤੇ ਹੜ੍ਹਾਂ-ਮਾਰੀ। ਹਰ ਸਾਲ ਸਾਵਣ ਤੇ ਭਾਦਰੋਂ ਦੇ ਮਹੀਨਿਆਂ ਵਿਚ ਅਕਸਰ ਹੀ ਹੜ੍ਹ ਆਏ ਰਹਿੰਦੇ। ਕਈ ਵਾਰ ਪੰਜ-ਸੱਤ ਵਾਰ ਹੜ੍ਹ ਦਾ ਪਾਣੀ ਚੜ੍ਹ ਆਉਂਦਾ ਤੇ ਰੇਲਵੇ ਦੀਆਂ ਪੁਲੀਆਂ ਹੇਠ ਦੀ ਸਾਡੇ ਖੇਤਾਂ ਵਿੱਚੋਂ ਦੀ ਵਗਣ ਲੱਗਦਾ। ਸਾਉਣੀ ਦੀ ਫ਼ਸਲ ਮਾਰੀ ਜਾਂਦੀ। ਖੂਹਾਂ ਦੀ ਵਾਹੀ ਸੀ। ਪਹਿਲ਼ਾਂ ਹਲ਼ਾਂ ਨਾਲ ਪੈਲੀ ਵਾਹੋ ਤੇ ਫਿਰ ਪਾਣੀ ਲਾਉਣ ਲਈ ਉਹਨਾਂ ਹੀ ਬਲ਼ਦਾਂ ਨਾਲ ਖੂਹ ਚਲਾਓ। ਹੌਲ਼ੀ ਹੌਲ਼ੀ ਬਾਰ ਵਿੱਚੋਂ ਲਿਆਂਦੇ ਬਾਂਗਰ ਦੇ ਬਲ਼ਦ ਭੁੱਖ ਹੱਥੋਂ ਮਰ ਗਏ। ਪੁਰਾਣੇ ਲੋਕਾਂ ਕਿਹਾ, 'ਏਥੇ ਬਲ਼ਦ ਨਹੀਂ, ਝੋਟੇ ਠੀਕ ਰਹਿੰਦੇ ਹਨ। ਤਾਏ ਨੇ ਝੋਟੇ ਖਰੀਦ ਲਿਆਂਦੇ। ਉਹ ਵੀ ਪੱਠਿਆਂ ਖੁਣੋਂ ਛੇਤੀ ਹੀ ਮਰ-ਖਪ ਗਏ। ਸਾਨੂੰ ਬਾਰ ਬਾਰ ਪਾਕਿਸਤਾਨ ਵਿਚਲੀ ਜ਼ਮੀਨ ਦਾ ਚੇਤਾ ਆਉਂਦਾ। ਨਹਿਰਾਂ ਦਾ ਪਾਣੀ ਸੋਨਾ ਉਗਾਉਂਦੀ ਭੋਂ, ਮਾਲਟੇ-ਸੰਤਰਿਆਂ ਦਾ ਬਾਗ਼ ਤੇ ਘਰ ਦੀਆਂ ਸੇਊ-ਬੇਰੀਆਂ।

ਹੁਣ ਭੁੱਖ ਤੇ ਤੰਗੀਆਂ ਨਾਲ ਜੂਝਣ ਦਾ ਦੌਰ ਚੱਲ ਰਿਹਾ ਸੀ। ਵੱਡਾ ਭਾਈ ਜੰਡਿਆਲਾ ਗੁਰੂ ਤੋਂ ਮੈਟ੍ਰਿਕ ਕਰ, ਕਪੂਰਥਲੇ ਰਣਧੀਰ ਕਾਲਜ ਗਿਆਰ੍ਹਵੀਂ ਵਿਚ ਜਾ ਦਾਖ਼ਲ ਹੋਇਆ। ਇਕ ਪਾਕਿਸਤਾਨੀ ਚੁਬਾਰੀ ਜੇਹੀ 'ਤੇ ਆਰਜ਼ੀ ਕਬਜ਼ਾ ਕਰ ਲਿਆ। ਦਾਦੀ ਰੋਟੀ ਪਕਾਉਂਦੀ। ਮੈਂ ਤੇ ਮੇਰੀ ਮਾਤਾ, ਮੇਰੀ ਪੜ੍ਹਾਈ ਕਾਰਨ ਹਾਲੀ ਬੰਡਾਲੇ ਹੀ ਰਹੇ। ਕੁਝ ਮੈਂਬਰ ਫੱਤੂ ਚੱਕ ਵਾਹੀ ਜੋਤੀ ਦੀ ਨਿਗਰਾਨੀ ਕਰਦੇ। ਪਿਤਾ ਜੀ ਦੀਆਂ ਲੱਤਾਂ ਚੋਹੀਂ ਪਾਸੀਂ ਅੜੀਆਂ ਹੋਈਆਂ ਸਨ। ਵਾਹੀ ਲਈ ਉਹ ਇਕੱਲੇ ਹੀ ਸਨ। ਖ਼ਬਰ ਨਹੀਂ ਕਾਹਦੇ ਬਣੇ ਹੋਏ ਸਨ। ਕਦੇ ਨਿੱਤ-ਨੇਮ ਵੀ ਨਾ ਭੁੱਲਦੇ। ਹੌਲ਼ੀ ਹੌਲ਼ੀ ਉਹਨਾਂ ਨੇ ਕਪੂਰਥਲੇ ਦੇ ਪਾਕਿਸਤਾਨ ਤੋਂ ਆਏ ਵਾਕਫ਼ ਅਕਾਲੀਆਂ ਨਾਲ ਸੰਪਰਕ ਪੈਦਾ ਕਰ ਲਏ। ਕਪੂਰਥਲੇ ਸ਼ਹਿਰ ਵਿਚ ਬਾਰ ਤੋਂ ਆਏ ਜੱਥੇਦਾਰ ਬੂਟਾ ਸ਼ਿੰਘ ਜ਼ਿਲ੍ਹਾ-ਪ੍ਰਧਾਨ ਹੁੰਦੇ ਸਨ। ਆਤਮਾ ਸਿੰਘ ਸੁਲਤਾਨਪੁਰ ਲੋਧੀ ਦੇ ਹਲਕੇ ਦੇ ਆਗੂ ਸਨ। ਸਾਡੀ ਪੜ੍ਹਾਈ ਦੇ ਸੰਬੰਧ ਵਿਚ ਕੋਈ ਅੜਚਨ ਆਉਂਦੀ ਤਾਂ ਉਹ ਇਹਨਾਂ ਆਗੂਆਂ ਨੂੰ ਜਾ ਮਿਲਦੇ। ਕਾਲਜ ਵਿਚ ਸਾਡਾ ਵਾਹ ਪੰਜਾਬੀ ਦੇ ਪ੍ਰੋਫੈਸਰ ਹਰਾ ਸਿੰਘ ਨਾਲ਼ ਪੈ ਗਿਆ ਅਸੀਂ ਦੋਵੇਂ ਭਰਾ ਹੁਣ ਕਾਲਜ ਵਿਚ ਦਾਖਲ ਸੀ। ਕੋਈ ਔਕੜ ਆਉਂਦੀ ਤਾਂ ਪਿਤਾ ਜੀ ਪ੍ਰੋ. ਹਰਾ ਸਿੰਘ ਹੁਰਾਂ ਨੂੰ ਆ ਮਿਲਦੇ। ਸਾਡਾ ਸਾਰਾ ਰਾਸ਼ਣ-ਪਾਣੀ ਉਹ ਆਪਣੇ ਉਸੇ ਪੁਰਾਣੇ ਸਾਈਕਲ ਉੱਤੇ ਲੱਦ ਕੇ ਸ਼ਹਿਰ ਪਹੁੰਚਾਉਂਦੇ। ਸਾਈਕਲ ਉਹਨਾਂ ਦੇ ਹੱਥਾਂ ਵਿਚ ਪੂਰੇ ਗੱਡੇ ਦਾ ਕੰਮ ਦਿੰਦਾ ਸੀ। ਉਹ ਹਫ਼ਤੇ ਵਿਚ ਇਕ ਵਾਰ ਸਾਡੇ ਕੋਲ ਸ਼ਹਿਰ ਫੇਰੀ ਪਾਉਂਦੇ। ਸਾਈਕਲ ਦੇ ਪਿੱਛੇ ਪਾਥੀਆਂ ਦੀ ਬੋਰੀ ਜਾਂ ਲੱਕੜਾਂ ਦੇ ਕੱਟ ਕੇ ਬੰਨ੍ਹੇ ਟੋਟੇ, ਪੀਸਿਆ, ਆਟਾ, ਦੁੱਧ ਦਾ ਕਰਮੰਡਲ, ਝੋਲੇ ਵਿਚ ਆਂਡੇ ਜਾਂ ਘਰ ਦਾ ਘਿਓ। ਪਹਿਲਾਂ ਸਵੇਰੇ ਉੱਠ ਕੇ ਹਲ਼ ਵਾਹੁੰਦੇ ਜਾਂ ਖੂਹ ਗੇੜਦੇ। ਫਿਰ ਬਲਦਾਂ ਨੂੰ ਪੱਠੇ ਪਾ ਸਾਡੇ ਕੋਲ ਪਹੁੰਚਣ ਦੀ ਤਿਆਰੀ।

ਉਹਨਾਂ ਵਰ੍ਹਿਆਂ ਵਿਚ ਪਾਕਿਸਤਾਨੋਂ ਆ ਕੇ ਬਹੁਤੇ ਲੜਕੇ ਪੜ੍ਹਾਈਆਂ ਛੱਡ ਗਏ ਸਨ। ਘੱਟੋ ਘੱਟ ਦਸ ਸਾਲ ਲੱਗੇ ਸਨ, ਲੋਕਾਂ ਨੂੰ ਨਵੀਆਂ ਥਾਵਾਂ ਤੇ ਆ ਕੇ ਪੈਰ ਜਮਾਉਣ ਵਿਚ। ਅਸੀਂ ਦੋ ਭਰਾ ਕਾਲਜ ਪੜ੍ਹ ਰਹੇ ਸੀ। ਛੋਟਾ ਭਰਾ ਪਿੰਡ ਲਾਗਦੇ ਸਕੂਲ ਵਿਚ ਪੜ੍ਹਦਾ ਸੀ। ਕਮਾਊ ਇੱਕੋ ਜਣਾ ਹੀ ਸੀ, ਸਾਡਾ ਪਿਤਾ। ਪਰ ਉਹਨਾਂ ਕਦੇ ਮੱਥੇ ਵੱਟ ਨਹੀਂ ਸੀ ਪਾਇਆ। ਆਪਣੀ ਰਾਜਸੀ ਸਰਗਰਮੀ ਵੀ ਜਾਰੀ ਰੱਖੀ। ਖ਼ਬਰੇ ਕੌਣ ਭਾਗਾਂ ਵਾਲਾ ਵਿਅਕਤੀ ਸੀ ਉਹ ਜਿਸ ਨੇ ਉਹਨਾਂ ਨੂੰ ਇਹ ਗੱਲ ਪੱਕੀ ਪੱਲੇ ਬੰਨ੍ਹਾ ਦਿੱਤੀ ਕਿ ਬੱਚਿਆਂ ਨੂੰ ਹਰ ਹਾਲਤ ਵਿਚ ਉੱਚੀ ਵਿਦਿਆ ਦਿਵਾਉਣੀ ਹੈ। ਉਹਨਾਂ ਕਦੇ ਵੀ ਕਿਸੇ



ਲੜਕੇ ਨਾਲ ਵਿਤਕਰਾ ਨਹੀਂ ਸੀ ਕੀਤਾ। ਦੋਵੇਂ ਘਰਾਂ ਦੀ ਰੋਟੀ ਅੱਡੋ-ਅੱਡ ਸੀ ਤੇ ਸ਼ਹਿਰ ਵਿਚ ਵੱਖਰੀ ਰਿਹਾਇਸ਼ ਤੇ ਰੋਟੀ।

ਉਹਨਾਂ ਦਿਨਾਂ ਵਿਚ ਉਹਨਾਂ ਕਦੇ ਫਜ਼ੂਲ-ਖਰਚੀ ਨਹੀਂ ਸੀ ਕੀਤੀ। ਜਦੋਂ ਕਦੇ ਉਹਨਾਂ ਕੋਲ ਵਿਹਲ ਦੇ ਕੁਝ ਪਲ਼ ਹੁੰਦੇ, ਤਾਂ ਫਿਲਵਾਂ ਦੇ ਚੌਂਕ ਵਿਚ ਬਣੀ ਮੋਹਨ-ਲਾਲ ਹਲਵਾਈ ਦੀ ਹੱਟੀ ਤੇ ਚਾਹ ਦੀ ਇਕ ਪਿਆਲੀ ਪੀਣ ਬੈਠ ਜਾਂਦੇ ਤੇ ਨਾਲ ਦੁਆਨੀ ਦੀਆਂ ਲੂਣ ਵਾਲੀਆਂ ਜਾਂ ਮਿੱਠੀਆਂ ਸੇਵੀਆਂ ਲੈ, ਆਪਣਾ ਰਾਂਝਾ ਰਾਜ਼ੀ ਕਰ ਲੈਂਦੇ।

III

ਹੌਲੀ ਹੌਲੀ ਖੇਤੀ-ਬਾੜੀ ਵਿਚ ਨਵੇਂ ਢੰਗ-ਤਰੀਕੇ ਪ੍ਰਚਲਤ ਹੋਣ ਲੱਗੇ। ਨਵੇਂ ਬੀਜ, ਨਵੀਆਂ ਖਾਦਾਂ, ਬਿਜਲੀ ਦੀਆਂ ਮੋਟਰਾਂ ਤੇ ਡੀਜ਼ਲ ਇੰਜਣ ਕੀੜੇ-ਮਾਰ ਦਵਾਈਆਂ ਤੇ ਬਦਲ ਰਿਹਾ ਖੇਤੀ-ਬਾੜੀ ਵਿਗਿਆਨ। ਜ਼ਮੀਨ ਦੀ ਮੁਰੱਬੇਬੰਦੀ ਹੋ ਗਈ ਤੇ ਦਰਿਆ ਦੇ ਕੰਢੇ ਧੁੱਸੀ ਬੰਨ ਬੱਝ ਗਿਆ। ਅਸੀਂ ਤਿੰਨੇ ਭਰਾ, ਬੀ.ਏ., ਬੀ.ਟੀ. ਕਰ ਟੀਚਰ ਲੱਗ ਗਏ ਤੇ ਤਨਖਾਹਾਂ ਲੈਣ ਲੱਗੇ। ਬੰਜਰ ਪਟੀ ਜ਼ਮੀਨ ਨੂੰ ਆਬਾਦ ਕਰਨ ਲਈ ਉੱਦਮ ਹੋਣ ਲੱਗੇ। ਸੰਤਾਲੀ ਦੇ ਉਜਾੜੇ ਦੇ ਸੱਲ੍ਹ ਭੁੱਲ-ਭੁਲਾ ਗਏ। ਪਿਤਾ ਜੀ ਦੀ ਜਾਨ ਵੀ ਕੁਝ ਕੁਝ ਸੌਖੀ ਹੋ ਗਈ, ਹਰ ਇਕ ਭਰਾ ਨੇ ਆਪਣੇ ਆਪਣੇ ਹਿੱਸੇ ਦੀ ਜ਼ਮੀਨ ਨੂੰ ਵਾਹੁਣ ਤੇ ਸੰਵਾਰਨ ਲਈ ਉਪਰਾਲੇ ਕਰਨੇ ਸ਼ੁਰੂ ਕਰ ਦਿੱਤੇ। ਦਾਦੀ-ਮਾਂ ਦਾ ਸਾਰਾ ਖਜ਼ਾਨਾ ਸਾਡੀ ਕਾਲਜ ਦੀ ਪੜ੍ਹਾਈ ਵਿਚ ਸਕਾਰਥੇ ਲੱਗ ਗਿਆ ਸੀ। ਜਦੋਂ ਕਦੇ ਦਾਖ਼ਲੇ ਵੇਲੇ ਕਿਸੇ ਟੂੰਬ-ਛੱਲੇ ਦੀ ਲੋੜ ਪੈਂਦੀ, ਤਾਂ ਪਿਤਾ ਜੀ ਸਾਡੀ ਮਾਤਾ ਨੂੰ ਕੋਈ ਛਾਪ-ਛੱਲਾ ਕੱਢਣ ਲਈ ਆਖਦੇ ਹੁੰਦੇ ਸਨ। ਮਾਤਾ ਨੇ ਨਾਂਹ-ਨੁਕਰ ਕਰਦਿਆਂ, ਰੋ-ਕੁਰਲਾ ਕੇ ਕੋਈ ਟੂੰਬ ਕੱਢਣੀ। ਪਿਤਾ ਜੀ ਨੇ ਆਖਣਾ, "ਸੋਨਾ ਔਖੇ ਵੇਲਿਆਂ ਲਈ ਹੁੰਦਾ ਹੈ। ਇਹ ਫਿਰ ਦੁਬਾਰਾ ਵੀ ਬਣ ਜਾਂਦਾ ਹੁੰਦਾ।"

ਠੀਕ ਹੀ ਆਖਦੇ ਹੁੰਦੇ ਸਨ ਪਿਤਾ ਜੀ। "ਮਾਇਆ ਹੱਥਾਂ ਦੀ ਮੈਲ਼ ਹੁੰਦੀ ਹੈ। ਇਹ ਆਉਂਦੀ ਜਾਂਦੀ ਰਹਿੰਦੀ ਹੈ। ਕਦੇ ਕੱਖ, ਕਦੇ ਲੱਖ!

ਜਦੋਂ ਜ਼ਮੀਨ ਦੀ ਮੁਰੱਬੇ ਬੰਦੀ ਹੋ ਗਈ ਤਾਂ ਪਿਤਾ ਜੀ ਨੂੰ ਰੁੱਖ ਲਾਉਣ ਦਾ ਪੁਰਾਣਾ ਉਤਸ਼ਾਹ ਜਾਗਿਆ। ਉਹਨਾਂ ਨੇ ਅੱਠਾਂ ਖੇਤਾਂ ਦੇ ਬੰਨੇ ਉੱਤੇ ਟਾਹਲੀਆਂ ਲਾ ਦਿੱਤੀਆਂ। ਉਹ ਦਰਿਆ ਨਾਲ ਲੱਗਦੀ ਜੀ.ਟੀ. ਰੋਡ ਉੱਤੇ ਜਾਂਦੇ ਤੇ ਆਪ-ਮੁਹਾਰੇ ਉੱਗੀਆਂ ਟਾਹਲੀਆਂ ਪੁੱਟ ਕੇ ਲੈ ਆਉਂਦੇ ਤੇ ਪੁੰਗਾਰੇ ਤੋਂ ਪਹਿਲਾਂ ਪਹਿਲਾਂ ਅਰਥਾਤ ਫਰਵਰੀ ਮਹੀਨੇ ਦੇ ਆਰੰਭ ਵਿਚ ਲਾ ਦਿੰਦੇ। ਮਹੀਨਾ ਭਰ ਉਹਨਾਂ ਨੂੰ ਪਾਣੀ ਪਾਉਂਦੇ। ਰੁੱਖ ਨੂੰ ਛਾਂਗਣ ਵੇਲੇ ਸਾਨੂੰ ਸਾਰੇ ਭਰਾਵਾਂ ਨੂੰ ਅਕਸਰ ਟੋਕਦੇ ਹੋਏ ਆਖਦੇ, "ਤੁਸੀਂ ਇਹਨਾਂ ਨੂੰ ਬੇਰਹਿਮੀ ਨਾਲ ਕੱਟਿਆ ਨਾ ਕਰੋ। ਕੁਝ ਪਰਿਵਾਰ ਵੀ (ਅਰਥਾਤ ਟਹਿਣੀਆਂ) ਰਹਿਣ ਦਿਆ ਕਰੋ। ਰੁੱਖ ਨੂੰ ਬਿਲਕੁਲ ਰੁੰਡ-ਮਰੁੰਡ ਨਾ ਕਰ ਦਿਆ ਕਰੋ।" ਉਹਦੇ ਮੂਢੇ ਕਮਾਦ ਵਿਚ ਉੱਗੇ ਰੁੱਖਾਂ ਨੂੰ ਵੀ ਕੱਟਦੇ ਨਹੀਂ ਸਨ। ਆਖਦੇ ਸਨ, "ਇਹ ਰੁੱਖ ਵੇਲੇ ਕੁਵੇਲੇ ਘਰ ਦੀ ਲੋੜ ਸਾਰ ਦਿੰਦੇ ਹਨ।"

ਜਦੋਂ ਵੱਡਾ ਭਾਈ ਪਰਿਵਾਰ ਸਮੇਤ ਕੈਨੇਡਾ ਜਾਣ ਲੱਗਾ, ਤਾਂ ਉਸ ਨੇ ਖਰਚਾ ਪੂਰਾ ਕਰਨ ਲਈ ਸਭ ਟਾਹਲੀਆਂ ਵੇਚ ਦਿੱਤੀਆਂ। ਟਾਹਲੀ ਦਾ ਦਰੱਖਤ ਤਿਆਰ ਹੋਣ ਵਿਚ ਚਾਲੀ ਪੰਜਾਹ ਸਾਲ ਲੱਗਦੇ ਹਨ। ਟਾਹਲੀ ਜਦੋਂ ਵਿਚਕਾਰੋਂ ਕਾਲੀ ਹੋਣ ਲੱਗਦੀ ਹੈ, ਉਦੋਂ ਹੀ ਇਹ ਇਮਾਰਤੀ ਲੋੜਾਂ ਪੂਰੀਆਂ ਕਰਨ ਦੇ ਕਾਬਿਲ ਹੁੰਦੀ ਹੈ। ਪਰ ਉਦੋਂ ਤੀਕ ਪਿਤਾ ਜੀ ਸੁਰਗਵਾਸ ਹੋ ਚੁੱਕੇ ਸਨ। ਨਹੀਂ ਤੇ ਉਹਨਾਂ ਇਸ ਕਟਾਈ ਨੂੰ ਰੋਕ ਦੇਣਾ ਸੀ।

**ਅੰਤਿਕਾ**

ਪਿਤਾ ਜੀ ਦੇ 1974 ਵਿਚ ਸੁਰਗਵਾਸ ਹੋਣ ਉੱਤੇ ਸਾਡੇ ਪਰਿਵਾਰ ਉੱਤੇ ਵੱਡਾ ਸੰਕਟ ਆਣ ਪਿਆ। ਮਤਰਏ ਭੈਣਾਂ ਭਰਾਵਾਂ ਤੇ ਭਣਵਈਆਂ ਨੇ ਜਾਇਦਾਦ ਦੀ ਵੰਡ ਉੱਤੇ ਹੱਲਾ ਬੋਲ ਦਿੱਤਾ। ਵਿਰਾਸਤ ਦਾ ਮੁਕੱਦਮਾਂ ਤਿੰਨ ਸਾਲ ਤੀਕ ਚੱਲਦਾ ਰਿਹਾ। ਕਚਹਿਰੀ ਦੀਆਂ ਤਰੀਕਾਂ, ਵਕੀਲਾਂ,

ਮੁਨਸ਼ੀਆਂ ਤੇ ਗਵਾਹਾਂ ਦੇ ਖਰਚਿਆਂ ਨੇ ਸਾਡੀਆਂ ਹੋਸ਼ਾਂ ਭੁਲ ਦਿੱਤੀਆਂ। ਇਸ ਸਾਰੇ ਦੁਖਾਂਤ ਦਾ ਜ਼ੁੰਮੇਵਾਰ ਸਾਡਾ ਵੱਡਾ ਲਾਲਚੀ ਭਣਵਈਆ ਸੀ, ਜੋ ਕੁਝ ਸਾਲ ਪੁਲਸ ਦੀ ਨੌਕਰੀ ਕਰ ਚੁੱਕਾ ਸੀ। ਅਖ਼ੀਰ ਇਹ ਮੁਕੱਦਮਾ ਇਕ ਨੇਕ-ਦਿਲ ਔਰਤ-ਜੱਜ ਦੀ ਕਚਹਿਰੀ ਵਿਚ ਜਾ ਲੱਗਾ। ਸਾਰੀ ਮਿਸਲ ਪੜ੍ਹ ਕੇ, ਉਹ ਤਰੀਕ ਉੱਤੇ ਗਏ ਸਾਨੂੰ ਪੁੱਛਣ ਲੱਗੀ "ਤੁਸੀਂ ਸਾਰੇ ਭੈਣ-ਭਰਾ ਆਪੋ ਵਿਚ ਕਿਉਂ ਲੜੀ-ਝਗੜੀ ਜਾਂਦੇ ਹੋ ? ਰਾਜ਼ੀਨਾਵਾਂ ਕਿਉਂ ਨਹੀਂ ਕਰਦੇ ?" ਸਾਰਿਆਂ ਦੀ ਸਹਿਮਤੀ ਲੈ ਕੇ ਉਸ ਨੇ ਆਖਿਆ, "ਅਗਲੀ ਤਰੀਕ ਉੱਤੇ ਅੱਠੇ ਧਿਰਾਂ ਇਕੱਠੇ ਹੋ ਕੇ ਆਓ। ਮੈਂ ਤੁਹਾਡਾ ਰਾਜ਼ੀਨਾਵਾਂ ਕਰਵਾਵਾਂਗੀ।"

ਸਭਨਾਂ ਧਿਰਾਂ ਦੇ ਪੈਰ ਹਿੱਲ ਗਏ ! ਸੋਚਣ ਲੱਗੇ। ਅਗਲੀ ਤਰੀਕੇ ਸਭ ਧਿਰਾਂ ਨੂੰ ਆਏ ਵੇਖ ਆਖਣ ਲੱਗੀ, "ਮੈਂ ਤੁਹਾਨੂੰ ਅੱਧਾ ਘੰਟਾ ਦਿੰਦੀ ਹਾਂ। ਜਾਓ ਬਾਹਰ ਜਾ ਕੇ ਸਮਝੌਤਾ ਕਰ ਕੇ ਆਓ ਤੇ ਆ ਕੇ ਮੈਨੂੰ ਲਿਖਵਾ ਦਿਓ।"

ਸਮਝੌਤਾ ਹੋ ਗਿਆ ! ਸਭ ਧਿਰਾਂ ਸੰਤੁਸ਼ਟ ਤੇ ਖੁਸ਼ ਸਨ। ਪ੍ਰਸੰਨ-ਚਿੱਤ ਅਸੀਂ ਪਿੰਡ ਨੂੰ ਪਰਤ ਆਏ !

ਪਿਤਾ ਜੀ ਦੀ ਯਾਦ ਅਤੇ ਪਰਿਵਾਰ ਲਈ ਦਿੱਤੀ ਦੇਣ ਨੂੰ ਇਸ ਤੋਂ ਚੰਗੀ ਸ਼ਰਧਾਂਜਲੀ ਹੋਰ ਕੀ ਹੋ ਸਕਦੀ ਸੀ ? ਅੱਜ ਸਾਰਾ ਪਰਿਵਾਰ ਉਹਨਾਂ ਦੇ ਸਿੱਖਿਆ (Education) ਦੇ ਖੇਤਰ ਵਿਚ ਲਾਏ ਉਸ "ਸਦਾ-ਬਹਾਰ ਬਿਰਖ" ਦੇ ਮਿੱਠੇ ਫਲ਼ ਖਾਂਦੇ, ਉਨ੍ਹਾਂ ਦੀ ਸਮੁੱਚੀ ਦੇਣ ਨੂੰ ਯਾਦ ਕਰਦੇ ਹਾਂ। ਨਾਲ ਹੀ ਉਸ ਫਰਿਸ਼ਤਾ-ਰੂਪੀ ਜੱਜ-ਬੀਬੀ ਦਾ ਧੰਨਵਾਦ ਕਰਦੇ ਥੱਕਦੇ ਨਹੀਂ, ਜਿਸ ਨੇ ਕਮਾਲ ਦੀ ਜੁਗਤ, ਸਿਆਣਪ ਤੇ ਦੂਰ-ਅੰਦੇਸ਼ੀ ਸਦਕਾ ਸਾਡੇ ਗੰਭੀਰ ਕਲੇਸ਼ ਨੂੰ ਸਮੇਟ ਦਿੱਤਾ ਸੀ ਤੇ ਸਮੁੱਚੀ ਵਿਰਾਸਤ ਨੂੰ ਲੀਰਾਂ ਲੀਰਾਂ ਹੋਣ ਤੋਂ ਬਚਾ ਲਿਆ ਸੀ।

ਸਮਾਂ ਹਰ ਰੋਜ਼ ਤੇ ਹਰ ਘੜੀ ਬਖ਼ਸ਼ਿੰਦ ਨਹੀਂ ਹੁੰਦਾ ਤੇ ਨਾ ਹੀ ਨਿੱਤ ਨਿੱਤ ਅਜੇਹੇ ਕ੍ਰਿਸ਼ਮੇਂ ਨਾਜ਼ਲ ਹੁੰਦੇ ਹਨ !!!

*ਫੋਨ 99150-42242 (ਪੰਜਾਬ)*

## ਤਿੰਨ ਗੀਤ

*—ਅਵੰਤਾਰ ਸਿੰਘ ਸੰਧੂ*

1

ਸਾਵਣ ਦੀ ਰੁੱਤ ਆਈ ਮਾਹੀਆ , ਮੁੜ ਵਤਨਾਂ ਨੂੰ ਆ।
ਬਿਰਹੋਂ ਮਾਰੀ ਜਿੰਦ ਤੇ ਕਣੀਆਂ ਦਿੱਤੀ ਏ ਅੱਗ ਲਾ। ਸਾਵਣ ...

........................................................................

ਪੌਣਾਂ ਦੇ ਵਿੱਚ ਮਹਿਕਾਂ ਘੁਲ਼ੀਆਂ ਪੰਛੀ ਗੀਤ ਨੇ ਗਾਉਂਦੇ।
ਤੱਕ ਕੇ ਅੰਬਰ ਸੁਰਮਈ ਚੰਨਾ ਮੋਰ ਵੀ ਪੈਲਾਂ ਪਾਉਂਦੇ।
ਤੂੰ ਵੀ ਆ ਕੇ ਅੜਿਆ ਮੇਰੇ ਸੁਰ ਚ ਸੁਰ ਮਿਲ਼ਾ। ਸਾਵਣ...

ਵਿਹੜੇ ਜਦ ਵੀ ਕਣੀਆਂ ਵਰ੍ਹੀਆਂ ਨੈਣਾਂ ਛਹਿਬਰ ਲਾਈ।
ਹੁਣ ਨਹੀਂ ਸਾਥੋਂ ਝੱਲੀ ਜਾਂਦੀ ਸੱਜਣਾ ਇਹ ਜੁਦਾਈ।
ਰਾਤੀਂ ਜਦ ਵੀ ਬਿਜਲੀ ਚਮਕੇ ਜਾਂਦੀ ਜਿੰਦ ਘਬਰਾ। ਸਾਵਣ...

ਰੋਜ਼ ਉਡੀਕਾਂ ਔਸੀਆਂ ਪਾ ਕੇ ਕਾਂ ਨੂੰ ਚੂਰੀ ਪਾਵਾਂ।
ਕਿੰਝ ਕਮਲਿਆ ਤੈਨੂੰ ਭੁੱਲਿਆ ਕਮਲੀ ਦਾ ਸਿਰਨਾਵਾਂ।
ਅੱਖਾਂ ਵਿਚ ਹਰ ਰਾਤ ਗੁਜ਼ਰਦੀ ਤਾਰੇ ਨੇ ਗਵਾਹ। ਸਾਵਣ...

ਸਉਣ ਮਹੀਨਾ ਸੌਣ ਨਹੀਂ ਦਿੰਦਾ ਕਿੰਝ ਤੈਨੂੰ ਸਮਝਾਵਾਂ।



ਖੰਭ ਕਿਤੇ ਲੱਗ ਜਾਵਣ ਮੈਨੂੰ ਉੱਡਕੇ ਅੜਿਆ ਆਵਾਂ।
ਆ ਵੇ 'ਸੰਧੂ' ਬੱਦਲ ਬਣਕੇ , ਰੂਹ ਸਾਡੀ ਨਸ਼ਿਆ।
ਸਾਵਣ ਦੀ ਰੁੱਤ ਆਈ ਮਾਹੀਆ, ਮੁੜ ਵਤਨਾਂ ਨੂੰ ਆ।
ਬਿਰਹੋਂ ਮਾਰੀ ਜਿੰਦ ਤੇ ਕਣੀਆਂ ਦਿੱਤੀ ਏ ਅੱਗ ਲਾ।

2

ਰੱਬਾ ! ਸਾਡੀ ਮਿਹਨਤ ਦਾ ਮੁੱਲ ਕਦੋਂ ਹੈ ਇਥੇ ਪੈਣਾ।
ਕਦ ਸਾਡੇ ਸਿਰ ਉੱਤੋਂ ਸ਼ਾਹਾਂ ਦਾ ਇਹ ਕਰਜਾ ਲਹਿਣਾ। ...
ਕਦ ਸਾਡੇ ਹੱਥ ਰੱਟਣਾਂ ਵਾਲੇ ਕੂਲੇ ਕੂਲੇ ਹੋਣੇ।
ਕਦ ਸਾਡੇ ਮੁੜ੍ਹਕੇ ਦੇ ਵਿਚੋਂ ਸੁੱਚੇ ਮੋਤੀ ਚੋਣੇ।
ਕਦ ਅਸਾਂ ਨੇ ਬੰਨ੍ਹਕੇ ਸ਼ਮਲਾ ਜਾ ਸੱਥ ਵਿੱਚ ਹੈ ਬਹਿਣਾ। ...
ਕਦ ਸਾਡੇ ਹੱਥਾਂ ਦੇ ਉਸਰੇ ਘਰ ਇਹ ਸਾਡੇ ਹੋਣੇ।
ਕਦ ਮਿਲਣੀ ਹੈ ਰੱਜਵੀਂ ਰੋਟੀ ਮੁੱਕ ਜਾਣੇ ਸਭ ਰੋਣੇ।
ਕਦ ਅਸੀਂ ਠਰੀਆਂ ਰਾਤਾਂ ਵਿੱਚ ਸੁੱਖਦੀ ਨੀਂਦਰ ਪੈਣਾ। ...
ਕਦ ਸਾਡੇ ਵਿਹੜੇ ਦੇ ਵਿਚ ਵੀ ਲੋਹੜੀ ਪਾਈ ਜਾਊ।
ਕਦੋਂ ਬਨੇਰੇ ਸਾਡੇ ਕੋਈ ਘਿਓ ਦੇ ਦੀਪ ਜਗਾਊ।
ਕਦ ਪਿਪਲਾਂ ਤੇ ਪੀਂਘਾਂ ਪੈਣੀਆਂ ਕਦ ਮਿਲ ਭੰਗੜਾ ਪੈਣਾ। ...
ਰੱਬਾ ! ਤੈਨੂੰ ਤਰਸ ਨਾ ਆਵੇ ਚਾਅ ਕਿਉਂ ਕੋਹੇ ਜਾਂਦੇ।
ਰੁੱਸ ਜਾਂਦੇ ਕਿਉਂ ਹਾਸੇ ਸਾਡੇ ਨੈਣੀ ਹੰਝੂ ਆਂਦੇ।
ਦੱਸ ਵੇ ਰੱਬਾ ਨੇਹਰੇ ਘਰ ਵਿੱਚ ਕਦ ਕਿਰਨਾਂ ਨੇ ਪੈਣਾ। ...

3

ਬੱਦਲਾ ਵੇ ! ਕੰਮੀਆਂ ਦੇ ਵਿਹੜੇ ਵਿੱਚ ਵਰ੍ਹੀਂ ਨਾ।
ਕੱਚੀਆਂ ਨੇ ਕੰਧਾਂ ਹਾੜਾ ਕਹਿਰ ਕੋਈ ਕਰੀਂ ਨਾ। ਬੱਦਲਾ ਵੇ !...
ਭਿੱਤਾਂ ਵਿੱਚ ਗੁੰਨ੍ਹੇ ਹੋਏ ਚਾਅ ਮੇਰੀ ਮਾਂ ਦੇ।
ਬਾਪੂ ਦਾ ਪਸੀਨਾ ਅਰਮਾਨ ਦਾਦੀ ਮਾਂ ਦੇ।
ਭੈਣਾਂ ਦੀਆਂ ਸੱਧਰਾਂ ਤੇ ਵਾਰ ਕੋਈ ਕਰੀਂ ਨਾ। ਬੱਦਲਾ ਵੇ, !...
ਛਾਪੇ ਗਿੱਲੇ ਹੋਏ ਫਿਰ ਚੁੱਲ੍ਹਾ ਨਹੀਂ ਬਲਣਾ।
ਬਾਬੂ ਤੇ ਚਲ਼ਾਈ ਵਾਲਾ ਸਾਗ ਕਿਥੇ ਧਰਨਾ।
ਭੁੱਖਿਆਂ ਨੂੰ ਦੂਜਿਆਂ ਦੇ ਮੁਹਤਾਜ ਕਰੀਂ ਨਾ। ਬੱਦਲਾ ਵੇ !...
ਓਥੇ ਜਾ ਕੇ ਵਰ੍ਹ ਭਾਵੇਂ ਜਿਥੇ ਤੇਰੀ ਲੋੜ ਵੇ।
ਸਾਡੇ ਘਰ ਇੱਟਾਂ ਅਤੇ ਨਾ ਹੀ ਕਾਲ਼ੇ ਰੋੜ ਵੇ।
ਅਸਾਂ ਕਿਹੜੀ ਗੁੱਡੀ ਫੂਕੀ ਅਹਿਸਾਨ ਕਰੀਂ ਨਾ। ਬੱਦਲਾ ਵੇ !...
ਸਾਡੇ ਘਰ ਬੋਰੀਆਂ ਤੇ ਨਾ ਹੀ ਭੜੋਲਾ ਵੇ।
ਸਿਰ ਤੇ ਹੈ ਛੱਤ ਕੱਚੀ ਨਾ ਕੋਈ ਗੋਹਲਾ ਵੇ।
ਸਿੱਟੇ ਅਸਾਂ ਕੁੱਟਣੇ ਨੇ ਵਿਹੜਾ ਗਿੱਲਾ ਕਰੀਂ ਨਾ। ਬੱਦਲਾਂ ਵੇ !...
ਪਏ ਜੇ ਛਰਾਟੇ ਕੱਚੀ ਛੱਤ ਬੜੀ ਚੋਣੀ ਏਂ।
ਜਾਗਦਿਆਂ ਰਾਤ ਲੰਘੂ ਨੀਂਦ ਨਹੀਂ ਆਉਣੀ ਏਂ।
ਦਿਨੇ ਕਿਹੜਾ ਚੈਨ ਸਾਨੂੰ ਰਾਤੀਂ ਮਾਰ ਕਰੀਂ ਨਾ। ਬੱਦਲਾ ਵੇ !

*ਫੋਨ 9915182971*
*ਭੁਲਾਮ ਰੋਡ, ਗਲੀ ਨੰ-11, ਨਵਾਂ ਸ਼ਹਿਰ।*

# ਚਾਰ ਗ਼ਜ਼ਲਾਂ

*—ਰਣਜੀਤ ਸਰਾਂਵਾਲੀ*

(1)
ਜੇ ਮੇਰਾ ਨਈਂ ਤਾਂ ਫਿਰ ਦੱਸੋ ਕਿਸਦਾ ਹੈ,
ਘਰ ਦੇ ਵਿਹੜੇ 'ਚੋਂ ਜੋ ਅੰਬਰ ਦਿਸਦਾ ਹੈ।

ਤੂੰ 'ਕੇਰਾਂ ਸੁਕਰਾਤ ਬਣਨ ਦੀ ਹਿੰਮਤ ਕਰ,
ਏਥੇ ਹਰ ਦਮ ਤਿਆਰ ਪਿਆਲਾ ਵਿਸ਼ ਦਾ ਹੈ।

ਚੰਦਰਮਾ ਨੂੰ ਕਹਿਣਾ ਕੁਝ ਤਾਂ ਲਿਖ ਦੇਵੇ,
ਵਰਕਾ 'ਨੇਰ੍ਹੇ ਦਾ ਉਸ ਖ਼ਾਤਰ ਵਿਛਦਾ ਹੈ।

ਏ.ਸੀ. ਦਫ਼ਤਰ ਦੇ ਵਿਚ ਬੈਠਾ ਇਕ ਨੇਤਾ,
ਵੇਖੋ ਸਾਡੇ ਮੁੜ੍ਹਕੇ ਦਾ ਮੁੱਲ ਮਿਥਦਾ ਹੈ।

ਮੰਡੀ ਏਨੇ ਪੈਰ ਪਸਾਰੀ ਬੈਠੀ ਹੈ,
ਤਨ ਵੀ ਏਥੇ ਸਿੱਕਿਆਂ ਵੱਟੇ ਵਿਕਦਾ ਹੈ।

ਮੁੱਲ ਪਵੇ ਦਰਬਾਰ 'ਚ ਉਸਦੇ ਸ਼ਬਦਾਂ ਦਾ,
ਆਖਣ ਨੂੰ ਉਹ ਜਨ-ਹਿੱਤਾਂ ਵਿਚ ਲਿਖਦਾ ਹੈ।

(2)
ਹਾਰੇ ਹੰਭੇ ਜਦ ਕਦੇ ਇਕ ਥਾਂ ਇਕੱਤਰ ਹੋਣਗੇ।
ਵੇਖਣਾ ਓਦੋਂ ਇਹ ਸਾਰੇ ਹੀ ਸਿਕੰਦਰ ਹੋਣਗੇ।

ਪਿੰਡ ਮੇਰੇ ਫੁੱਲ ਓਨੇ ਤਿਤਲੀਆਂ ਵੀ ਓਨੀਆਂ,
ਸ਼ਹਿਰ ਤੇਰੇ ਸੁਹਣਿਆਂ ਜਿੰਨੇ ਕੁ ਪੱਥਰ ਹੋਣਗੇ।

ਸ਼ਬਦ ਕੋਸ਼ਾਂ ਦੇ ਗਿਆਤਾ ਨੇ ਪਤਾ ਨਈਂ ਕਿਸ ਤਰ੍ਹਾਂ,
ਚੇਤਿਓਂ ਮੇਟੇ ਅਸਾਡੇ ਨਾਂ ਦੇ ਅੱਖਰ ਹੋਣਗੇ।

ਡਰ ਦਾ ਮਾਰਾ ਦੌੜਿਆ ਸਾਂ ਜੰਗਲੋਂ ਮੈਂ ਘਰ ਤਰਫ਼,
ਕੀ ਪਤਾ ਸੀ ਇਸ ਤੋਂ ਜ਼ਿਆਦਾ ਡਰ ਮੇਰੇ ਘਰ ਹੋਣਗੇ।

ਸਿੱਖ ਲੈਂਦਾ ਤਰਨ ਦੀ ਤਰਕੀਬ ਜੇ ਹੁੰਦਾ ਪਤਾ,
ਇਕ ਨਦੀ ਦੇ ਨੈਣ ਮੇਰੇ ਲਈ ਸਮੁੰਦਰ ਹੋਣਗੇ।

ਪੁਸਤਕਾਂ ਪੜ੍ਹ-ਪੜ੍ਹ ਕੇ ਰੱਖੀ ਜਾ ਰਹੇ ਹੋ ਸ਼ੈਲਫ਼ 'ਤੇ,
ਕੀ ਇਨ੍ਹਾਂ ਦੇ ਨਾਲ ਮਨ-ਮਸਤਕ ਮੁਤਾਸਰ ਹੋਣਗੇ।



ਆਸ ਹੈ ਵਿਸ਼ਵਾਸ ਵੀ ਹੈ ਪੈਰ-ਚਿੰਨ੍ਹ ਮੇਰੇ ਕਦੇ,
ਮੇਰਿਆਂ ਬੱਚਿਆਂ ਦੀ ਖ਼ਾਤਿਰ ਮੀਲ-ਪੱਥਰ ਹੋਣਗੇ।

(3)
ਸਿਵਾਏ ਜ਼ਹਿਰ ਤੇ ਸੂਲ਼ੀ ਦੇ ਸਭ ਮਨਜ਼ੂਰ ਹੈ ਅੱਜ-ਕਲ੍ਹ,
ਨਵਾਂ ਯੁਗ ਹੈ, ਨਵਾਂ ਸੁਕਰਾਤ ਹੈ, ਮਨਸੂਰ ਹੈ ਅੱਜ-ਕਲ੍ਹ।

ਮੇਰੇ ਪਿੰਡੋਂ ਤੁਹਾਡੇ ਸ਼ਹਿਰ ਦਾ ਹੁਣ ਫ਼ਾਸਲਾ ਘਟਿਐ,
ਤੁਹਾਡੇ ਸ਼ਹਿਰ ਤੋਂ ਪਰ ਪਿੰਡ ਮੇਰਾ ਕਿਉਂ ਦੂਰ ਹੈ ਅੱਜ-ਕਲ੍ਹ।

ਬੁਝੇ ਦੀਵੇ, ਝੜੇ ਪੱਤੇ ਤੇ ਤਿੜਕੇ ਆਇਨੇ ਦੱਸਣ,
ਹਵਾ ਕਿੰਨੀ ਤੁਹਾਡੇ ਸ਼ਹਿਰ ਦੀ ਮਗ਼ਰੂਰ ਹੈ ਅੱਜ-ਕਲ੍ਹ।

ਕਦੇ ਬੇੜੀ ਨੂੰ ਝਾਂਜਰ ਕਹਿ ਗਿਆ ਸਾਂ ਸਹਿਜ-ਭਾਅ ਹੀ ਮੈਂ,
ਮੇਰੇ ਖ਼ਾਬਾਂ 'ਚ ਆਉਂਦੀ ਰੋਜ਼ ਹੀ ਹੂਰ ਹੈ ਅੱਜ-ਕਲ੍ਹ।

ਅਜੇ ਵੀ ਜੰਗਲਾਂ ਵਾਲ਼ੀ ਹਨੇਰੀ ਸਭਿਅਤਾ ਏਥੇ,
ਕਹਿਣ ਨੂੰ ਬੰਦਿਆਂ ਦੇ ਮੱਥਿਆਂ ਵਿਚ ਨੂਰ ਹੈ ਅੱਜ-ਕਲ੍ਹ।

ਕਵੀ ਹੁਣ ਹਾਕਮਾਂ ਦੇ ਮੰਚ ਤੋਂ ਅਕਸਰ ਪੜ੍ਹੇ ਕਵਿਤਾ,
ਤੇ 'ਲੋਕਾਂ ਲਈ ਲਿਖਣ ਕਰਕੇ' ਬੜਾ ਮਸ਼ਹੂਰ ਹੈ ਅੱਜ-ਕਲ੍ਹ।

(4)
ਖ਼ੈਰ ਹੋਵੇ ਪਾਣੀਆਂ ਦੀ ਮੱਛੀਆਂ ਖ਼ਤਰੇ 'ਚ ਨੇ।
ਸਾਰ ਲਈਏ ਪਿੰਡ ਦੀ ਚਲ ਪੈਲ਼ੀਆਂ ਖ਼ਤਰੇ 'ਚ ਨੇ।

ਝਾਂਜਰਾਂ ਖ਼ਤਰੇ 'ਚ ਨੇ ਹੁਣ ਚੂੜੀਆਂ ਖਤਰੇ 'ਚ ਨੇ,
ਸ਼ਮਲਿਆਂ ਦੀ ਸ਼ਾਨ ਹੈ ਪਰ ਚੁੰਨੀਆਂ ਖ਼ਤਰੇ 'ਚ ਨੇ।

ਉਹ ਨਹੀਂ ਝੁਕਦੇ ਤੇ ਸਾਨੂੰ ਅਕੜਨਾ ਆਉਂਦਾ ਨਹੀਂ,
ਤਾਂ ਹੀ ਸਾਡੇ ਵਿਚਲੀਆਂ ਸਭ ਸੰਧੀਆਂ ਖ਼ਤਰੇ 'ਚ ਨੇ।

ਘਿਰ 'ਗੀਆਂ ਤੂਫ਼ਾਨ ਵਿਚ ਜੋ ਕਿਸ਼ਤੀਆਂ ਦੇ ਨਾਲ਼-ਨਾਲ਼,
ਘਰ 'ਚ ਮੱਲਾਹਾਂ ਦੀਆਂ ਬਹੂ-ਬੇਟੀਆਂ ਖ਼ਤਰੇ 'ਚ ਨੇ।

ਮੈਂ ਬੜੀ ਵਾਰੀ ਹੋ ਜਾਨਾਂ ਆਪਣੇ ਮਨ ਦੇ ਖ਼ਿਲਾਫ਼,
ਇਸ ਲਈ ਹੁਣ ਸੱਧਰਾਂ ਕਈ ਮੇਰੀਆਂ ਖ਼ਤਰੇ 'ਚ ਨੇ।

ਹੋਏਗਾ ਕਿੰਨਾ ਕੁ ਰੌਸ਼ਨ ਆਉਣ ਵਾਲਾ ਕੱਲ੍ਹ ਉਥੇ,
ਸ਼ਬਦ ਅੱਜ ਖ਼ਤਰੇ 'ਚ ਜਿੱਥੇ ਪੋਥੀਆਂ ਖ਼ਤਰੇ 'ਚ ਨੇ।

# ਨੀਗਰੋ ਲੋਕਾਂ ਦੀਆਂ ਕਵਿਤਾਵਾਂ : ਹਰਭਜਨ ਸਿੰਘ ਹੁੰਦਲ

ਪਿਛਲੇ ਕੁਝ ਵਰ੍ਹਿਆਂ ਵਿਚ ਮੌਲਿਕ ਕਾਵਿ ਸਿਰਜਣ ਦੇ ਨਾਲ-ਨਾਲ ਸ. ਹਰਭਜਨ ਸਿੰਘ ਹੁੰਦਲ ਨੇ ਕਾਵਿ-ਅਨੁਵਾਦ ਦੇ ਖੇਤਰ ਵਿਚ ਵੀ ਮਹੱਤਵਪੂਰਨ ਯੋਗਦਾਨ ਪਾਇਆ ਹੈ। ਪੰਜਾਬੀ ਵਿਚ ਆਮ ਤੌਰ 'ਤੇ ਅਨੁਵਾਦ-ਕਾਰਜ ਨੂੰ ਹਲਕੇ ਪੱਧਰ ਉਪਰ ਲਿਆ ਜਾਂਦਾ ਹੈ। ਡਾ. ਹਰਿਭਜਨ ਸਿੰਘ ਅਨੁਵਾਦ ਕਾਰਜ ਨੂੰ ਗੰਭੀਰਤਾਪੂਰਵਕ ਲਿਆ ਕਰਦਾ ਸੀ ਪਰ ਉਸ ਦੇ ਕੰਮ ਨੂੰ ਤਾਂ ਉਸਦੇ ਕੁਝ ਸ਼ਾਗਿਰਦਾਂ ਨੇ ਹੀ 'ਹਉਪਰੇ' ਕਰ ਦਿੱਤਾ ਸੀ, ਹੋਰ ਕਿਸੇ ਨੇ ਉਸਦਾ ਕੀ ਨੋਟਿਸ ਲੈਣਾ ਸੀ। ਉਸ ਤੋਂ ਬਾਅਦ ਹਰਭਜਨ ਸਿੰਘ ਹੁੰਦਲ ਨੇ ਇਸ ਕੰਮ ਨੂੰ ਸਿਖ਼ਰ ਉਤੇ ਪਹੁੰਚਾ ਦਿੱਤਾ ਹੈ। ਉਹ ਪ੍ਰਗਤੀਸ਼ੀਲ ਅਤੇ ਕ੍ਰਾਂਤੀਕਾਰੀ ਕਵੀਆਂ ਦੀਆਂ ਰਚਨਾਵਾਂ ਨੂੰ ਹੀ ਹੱਥ ਪਾਉਂਦਾ ਹੈ ਅਤੇ ਇਸ ਕੰਮ ਵਿਚ ਉਸ ਨੂੰ ਚਾਹੇ ਕਿਤਨੀ ਵੀ ਮਿਹਨਤ ਕਿਉਂ ਨਾ ਕਰਨੀ ਪਵੇ, ਉਹ ਇਸ ਤੋਂ ਜੀਅ ਨਹੀਂ ਚੁਰਾਉਂਦਾ। ਸਾਡੇ ਬਹੁਤੇ ਕਵੀ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਦੇ ਘੇਰ ਵਿਚ ਆ ਜਾਂਦੇ ਹਨ। ਅਨੁਵਾਦ ਦੇ ਮਾਧਿਅਮ ਦੁਆਰਾ ਉਸ ਨੇ ਪੰਜਾਬੀ ਸਾਹਿਤ ਦੇ ਭੰਡਾਰ ਨੂੰ ਕਾਫ਼ੀ ਅਮੀਰ ਬਣਾ ਦਿੱਤਾ ਹੈ ਅਤੇ ਇਸ ਮੰਤਵ ਲਈ ਅਸੀਂ ਉਸ ਦੇ ਧੰਨਵਾਦੀ ਹਾਂ।

ਇਸੇ ਵਰ੍ਹੇ 2015 ਈ. ਵਿਚ 'ਨੀਗਰੋ ਲੋਕਾਂ ਦੀਆਂ ਕਵਿਤਾਵਾਂ' (ਮਨਪ੍ਰੀਤ ਪ੍ਰਕਾਸ਼ਨ ਦਿੱਲੀ, ਪੰਨੇ 112, ਮੁੱਲ 260) ਸਿਰਲੇਖ ਅਧੀਨ ਉਸ ਨੇ 82 ਨੀਗਰੋ-ਕਵਿਤਾਵਾਂ ਦਾ ਅਨੁਵਾਦ ਪ੍ਰਕਾਸ਼ਿਤ ਕਰਵਾਇਆ ਹੈ। ਉਹ ਲਿਖਦਾ ਹੈ ਕਿ ਪਿਛਲੇ ਪੂਰੇ ਇਕ ਦਹਾਕੇ ਤੋਂ ਉਹ ਇਸ ਯੋਜਨਾ ਨੂੰ ਸੰਪੰਨ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਦੌਰਾਨ ਦੋ ਵਾਰ ਉਸ ਨੂੰ ਯੂ. ਕੇ. ਜਾਣ ਦਾ ਸੁਅਵਸਰ ਪ੍ਰਾਪਤ ਹੋਇਆ, ਜਿਥੋਂ ਉਸ ਨੇ ਕੁਝ ਬਲੈਕ-ਪੋਇਟਰੀ ਜਮ੍ਹਾ ਕਰ ਲਈ। ਬਲੈਕ-ਪੋਇਟਰੀ ਦੇ ਸੰਬੰਧ ਵਿਚ ਮੈਨੂੰ ਯਾਦ ਆਉਂਦਾ ਹੈ ਕਿ 1971-72 ਵਿਚ ਕੁਝ ਇਹੋ ਜਿਹਾ ਪ੍ਰਯਾਸ ਪ੍ਰੋਫੈਸਰ ਹਰਦਿਲਜੀਤ ਸਿੰਘ (ਲਾਲੀ ਬਾਬਾ) ਅਤੇ ਪ੍ਰੋ. ਬੀ. ਐਮ. ਰਾਜ਼ਦਾਨ ਨੇ ਵੀ ਕੀਤਾ ਸੀ। ਪਰ ਉਨ੍ਹਾਂ ਨੇ ਬਲੈਕ-ਪੋਇਟਰੀ ਦੀ ਅੰਗਰੇਜ਼ੀ ਵਰਜ਼ਿਨ ਹੀ ਪ੍ਰਕਾਸ਼ਿਤ ਕੀਤੀ ਸੀ, ਪੰਜਾਬੀ ਵਿਚ ਅਨੁਵਾਦ ਨਹੀਂ ਸੀ ਕੀਤਾ। ਹੁੰਦਲ ਸਾਹਿਬ ਦਾ ਇਹ ਅਨੁਵਾਦ ਪੰਜਾਬੀ ਪਾਠਕਾਂ ਲਈ ਵਧੇਰੇ ਲਾਹੇਵੰਦ ਰਹੇਗਾ ਕਿਉਂਕਿ ਅੰਗਰੇਜ਼ੀ ਪੜ੍ਹਨ ਵਾਲੇ ਪੰਜਾਬੀ ਜਾਂ ਤਾਂ ਅੱਜਕਲ੍ਹ ਮਿਲਦੇ ਹੀ ਨਹੀਂ ਅਤੇ ਜੇ ਮਿਲਦੇ ਹਨ ਤਾਂ ਉਨ੍ਹਾਂ ਨੂੰ ਸਾਹਿਤ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ।

ਹਰਭਜਨ ਸਿੰਘ ਹੁੰਦਲ ਅਨੁਵਾਦ-ਕਾਰਜ ਉਪਰ ਬਹੁਤ ਮਿਹਨਤ ਕਰਦਾ ਹੈ ਅਤੇ ਕਿਉਂਕਿ ਉਹ ਆਪ ਇਕ ਪਰਿਪੱਕ ਅਤੇ ਪ੍ਰਮਾਣਿਕ ਕਵੀ ਹੈ, ਉਸ ਨੂੰ ਬਿਰਤਾਂਤ-ਜੁਗਤਾਂ ਅਤੇ ਸ਼ਿਲਪ ਮਰਯਾਦਾ ਦਾ ਭਰਪੂਰ ਗਿਆਨ ਹੈ, ਇਸ ਕਾਰਨ ਉਸ ਦੁਆਰਾ ਅਨੁਵਾਦਿਤ ਕਵਿਤਾਵਾਂ ਨੂੰ ਪੜ੍ਹ ਕੇ ਮੌਲਿਕ ਰਚਨਾਵਾਂ ਪੜ੍ਹਨ ਵਰਗਾ ਅਹਿਸਾਸ ਪ੍ਰਾਪਤ ਹੋ ਜਾਂਦਾ ਹੈ। ਇਸ ਪ੍ਰਸੰਗ ਵਿਚ ਇਸ ਪੁਸਤਕ ਦੀ ਇਕ ਅਨੁਵਾਦਿਤ ਕਵਿਤਾ ਦੇ ਕੁਝ ਅੰਸ਼ ਦੇਖੋ-

ਹਵਾ ਸੀਟੀਆਂ ਮਾਰਦੀ ਹੈ
ਤੇ ਬਿਰਖ ਇਸ ਨੂੰ ਰਾਹ ਦੇਣ ਲਈ ਝੁਕ ਜਾਂਦੇ ਨੇ।
ਪਿੰਡ ਵਿਚ
ਖੁਸ਼ ਫਿਰਦੇ ਬੱਚਿਆਂ ਦੀਆਂ ਕਿਲਕਾਰੀਆਂ
ਉਧੜਧੁੰਮੀ ਚੁਕੀ ਫਿਰਦੇ, ਘੁੰਮਦੇ,



ਘੁੰਮਦੀ ਫਿਰਦੀ ਹਵਾ ਦੇ ਸ਼ੋਰ ਵਿਚ
ਇਸਤਰੀਆਂ
ਆਪਣੀਆਂ ਪਿੱਠਾਂ ਨਾਲ ਬੱਚਿਆਂ ਨੂੰ ਲਾਈ
ਕਦੇ ਅੰਦਰ, ਕਦੇ ਬਾਹਰ ਭੱਜੀਆਂ ਫਿਰਦੀਆਂ
ਕਮਲੀਆਂ ਹੋਈ।

(ਡੇਵਿ ਰੂਬਾਡੀਰੀ, ਅਫ਼ਰੀਕਾ ਦਾ ਝੱਖੜ)

ਕਾਲੇ ਲੋਕਾਂ ਦੀਆਂ ਇਨ੍ਹਾਂ ਕਵਿਤਾਵਾਂ ਵਿਚ 'ਕਾਲੇ ਹੋਣ' ਦੇ ਦਰਦ ਨੂੰ ਬੜੀ ਸ਼ਿੱਦਤ ਨਾਲ ਬਿਆਨ ਕੀਤਾ ਗਿਆ ਹੈ। ਹਥਲੇ ਸੰਗ੍ਰਹਿ ਵਿਚ ਸੰਕਲਿਤ ਕਾਲੇ-ਕਵੀ ਮੋਜ਼ਾਬੀਕ, ਸੈਨੇਗਲ, ਨਾਇਜੇਰੀਆ, ਮਲਵੀ, ਅੰਗੋਲਾ, ਦੱਖਣੀ ਅਫਰੀਕਾ, ਗੁਇਆਨਾ, ਮਾਊਰੀਤਾਨੀਆਂ ਆਦਿ ਬਹੁਤ ਸਾਰੇ ਦੇਸ਼ਾਂ-ਦੀਪਾਂ ਨਾਲ ਸੰਬੰਧ ਰੱਖਦੇ ਹਨ। ਆਪਣੀ ਅੰਤਰ-ਵੇਦਨਾ ਦਾ ਨਿਰੂਪਣ ਕਰਦਾ ਹੋਇਆ ਇਕ ਹੋਰ ਕਵੀ ਲਿਖਦਾ ਹੈ-

"ਕਾਲੇ ਲੋਕ ਜਮਾਂਦਰੂ ਗਵੱਈਏ ਹੁੰਦੇ ਹਨ...
ਕਾਲੇ ਲੋਕ ਜਮਾਂਦਰੂ ਦੌੜਾਕ ਹੁੰਦੇ ਹਨ...
ਕਾਲੇ ਲੋਕ ਸ਼ਾਂਤੀ-ਪਸੰਦ ਹੁੰਦੇ ਹਨ।"
ਇਹ ਮਿਥ ਸਾਨੂੰ ਨਿਰਛਲ ਦੱਸਦੇ ਹਨ
ਸ਼ੈਂਪੇਨ ਦੇ ਬੁਲਬੁਲਿਆਂ ਨਾਲ
ਘੁੱਟੋ-ਘੁੱਟੀ ਪੀਤਾ ਜਾਂਦਾ ਰਿਹਾ ਹੈ
ਸਾਹ-ਘੁੱਟਵੀਂ ਧੂੜ ਦੀ ਜਾਣਕਾਰੀ ਹੈ
ਤੇ ਅਸੀਂ ਦਰਦ ਨਾਲ ਤਿਲਮਿਲਾਉਂਦੇ ਹਾਂ।
ਗਵੱਈਏ...
ਦੌੜਾਕ...
ਅਮਨ-ਪਸੰਦ...
ਕਿਸੇ ਨੂੰ ਸਾਡੇ ਅੰਦਰਲੇ ਉਬਲ਼ਦੇ ਤੂਫ਼ਾਨ ਦੀ ਜਾਣਕਾਰੀ ਨਹੀਂ।
ਕਿਸੇ ਨੂੰ ਇਹ ਜਾਨਣ ਦਾ ਫ਼ਿਕਰ ਨਹੀਂ
ਕਿ ਅਸੀਂ ਸਬਰ ਦੀ ਆਖ਼ਰੀ ਹੱਦ ਤੱਕ ਪਹੁੰਚ ਗਏ ਹਾਂ।

(ਸਿਪਨੋ ਸੀਪਾਮਲਾ, ਓ ਫ਼ੈਸਲੇ ਵਾਲੇ ਦਿਨ)

## 2. ਨਾਜ਼ਿਮ ਹਿਕਮਤ : ਜੀਵਨ ਤੇ ਰਚਨਾ

ਸ. ਹਰਭਜਨ ਸਿੰਘ ਹੁੰਦਲ ਦੁਆਰਾ ਪ੍ਰਕਾਸ਼ਿਤ ਦੂਸਰੀ ਪੁਸਤਕ 'ਨਾਜ਼ਿਮ ਹਿਕਮਤ : ਜੀਵਨ ਤੇ ਰਚਨਾ'। (ਐਮ.ਪੀ. ਪ੍ਰਕਾਸ਼ਨ ਦਿੱਲੀ, ਪੰਨੇ 166, ਮੁੱਲ 375) ਇਕ ਮੋਨੋਗ੍ਰਾਫ਼ ਦੇ ਰੂਪ ਵਿਚ ਹੈ। ਇਸ ਪੁਸਤਕ ਵਿਚ ਤੁਰਕੀ ਦੇ ਵਿਸ਼ਵ-ਪ੍ਰਸਿਧ ਕਵੀ ਨਾਜ਼ਿਮ ਹਿਕਮਤ (1902-1963) ਦੇ ਜੀਵਨ ਅਤੇ ਸੰਘਰਸ਼ ਨੂੰ ਅੰਕਿਤ ਕੀਤਾ ਗਿਆ ਹੈ। ਪਰੰਤੂ ਇਸ ਪੁਸਤਕ ਦੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਉਹ ਨਾਜ਼ਿਮ ਹਿਕਮਤ ਦੀਆਂ ਚੋਣਵੀਆਂ ਕਵਿਤਾਵਾਂ ਦੇ ਪੰਜਾਬੀ ਅਨੁਵਾਦ ਨੂੰ ਵੀ ਦੋ ਭਾਗਾਂ ਵਿਚ ਪ੍ਰਕਾਸ਼ਿਤ ਕਰ ਚੁੱਕਾ ਹੈ। ਨਾਜ਼ਿਮ ਹਿਕਮਤ ਨਾਲ ਉਸਦਾ ਰਿਸ਼ਤਾ ਕਾਫ਼ੀ ਪੁਰਾਣਾ ਹੈ। ਆਪਣੇ ਇਸ ਮੋਨੋਗ੍ਰਾਫ਼ ਦੇ ਆਰੰਭ ਵਿਚ ਹੁੰਦਲ ਨੇ ਨਾਜ਼ਿਮ ਬਾਰੇ ਪਾਬਲੋ ਨੇਰੂਦਾ, ਫ਼ੈਜ਼ ਅਹਿਮਦ ਫ਼ੈਜ਼, ਅਜ਼ੀਜ਼

ਚਿਲੇਸ਼ਲਰ ਅਤੇ ਸਿਮੋਨੇਵ ਦੇ ਸ਼ਰਧਾਂਜਲੀ-ਨੁਮਾ ਲੇਖ ਪ੍ਰਕਾਸ਼ਿਤ ਕਰ ਕੇ ਇਸ ਪੁਸਤਕ ਦੇ ਗੌਰਵ ਵਿਚ ਕਾਫ਼ੀ ਵਾਧਾ ਕਰ ਦਿੱਤਾ ਹੈ। ਸਿਮੋਨੇਵ, ਨਾਜ਼ਿਮ ਹਿਕਮਤ ਦਾ ਵਿਅਕਤੀ-ਚਿੱਤਰ ਪੇਸ਼ ਕਰਦਾ ਹੋਇਆ ਲਿਖਦਾ ਹੈ। "ਉਹ ਲੰਮਾ, ਸੁੰਦਰ, ਬਲਵਾਨ ਤੇ ਲਾਲ-ਵਾਲ਼ਾਂ ਵਾਲ਼ਾ ਸੀ। ਉਸਦੀਆਂ ਅੱਖਾਂ ਨਿੱਕੀਆਂ ਤੇ ਚਿਹਰਾ ਬਾਜ਼ ਵਰਗਾ ਪਰ ਛੋਟਾ ਸੀ। ਉਹ ਨਿੱਕੇ ਕਦਮ ਪੁੱਟਦਾ ਸੀ ਤੇ ਚੁਸਤੀ ਨਾਲ ਹੱਥ ਮਿਲਾਉਂਦਾ ਸੀ। ਉਹ ਆਪਣੀ ਮੁਸਕਾਨ ਰਾਹੀਂ ਨਾਰਾਜ਼ ਹੁੰਦਾ ਤੇ ਮੁਸਕਾਨ ਰਾਹੀਂ ਹੱਸਦਾ ਸੀ। ਉਹ ਅੱਗ ਬਾਲਣ ਤੇ ਆਪਣੇ ਮਿੱਤਰਾਂ ਲਈ ਖ਼ੁਦ ਰਿੰਨ੍ਹ-ਪਕਾ ਕੇ ਖ਼ੁਸ਼ ਸੀ ਤੇ ਜਦੋਂ ਉਹਦੇ ਮਿੱਤਰ ਉਹਦੇ ਲਈ ਇੰਝ ਕਰਦੇ ਤਾਂ ਬੜਾ ਖ਼ੁਸ਼ ਹੁੰਦਾ ਸੀ। ਉਹ ਸ਼ਰਾਬ ਦੀ, ਮੀਟ ਦੀ, ਤੇ ਰੋਟੀ ਦੀ ਸੁਗੰਧੀ ਨੂੰ ਪਿਆਰਦਾ ਸੀ।" (ਪੰਨਾ-23)

ਨਾਜ਼ਿਮ ਕਿਹਾ ਕਰਦਾ ਸੀ ਕਿ ਮੈਂ ਉਸ ਦੇਸ਼ ਵਿਚ ਰਹਿੰਦਾ ਹਾਂ, ਜਿਥੇ ਕਵਿਤਾ ਰੂਹ ਦੀ ਪਹਿਲੀ ਲੋੜ ਹੈ।...ਮੇਰੀ ਕਵਿਤਾ ਦੀਆਂ ਜੜ੍ਹਾਂ ਦੇਸ਼ ਦੀ ਮਿੱਟੀ ਵਿਚ ਹੀ ਰਹਿੰਦੀਆਂ ਹਨ ਪਰ ਇਸ ਦੀਆਂ ਟਹਿਣੀਆਂ ਨਾਲ ਮੈਂ ਸਭ ਦੇਸ਼ਾਂ ਤਕ ਪਹੁੰਚਣਾ ਚਾਹੁੰਦਾ ਹਾਂ, ਨਾਜ਼ਿਮ ਦੇ ਕਾਵਿ ਅਨੁਭਵ ਉੱਪਰ ਰੂਸੀ ਕਵੀ ਮਾਇਕੋਵਸਕੀ ਨੇ ਵੀ ਕਾਫ਼ੀ ਪ੍ਰਭਾਵ ਪਾਇਆ ਸੀ। ਇਸ ਪ੍ਰਭਾਵ ਨੂੰ ਸਵੀਕਾਰ ਕਰਦਾ ਹੋਇਆ ਉਹ ਲਿਖਦਾ ਹੈ ਕਿ ਮਾਇਕੋਵਸਕੀ ਮੇਰਾ ਉਸਤਾਦ ਸੀ ਪਰ ਮੈਂ ਉਸ ਵਾਂਗ ਨਹੀਂ ਲਿਖਦਾ। ਸਾਡੀ ਕਵਿਤਾ ਵਿਚ ਜੋ ਸਾਂਝਾ ਹੈ, ਉਹ ਇਸ ਤਰ੍ਹਾਂ ਹੈ ਪਹਿਲਾਂ, ਕਵਿਤਾ ਤੇ ਵਾਰਤਕ ਵਿਚਲੀ ਵੰਡ ਦਾ ਟੁੱਟਣਾ। ਦੂਜਾ, ਕਵਿਤਾ ਦੀ ਵੱਖ-ਵੱਖ ਕਾਵਿ ਸ਼ੈਲੀਆਂ ਵਿਚ ਵੰਡ ਅਤੇ ਤੀਜਾ, ਰਾਜਨੀਤੀ ਤੇ ਕਵਿਤਾ ਦੀ ਭਾਸ਼ਾ ਵਿਚਲੀ ਵੰਡ ਦਾ ਟੁੱਟਣਾ। (ਪੰਨਾ-39)

ਜਵਾਨੀ ਵਿਚ ਨਾਜ਼ਿਮ ਹਿਕਮਤ ਨੇ 1921 ਤੋਂ 1928 ਈ. ਤਕ ਕਈ ਵਰ੍ਹੇ ਮਾਸਕੋ ਵਿਚ ਬਿਤਾਏ। ਦੇਸ਼ ਪਰਤਣ ਉੱਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਛੇ ਕੁ ਮਹੀਨੇ ਜੇਲ੍ਹ ਵਿਚ ਰਹਿਣ ਉਪਰੰਤ ਉਸਨੂੰ ਆਜ਼ਾਦ ਕਰ ਦਿੱਤਾ ਗਿਆ। ਅਗਲੇ ਦਸ ਵਰ੍ਹੇ ਉਸ ਨੇ ਬਹੁਤ ਸਾਰਾ ਸਾਹਿਤ ਰਚਿਆ। ਇਹ ਸਾਹਿਤ ਇਨਕਲਾਬੀ ਸੀ ਅਤੇ ਇਸ ਕਾਰਨ ਉਸ ਨੂੰ 15 ਸਾਲ ਦੀ ਸਜ਼ਾ ਸੁਣਾਈ ਗਈ। ਪਰ ਇਹ ਕੈਦ ਖ਼ਤਮ ਨਾ ਹੋਈ ਅਤੇ 1950 ਈ. ਤਕ ਚਲਦੀ ਰਹੀ। ਬਾਅਦ ਵਿਚ ਉਸ ਨੂੰ ਰਿਹਾਅ ਤਾਂ ਕਰ ਦਿੱਤਾ ਗਿਆ ਪਰ ਡਰ ਸੀ ਕਿ ਫੇਰ ਗ੍ਰਿਫ਼ਤਾਰ ਨਾ ਕਰ ਲਿਆ ਜਾਵੇ। ਇਸ ਕਾਰਨ ਉਹ 1950 ਈ. ਵਿਚ ਮਾਸਕੋ ਚਲਾ ਗਿਆ ਅਤੇ ਅੰਤਿਮ ਤੇਰ੍ਹਾਂ ਵਰ੍ਹੇ ਉਸ ਨੇ ਜਲਾਵਤਨੀ ਵਿਚ ਗੁਜ਼ਾਰੇ। ਅੰਤ 1963 ਈ. ਤੁਰਕੀ ਭਾਸ਼ਾ ਦਾ ਇਹ ਮਹਾਨ ਕਵੀ ਚਲਾਣਾ ਕਰ ਗਿਆ।

ਉਸ ਨੇ ਇਕ ਨਵਾਂ ਕਾਵਿ-ਸ਼ਾਸਤਰ ਤਿਆਰ ਕੀਤਾ। ਉਹ ਕਿਹਾ ਕਰਦਾ ਸੀ ਕਿ ਬਿਲਕੁਲ ਆਜ਼ਾਦ ਨਜ਼ਮ ਦੀ ਹੋਂਦ ਤਾਂ ਸੰਭਵ ਹੀ ਨਹੀਂ ਹੈ। ਸ਼ਬਦਾਂ ਨੂੰ ਕਿਸੇ ਤਰਤੀਬ ਵਿਚ ਜੋੜਨਾ ਇਕ ਪਾਬੰਦੀ ਹੈ ਅਤੇ ਸ਼ਿਅਰ ਵਿਚ ਕੁਝ ਬੰਦਿਸ਼ਾਂ ਵੀ ਹੁੰਦੀਆਂ ਹਨ ਤਾਂ ਕਿ ਸ਼ਿਅਰ ਵਾਰਤਕ ਦੀ ਪੱਧਰ ਤੋਂ ਉੱਚਾ ਉੱਠ ਸਕੇ। ਹਰ ਸ਼ਿਅਰ ਨੂੰ ਕਿਸੇ ਖ਼ਾਸ ਰਿਦਮ, ਲੈਅ ਜਾਂ ਆਵਾਜ਼ਾਂ ਦਾ ਪਾਬੰਦ ਹੋਣਾ ਚਾਹੀਦਾ ਹੈ। ਹਰ ਭਾਸ਼ਾ ਦਾ ਲਹਿਜ਼ਾ ਅਤੇ ਲੈਅ ਵਿਲੱਖਣ ਹੁੰਦੀ ਹੈ। ਇਸ ਲਈ ਸਾਨੂੰ ਹੋਰ ਭਾਸ਼ਾਵਾਂ ਦੇ ਬਹਿਰਾਂ ਦੀ ਨਕਲ ਨਹੀਂ ਕਰਨੀ ਚਾਹੀਦੀ। ਅਰਬਾਂ ਨੇ ਆਪਣੀ ਭਾਸ਼ਾ ਦੇ ਰਿਦਮ ਆਪਣੇ ਲੋਕ ਗੀਤਾਂ ਤੇ ਨਗ਼ਮਿਆਂ ਤੋਂ ਪ੍ਰਾਪਤ ਕੀਤੇ ਸਨ। ਉਨ੍ਹਾਂ ਦੀ ਲੈਅ ਦਾ ਅਸਲ ਸੋਮਾ 'ਊਠਾਂ ਦੀ ਚਾਲ' ਦਾ ਰਿਦਮ ਸੀ। ਸਾਨੂੰ ਅਰਬਾਂ ਦੀ ਲਕੀਰ ਦੇ ਫ਼ਕੀਰ ਨਹੀਂ ਬਣਨਾ ਚਾਹੀਦਾ।

ਨਾਜ਼ਿਮ ਹਿਕਮਤ ਦੇ ਜੀਵਨ ਅਤੇ ਰਚਨਾ ਬਾਰੇ ਏਨੀ ਖੋਜ ਭਰਪੂਰ ਪੁਸਤਕ ਲਿਖਣ ਲਈ ਮੈਂ ਹਰਭਜਨ ਸਿੰਘ ਹੁੰਦਲ ਦਾ ਧੰਨਵਾਦ ਕਰਦਾ ਹਾਂ।

*(ਪ੍ਰੋ. ਬ੍ਰਹਮ ਜਗਦੀਸ਼ ਸਿੰਘ)*



ਰੀਵਿਊ :

## ਸਮਕਾਲੀ ਰਾਜਨੀਤਕ ਅਤੇ ਸਮਾਜਿਕ ਸੰਵਾਦ ਦੀ ਸ਼ਾਇਰੀ: ਸੂਰਜ ਦਾ ਹਲ਼ਫ਼ੀਆ ਬਿਆਨ

'ਧੁੱਪ ਦੀ ਤਲਾਸ਼' ਤੋਂ ਬਾਅਦ ਨਵਤੇਜ ਗੜ੍ਹਦੀਵਾਲਾ ਦਾ ਦੂਜਾ ਕਾਵਿ-ਸੰਗ੍ਰਹਿ 'ਸੂਰਜ ਦਾ ਹਲ਼ਫ਼ੀਆ ਬਿਆਨ' (ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ, ਪੰਨੇ-96, ਮੁੱਲ 100 ਰੁਪਿਆ) 2014 ਵਿੱਚ ਛਪਿਆ ਹੈ। ਇਨ੍ਹਾਂ ਦੋਨਾਂ ਪੁਸਤਕਾਂ ਵਿੱਚ ਨਵਤੇਜ ਗੜ੍ਹਦੀਵਾਲ਼ਾ ਸਮਕਾਲੀ ਰਾਜਨੀਤਕ ਅਤੇ ਸਮਾਜਿਕ ਸੰਵਾਦ ਦੀ ਸ਼ਾਇਰੀ ਲੈ ਕੇ ਹਾਜ਼ਰ ਹੋਇਆ ਹੈ। ਪਿਛਲੇ ਡੇਢ ਦਹਾਕੇ ਤੋਂ ਅਜਿਹੇ ਸ਼ਾਇਰੀ ਨੂੰ ਇਗਨੋਰ ਕੀਤਾ ਜਾ ਰਿਹਾ ਸੀ। 1990 ਤੋਂ ਰਾਜਨੀਤਕ ਸਰੋਕਾਰਾਂ ਵਾਲੀ ਸ਼ਾਇਰੀ ਪਿੱਛੇ ਚਲੇ ਗਈ ਸੀ। ਲੋਕਾਂ ਨੂੰ ਇੱਕ ਸੁਪਨਾ ਦਿਖਾਇਆ ਗਿਆ ਸੀ ਕਿ ਪੂੰਜੀਵਾਦ ਸਭ ਅਲਾਮਤਾਂ ਦਾ ਹੱਲ ਹੈ। ਦੁੱਖ, ਦਰਦ, ਪੀੜਾਂ, ਸੰਘਰਸ਼, ਕ੍ਰਾਂਤੀ ... ਇਹ ਸਭ ਬੀਤੇ ਦੀਆਂ ਗੱਲਾਂ ਹਨ। ਪੂੰਜੀਵਾਦੀ ਸਿਸਟਮ ਮਨੁੱਖ ਲਈ ਬਹੁਤ ਸਾਰੀਆਂ ਆਸ਼ਾਵਾਂ ਲੈ ਕੇ ਆਇਆ। ਉਨ੍ਹਾਂ ਲਈ ਵੱਡੇ-ਵੱਡੇ ਰੁਜ਼ਗਾਰ ਦੇ ਪੈਕਜ ਦਿਖਾਏ ਗਏ। ਵਿਅਕਤੀਗਤ ਆਜ਼ਾਦੀ ਅਤੇ ਖੁਸ਼ਹਾਲੀ ਦੀਆਂ ਲਹਿਰਾਂ ਬਹਿਰਾਂ ਹੋਣ ਲੱਗੀਆਂ ਪਰ ਇਹ ਸਿਰਫ਼ ਗੱਲਾਂ ਜਾਂ ਮੀਡੀਏ ਦੇ ਪ੍ਰਚਾਰ ਤੱਕ ਹੀ ਸੀਮਤ ਰਹਿ ਗਈਆਂ। ਡੇਢ ਦਹਾਕੇ ਵਿੱਚ ਇਹ ਅਮਲ ਵਿੱਚ ਨਾ ਵਾਪਰਿਆ ਸਗੋਂ ਆਜ਼ਾਦੀ, ਖੁਸ਼ਹਾਲੀ ਅਤੇ ਸਾਮਰਾਜ ਦੀਆਂ ਬਰਕਤਾਂ ਨੂੰ ਬੂਰ ਨਾ ਪਿਆ। ਇਸ ਨਾਲ ਸੁਪਨਾ ਚਕਨਾਚੂਰ ਹੋ ਗਿਆ। ਪਿਛਲੇ ਕੁਝ ਸਾਲਾਂ ਤੋਂ ਸੁਪਨੇ ਦੇ ਤਿੜਕਣ ਦੀ ਗਾਥਾ ਵਾਲਾ ਸਾਹਿਤ ਪੰਜਾਬੀ ਵਿੱਚ ਆਉਣ ਲੱਗਾ। ਇਸੇ ਲੜੀ ਵਿੱਚ ਨਵਤੇਜ ਗੜ੍ਹਦੀਵਾਲਾ ਦੀ ਸ਼ਾਇਰੀ ਜਨਮ ਲੈਂਦੀ ਹੈ।

ਨਵਤੇਜ ਗੜ੍ਹਦੀਵਾਲਾ ਰਾਜਨੀਤੀਕ ਸਰੋਕਾਰਾਂ ਦੀ ਸ਼ਾਇਰੀ ਵਾਲਾ ਸ਼ਾਇਰ ਹੈ। ਉਸ ਕੋਲ ਕਵਿਤਾ ਦਾ ਰਾਜਨੀਤਿਕ ਮੁਹਾਵਰਾ ਹੈ। ਉਸਦੀ ਕਵਿਤਾ ਸਮਾਜਿਕ ਕ੍ਰਾਂਤੀ ਦਾ ਹੋਕਾ ਦਿੰਦੀ ਹੈ। ਉਸ ਦੀ ਸਾਰੀ ਦੀ ਸਾਰੀ ਕਵਿਤਾ ਉੱਚੇ ਸੁਰ ਦੀ ਹੈ ਪਰ ਨਾਹਰਾ ਨਹੀਂ ਹੈ। ਉੱਚੀ ਸੁਰ ਕਵਿਤਾ ਦਾ ਦੋਸ਼ ਨਹੀਂ ਹੈ। ਸਮਾਜਿਕ 'ਤੇ ਰਾਜਨੀਤਕ ਨੂੰ ਖਲਕਤ ਅੱਗੇ ਪੇਸ਼ ਕਰਨ ਲਈ ਇਹ ਸੁਰ ਹੀ ਸੂਤ ਬੈਠਦੀ ਹੈ। ਅਜੋਕੇ ਦੌਰ ਵਿੱਚ ਜੋ ਹੇਠਲੇ ਬੰਦੇ ਨੂੰ ਮਾਰ ਪੈ ਰਹੀ ਹੈ, ਸਾਮਰਾਜੀ ਸ਼ਕਤੀਆਂ ਉਸ ਨੂੰ ਨਿਗਲਣ ਲੱਗੀਆਂ ਹੋਈਆਂ ਹਨ, ਉਹ ਉਨ੍ਹਾਂ ਸ਼ਕਤੀਆਂ 'ਤੇ ਉਂਗਲੀ ਵੀ ਧਰਦਾ ਹੈ 'ਤੇ ਅਜਿਹੀਆਂ ਖ਼ੌਫ਼ਨਾਕ ਸਥਿਤੀਆਂ ਵਿੱਚ ਬੰਦੇ ਲਈ ਰਾਹ ਵੀ ਤਲਾਸ਼ ਕਰਦਾ ਨਜ਼ਰ ਆਉਂਦਾ ਹੈ। ਉਹ ਦਲਿਤ 'ਤੇ ਦਮਿਤ ਦੇ ਪੱਖ ਦੀ ਗੱਲ ਕਰਦਾ ਹੈ। ਵਰਣ ਵਿਵਸਥਾ, ਜਾਤ-ਪਾਤੀ ਵੰਡ, ਮਨੂੰ ਵੰਡ ਦੇ ਵਰਤਾਰੇ ਦੀਆਂ ਤਹਿਆਂ ਫਰੋਲਦਾ ਹੈ। ਦਲਿਤ ਸਾਹਿਤ ਦੇ ਸਿਰਜਣ-ਹਾਰਿਆਂ ਨੇ ਬਹੁਤਾ ਸਾਹਿਤ ਰੁਦਨ 'ਤੇ ਹੀਣ ਭਾਵਨਾ ਦੀ ਮਾਨਸਿਕਤਾ ਵਾਲ਼ਾ ਲਿਖਿਆ ਹੈ ਪਰ ਨਵਤੇਜ ਦੀ ਕਵਿਤਾ ਅਜਿਹੇ ਰੁਦਨ ਤੋਂ ਮੁਕਤ ਹੈ। ਉਹ ਦਲਿਤ ਮਨੁੱਖ ਨੂੰ ਖੜਾ ਕਰਦਾ ਹੈ। ਜਾਤੀ-ਪਾਤੀ ਪ੍ਰਬੰਧ ਵਾਲੇ ਸਮਾਜ ਅਤੇ ਮਨੁੱਖ ਲਈ ਬਲੈਕ ਹੋਲ ਬਣੀਆਂ ਸ਼ਕਤੀਆਂ ਨੂੰ ਉਸ ਦਾ ਸ਼ੋਸਿਤ ਮਨੁੱਖ ਵੰਗਾਰ ਹੈ। ਨਵਤੇਜ ਇੱਕ ਪਾਸੇ 'ਸੂਰਜ ਦਾ ਹਲ਼ਫ਼ੀਆ ਬਿਆਨ' ਲਿਖ ਰਿਹਾ ਹੈ, ਦੂਜੇ ਪਾਸੇ 'ਧੁੱਪ ਦੀ ਤਲਾਸ਼' ਕਰ ਰਿਹਾ ਹੈ। ਉਹ ਵਾਰ-ਵਾਰ ਸੂਰਜ ਅਤੇ ਧੁੱਪ ਦੇ ਬਿੰਬ 'ਤੇ ਪ੍ਰਤੀਕ ਇਸ ਕਰਕੇ ਵਰਤ ਰਿਹਾ ਹੈ, ਉਹ ਇਕ ਸਾਬਤ ਸਬੂਤੇ ਮਨੁੱਖ ਦੀ ਹੋਂਦ ਤੇ ਹੋਣੀ ਲਈ ਚੰਗੀ ਆਸ ਲਾਈ ਬੈਠਾ ਹੈ। ਇਹ ਆਸ ਦੀਆਂ ਧੁਨੀਆਂ ਉਸਦੇ ਸਮਰਪਣ 'ਧੁੰਦ ਨਾਲ ਜੂਝ ਰਹੇ ਸੂਰਜਾਂ ਦੇ ਨਾਂ' ਤੋਂ ਹੀ ਸਪੱਸ਼ਟ ਹੋ ਜਾਂਦੀਆਂ ਹਨ।

ਇਹ ਕਾਗਜ਼ੀ ਰੌਲ਼ਾ, ਨਿਮਾਣੇ ਰਾਜ ਕਰਦੇ ਨੇ,
ਨਿਮਾਣੇ ਸੀਸ ਦਿੰਦੇ ਨੇ, ਘਰਾਣੇ ਰਾਜ ਕਰਦੇ ਨੇ।

ਇਹ ਸ਼ੇਅਰ ਨਵਤੇਜ ਗੜ੍ਹਦੀਵਾਲਾ ਦੀ ਪੁਸਤਕ 'ਧੁੱਪ ਦੀ ਤਲਾਸ਼' ਵਿੱਚ ਦਰਜ ਹੈ। ਇਹ ਸਤਰਾਂ ਇਤਿਹਾਸ ਦੇ ਗੌਰਵਸ਼ਾਲੀ ਪੁਰਖਿਆਂ ਦੀ ਰੌਸ਼ਨੀ ਵੰਡਦੀਆਂ ਹਨ।

ਇਸ ਸੱਚੇ ਸੁੱਚੇ ਤੱਥ ਉੱਤੇ ਇੱਕ ਕਿਤਾਬ ਲਿਖੀ ਜਾ ਸਕਦੀ ਹੈ। ਇਹ ਇੱਕ ਕਵਿਤਾ ਦਾ ਸ਼ੇਅਰ

ਨਹੀਂ ਹੈ। ਇਹ ਕੌੜਾ ਸੱਚਾ ਹੈ। "ਸੂਰਜ ਦਾ ਹਲਫ਼ੀਆ ਬਿਆਨ' ਕਵਿਤਾ ਦੀ ਸਮੁੱਚੀ ਸ਼ਾਇਰੀ ਇਸ ਕਵਿਤਾ ਦਾ ਵਿਸਥਾਰ ਹੀ ਹੈ ਅਤੇ ਕੇਂਦਰੀ ਧੁਰਾ ਵੀ। ਸਾਡੇ ਸਮਿਆਂ ਵਿੱਚ ਖੂੰਜੇ ਲਾਏ ਮਨੁੱਖ ਦੀ ਹੋਂਦ ਅਤੇ ਹੋਣੀ ਦਾ ਮਸਲਾ ਬਹੁਤ ਵੱਡਾ ਹੈ। ਕਿਉਂਕਿ ਰਾਜਨੀਤੀਕ ਅਤੇ ਸਮਾਜਿਕ ਤੌਰ 'ਤੇ ਉਸ ਦੁਆਲੇ ਜਕੜਬੰਦੀ ਬਹੁਤ ਮਜ਼ਬੂਤ ਹੈ। ਉਸ ਦੁਆਲੇ ਬੰਦਸ਼ਾ ਦਾ ਜਾਲ ਬੁਣਿਆ ਹੋਇਆ ਹੈ। ਉਸਨੂੰ ਨਰਕ ਦੇ ਖੂਹ ਵਿੱਚ ਧੱਕਾ ਦੇ ਦਿੱਤਾ ਗਿਆ ਹੈ। ਉਸ ਨੂੰ ਅਦਨਾ ਇਨਸਾਨ ਬਣਾ ਕੇ ਜੋਕਾਂ ਉਸਦਾ ਖ਼ੂਨ ਚੂਸ ਰਹੀਆਂ ਹਨ। ਨਵਤੇਜ ਦੀ ਕਵਿਤਾ ਦੀ ਇਹ ਸ਼ਕਤੀ ਹੀ ਹੈ ਕਿ ਉਹ ਅਜਿਹੇ ਵਰਤਾਰੇ ਦੇ ਖੂੰਜੇ ਫਰੋਲ ਮਾਰਦਾ ਹੈ। ਨਰਕ ਦੇ ਖੂਹ ਵਿੱਚੋਂ ਬਾਹਰ ਆਉਣ ਲਈ ਹੱਥ ਤਤਪਰ ਨਜ਼ਰ ਆਉਂਦੇ ਹਨ। ਉਸਦਾ ਨਾਇਕ ਸਮਾਜ ਅਤੇ ਸੱਤ੍ਹਾ 'ਤੇ ਕਾਬਜ਼ ਸ਼ਕਤੀਆਂ ਦੀ ਜਕੜਬੰਦੀ ਲਈ ਵੰਗਾਰ ਰਿਹਾ ਨਜ਼ਰ ਆਉਂਦਾ ਹੈ। ਭਾਵੇਂ ਯਥਾਰਥ ਵਿੱਚ ਅਦਨੇ ਇਨਸਾਨ ਦੀ ਅਜਿਹੀ ਸਥਿਤੀ ਭਰਪੂਰ ਰੂਪ ਵਿੱਚ ਨਹੀਂ ਹੈ ਪਰ ਨਵਤੇਜ ਉਨ੍ਹਾਂ ਲਈ ਲੜਾਈ ਦਾ ਮੈਦਾਨ ਤਿਆਰ ਕਰਨ ਤੋਂ ਪਹਿਲਾਂ ਉਹਨਾਂ ਨੂੰ ਬਗਾਵਤ ਦੀਆਂ ਸੋਚਾਂ ਦੇ ਰਿਹਾ ਹੈ। ਉਸਦੇ ਨਾਇਕ ਸੋਚਣ ਲੱਗ ਪਏ ਹਨ। ਫਿਊਜ ਹੋਏ ਬਲਬਾਂ ਨੂੰ ਲੋਅ ਕਰਨ ਲਈ ਕਹਿੰਦੇ ਹਨ। ਉਹ ਕਵਿਤਾ ਰਾਹੀਂ ਰਾਜਨੀਤਿਕ ਚਮਨ ਚੱਕਰ ਦੇ ਖਿਲਾਫ਼ ਲੋਕ ਚੇਤਨਾ ਨੂੰ ਜਗਾਉਂਦਾ ਹੈ।

ਭਾਰਤੀ ਜਾਤੀ-ਪਾਤੀ ਪ੍ਰਬੰਧ ਨੇ ਦੇਸ਼ ਦੀ ਤਰੱਕੀ ਨਹੀਂ ਹੋਣ ਦਿੱਤੀ। ਭਾਰਤ ਦੀਆਂ ਨੀਂਹਾਂ ਚਮਤਕਾਰਾਂ, ਵਰਣ ਵਿਵਸਥਾ, ਅਨਿਆਂ ਅਤੇ ਗ਼ੈਰ ਬਰਾਬਰੀ 'ਤੇ ਉਸਰੀਆਂ ਹੋਈਆਂ ਹਨ। ਮਨੁੱਖਾਂ ਦੀ ਸਮਾਜਿਕ ਪਛਾਣ ਹੀ ਨਹੀਂ ਰਹੀ। ਉਨ੍ਹਾਂ ਨੂੰ ਪਸ਼ੂ ਜੂਨ ਵੱਲ ਧੱਕ ਦਿੱਤਾ ਗਿਆ। ਇਸ ਨਾਲ ਮਨੁੱਖੀ ਜੀਵਨ ਦੇ ਅਰਥ ਸਦਾ ਲਈ ਗਵਾਚ ਗਏ। ਇਹ ਨਸਲਕੁਸ਼ੀ ਦਾ ਵਰਤਾਰਾ ਸਦੀਆਂ ਤੋਂ ਸ਼ੁਰੂ ਹੋਇਆ ਅੱਜ ਵੀ ਜਾਰੀ ਹੈ। ਉਹ ਲੋਕ ਜੋ ਕਦੇ ਇਸ ਦੇਸ਼ ਦੇ ਮੁਢਲੇ ਵਾਸੀ ਸਨ, ਚਰਾਂਦਾਂ, ਪਹਾੜੀਆਂ, ਜੰਗਲਾਂ ਤੇ ਦਰਿਆਵਾਂ ਦੇ ਮਾਲਕ ਸਨ, ਆਪਣੇ ਹੀ ਦੇਸ਼ ਵਿੱਚ ਬਨਵਾਸ ਭੋਗ ਰਹੇ ਹਨ ਅਤੇ ਕੁਦਰਤੀ ਸਾਧਨਾਂ ਦੇ ਮਾਲਕ ਗ਼ੁਲਾਮ ਬਣ ਗਏ ਹਨ। ਇਹ ਕਵਿਤਾਵਾਂ ਉਨ੍ਹਾਂ ਦੀਆਂ ਕਥਾਵਾਂ ਹਨ। ਉਹ ਕੁੱਲੀ ਗੁੱਲੀ ਜੁੱਲੀ ਤੇ ਆਪਣੀ ਪਛਾਣ ਲਈ ਲੜ ਰਹੇ ਹਨ। ਇਹ ਇਕੱਲੇ ਸੁਹਜ ਸੁਆਦ ਦੀ ਕਵਿਤਾ ਨਹੀਂ ਹੈ, ਸਗੋਂ ਮੁਕਤੀ ਦਾ ਪ੍ਰਵਚਨ ਹੈ।

ਸੱਤ੍ਹਾ ਕੋਲ਼ ਮਨੁੱਖ ਨੂੰ ਦਬਾਉਣ ਲਈ ਅਨੇਕਾਂ ਹਥਿਆਰ ਹਨ। ਉਨ੍ਹਾਂ ਕੋਲ ਸਭ ਤੋਂ ਕਾਰਗਰ ਹਥਿਆਰ ਧਰਮ ਦਾ ਹੈ। ਧਰਮ ਅਤੇ ਰਾਜਨੀਤੀ ਆਮ ਮਨੁੱਖ ਨੂੰ ਹਾਸ਼ੀਏ 'ਤੇ ਸੁੱਟ ਕੇ ਕਾਰਪੋਰੇਟੀ ਤੇ ਘਰਾਣਾ ਬਲਸ਼ਾਲੀ ਮਨੁੱਖ ਨੂੰ ਕੇਂਦਰ ਵਿੱਚ ਲਿਆਉਂਦੇ ਹਨ। ਨਵਤੇਜ ਵਾਰ-ਵਾਰ ਧਰਮ ਨਾਲ ਸੰਵਾਦ ਰਚਾਉਂਦਾ ਹੈ। ਸਰਬੱਤ ਦੇ ਭਲੇ ਨੂੰ ਅੱਗੇ ਲਿਆਉਂਦਾ ਹੈ। ਧਰਮ ਕਿਸ ਰਾਜਨੀਤੀ ਅਤੇ ਕਿਸ ਮਨੁੱਖ ਲਈ ਵਰਤਿਆ ਜਾ ਰਿਹਾ ਹੈ, ਉਹ ਉਸ ਉੱਤੇ ਉਂਗਲ ਧਰਦਾ ਹੈ। ਭਾਵੇਂ ਉਸਦੀ ਬਹੁਤੀ ਕਵਿਤਾ ਰਾਜਨੀਤਕ ਗਲਿਆਰਿਆਂ ਦੇ ਦ੍ਰਿਸ਼ ਅਤੇ ਅਦ੍ਰਿਸ਼ ਪੇਸ਼ ਕਰਦੀ ਹੈ ਪਰ ਉਹ ਧਰਮਾਂ ਰਾਹੀਂ ਰਾਜਨੀਤੀ ਕਰ ਰਹੇ ਸਵਾਲਾਂ ਨੂੰ ਵੀ ਮੁਖਾਤਬ ਹੈ।

ਏਨਾਂ ਤਾਂ ਹੁਣ ਜਾਣ ਗਈ ਹਾਂ
ਡੂੰਘੀ ਰਮਜ਼ ਪਛਾਣ ਗਈ ਹਾਂ
ਆਦਿ-ਜੁਗਾਦੋਂ
ਧਰਮ ਅਤੇ ਠੂੰਹੇਂ ਦੀ ਜੋਟੀ
ਦੋਹਾਂ ਦੀ ਇੱਕੋ ਲੰਗੋਟੀ
ਪਰ ਮੇਰਾ ਤਾਂ ਧਰਮ ਹੈ ਰੋਟੀ
ਭੁੱਖ ਦਾ ਮਸਲਾ ਭਖਵਾਂ ਮਸਲਾ
ਨੱਪਿਆ ਦੋਹਾਂ ਵੇਖ ਰਹੀ ਹਾਂ
ਬਚਪਨ ਤੋਂ ਹੀ ਝੰਡੇ ਵੇਚ ਰਹੀ ਹਾਂ
(ਝੰਡੇ ਵੇਚ ਰਹੀ ਹਾਂ/88)



ਉਹ ਸਿੱਖ ਲਹਿਰ ਜਿਸਨੇ ਦਲਿਤਾਂ, ਦਮਿਤਾਂ ਅਤੇ ਸ਼ੋਸ਼ਤ ਲੋਕਾਂ ਦਾ ਝੰਡਾ ਬਣਨਾ ਸੀ, ਬਣ ਨਾ ਸਕੀ ਅਤੇ ਮਾਤੜ੍ਹ ਬੰਦਿਆਂ ਭਾਈਚਾਰਿਆਂ ਨੂੰ ਡਰਾਉਣ ਵਾਲੇ ਹਰ ਜਾਬਰ ਲਈ ਖ਼ੌਫ਼ ਬਣਨਾ ਸੀ, ਬਣ ਨਾ ਸਕੀ ਖ਼ਾਸ ਕਰ ਉਸ ਲਹਿਰ ਨਾਲ ਸੰਵਾਦ ਰਚਾਉਂਦਾ ਹੈ। 'ਕਾਰ ਨੰਬਰ 1699' ਅਤੇ 'ਸੈਰ 'ਤੇ ਜਾ ਰਿਹਾ ਹਾਂ' ਕਵਿਤਾਵਾਂ ਸਿੱਖ ਬੰਦੇ ਦੇ ਦੋਹਰੇ ਕਿਰਦਾਰ ਦੀਆਂ ਕਵਿਤਾਵਾਂ ਹਨ।

ਨਵਤੇਜ ਦੀ ਕਵਿਤਾ ਨੂੰ ਦਲਿਤ ਕਹਿਣਾ ਉਸ ਨਾਲ ਬੇਇਨਸਾਫ਼ੀ ਹੋਏਗੀ। ਉਹ ਜਾਤੀ-ਪਾਤੀ ਪ੍ਰਬੰਧ ਦਾ ਵਿਰੋਧੀ ਸ਼ਾਇਰ ਜ਼ਰੂਰ ਹੈ। ਉਂਝ ਉਸ ਦੀਆਂ ਕਵਿਤਾਵਾਂ ਦੱਬੇ ਕੁਚਲੇ, ਵੱਢੀਆਂ ਟੁੱਕੀਆਂ ਜਾਤਾਂ, ਪਛੜੇ ਵਰਗਾਂ ਅਤੇ ਆਮ ਆਦਮੀ ਦੇ ਹੱਕ ਵਿਚ ਖਲ਼ੋਂਦੀਆਂ ਹਨ। ਦਰਅਸਲ ਉਹ ਝੁਕੀਆਂ ਧੌਣਾਂ ਦੀ ਹਾਲਤ ਬਿਆਨ ਕਰਦਾ ਹੈ।

ਨਿਤਾਣੇ ਕੀਤਿਆਂ ਨੂੰ
ਹੁਕਮ ਦੇ ਗੋਲੇ ਬਣਾਈ ਰੱਖਣ ਲਈ
ਟੇਢੀ ਅੱਖ ਵਾਲੇ ਵਿਦਵਾਨਾਂ ਦੁਆਰਾ ਮੰਤਰੇ
ਸਾਡੀ ਪਟਾਰੀ 'ਚ ਨੇ
ਅਦ੍ਰਿਸ਼ਟ ਧਾਗਿਆਂ ਦੇ ਗੋਲ਼ੇ
ਐਵਈਂ ਤਾਂ ਨਈਂ
ਸੱਠ ਘੜੀਆਂ ਹੀ ਸਾਡਾ ਸੂਰਜ ਬਲ਼ਦਾ
(ਸ਼ੇਰ ਤੋਂ ਚੂਹਾ)

ਨਵਤੇਜ ਦੀ ਕਵਿਤਾ ਜੁਝਾਰੂ ਪ੍ਰਵਿਰਤੀ ਵਾਲੀ ਹੈ। ਉਹ ਲੁੱਟੇ ਗਏ ਮਨੁੱਖਾਂ ਨੂੰ ਲੁੱਟ ਖਸੁੱਟ ਦਾ ਅਹਿਸਾਸ ਕਰਵਾਉਂਦਾ ਹੈ। ਉਹ ਅਨਿਆਂ ਅਤੇ ਗ਼ੈਰ ਬਰਾਬਰੀ ਵਾਲੀ ਰਾਜਨੀਤੀ ਦੀ ਪਛਾਣ ਕਰਾਉਂਦਾ ਹੈ। ਉਸਦੀ ਊਰਜਾ ਅੱਖਰਾਂ ਵਿੱਚ ਸ਼ਕਤੀ ਭਰਦੀ ਹੈ।

ਤਾਰਿਆਂ ਵਰਗੇ ਸ਼ਬਦ ਬੀਜਦਾ
ਚਾਨਣ ਪਿਆ ਉਗਾਵੇ
ਭੇਦ ਮਿਟਾਵੇ ਉਹ ਤਾਂ ਨਗਮਾ ਦੁਧੀਆ ਰਾਹ ਦਾ
ਹੇਕਾਂ ਲਾ ਕੇ ਗਾਵੇ
ਤਖ਼ਤ ਹਿਲਾਵੇ
ਹਾਕਮ ਡਾਢਾ ਪਕੜ ਕੁਹਾੜਾ
ਭਾਵੇਂ ਸੀਸ ਉਡਾਵੇ
ਭੈ ਨਾ ਆਵੇ।

ਉਸਦੀ ਹਰ ਕਵਿਤਾ ਵਿੱਚ ਇੱਕ ਕਹਾਣੀ ਪਈ ਹੈ। ਇਹ ਕਹਾਣੀ ਹੀ ਕਵਿਤਾ ਦਾ ਸਰੂਪ ਸਿਰਜਦੀ ਹੈ। ਇਹ ਕਹਾਣੀ ਹੀ ਰਸ ਪੈਦਾ ਕਰਦੀ ਹੈ। ਉਸਦੀਆਂ ਕਵਿਤਾਵਾਂ ਲੰਬੀਆਂ ਹੋਣ ਦੇ ਬਾਵਜੂਦ ਝੋਲ ਨਹੀਂ ਮਾਰਦੀਆਂ। ਨਵਤੇਜ ਦੀ ਕਵਿਤਾ ਦੀ ਭਾਸ਼ਾ ਆਮ ਮਨੁੱਖ ਦੇ ਸਮਝ ਆਉਣ ਵਾਲੀ ਹੈ। ਉਹ ਪਾਠਕ ਨੂੰ ਭਾਸ਼ਾ ਦੀਆਂ ਘੁੰਮਣ ਘੇਰੀਆਂ ਵਿੱਚ ਨਹੀਂ ਪਾਉਂਦਾ ਉਹ ਅਦਨੇ ਇਨਸਾਨ ਦੀ ਭਾਸ਼ਾ ਪੇਸ਼ ਕਰਦਾ ਹੈ। ਉਸਦੀਆਂ ਛੋਟੀਆਂ-ਛੋਟੀਆਂ ਗੱਲਾਂ ਵੱਡੇ ਅਰਥਾਂ ਵਾਲੀਆਂ ਕਵਿਤਾਵਾਂ ਪੈਦਾ ਕਰਦੀਆਂ ਹਨ। ਇਹ ਕਵਿਤਾ ਰਾਜਨੀਤਕ ਅਤੇ ਸਮਾਜਿਕ ਬੁਰਛਾਗਰਦੀ ਦਾ ਵਿਰੋਧ ਹੀ ਨਹੀਂ ਕਰਦੀ ਸਗੋਂ ਰੋਹ ਤੇ ਵਿਦਰੋਹ ਨੂੰ ਜਨਮ ਵੀ ਦਿੰਦੀ ਹੈ। ਨਵਤੇਜ 'ਤੇ ਮਾਣ ਕਰਨਾ ਬਣਦਾ ਹੈ ਕਿਉਂਕਿ ਉਹ ਸੱਚ ਦੇ ਦੀਵੇ ਬਾਲ ਕੇ ਚਾਰੇ ਪਾਸੇ ਰੌਸ਼ਨੀ ਕਰਨੀ ਚਾਹੁੰਦਾ ਹੈ।

*(ਅਜਮੇਰ ਸਿੱਧੂ)*
*ਫੋਨ : 94630-63990*

ਰੀਵਿਊ :

## 'ਚੇਤਨਾ ਦੀ ਮਹਿਕ ਖਿਲਾਰਨ ਤੇ ਰੋਸ਼ਨੀਆਂ ਦੀ ਜ਼ਮੀਨ ਤਲਾਸ਼ਦਾ ਸ਼ਾਇਰ ਮੰਗਤ ਚੰਚਲ'

ਆਮ ਤੌਰ 'ਤੇ ਗ਼ਜ਼ਲ ਜਗੀਰਦਾਰੀ ਸਾਮੰਤਵਾਦੀ ਸਮਾਜ ਵਿਚ ਵਿਚਰਦੇ ਲੋਕਾਂ ਦੇ ਮਨੋਰੰਜਨ ਦਾ ਸਾਧਨ ਰਹੀ ਹੈ। ਇਕ ਲੰਮਾ ਸਮਾਂ ਇਹ ਸਾਮੰਤੀ ਹਾਕਮਾਂ ਦੀਆਂ ਵਿਲਾਸੀ ਰੁਚੀਆਂ ਨੂੰ ਤ੍ਰਿਪਤ ਕਰਦੀ ਰਹੀ ਹੈ। ਪਰ ਅਜ ਇਸਨੇ ਆਪਣਾ ਕਿਰਦਾਰ ਬਦਲ ਲਿਆ ਹੈ। ਅੱਜ ਇਕ ਰਾਜਪੱਥ ਨੂੰ ਛੱਡ ਕੇ ਪਿੰਡਾਂ ਵਿਚ ਵਸਦੇ ਆਮ ਲੋਕਾਂ ਦੀਆਂ ਕਲਮਾਂ ਨੂੰ ਫੜ ਕੇ ਆਪਣੇ ਪਰ ਪਸਾਰ ਰਹੀ ਹੈ। ਹੁਣ ਇਹ ਇਸ਼ਕ ਮੁਸ਼ਕ ਦੀਆਂ ਗੱਲਾਂ ਕਰਨ ਤੋਂ ਪਰ੍ਹਾ ਹੱਟ ਕੇ, ਸ਼ਰਾਬ ਦੇ ਜਾਮ ਛਲਕਾਉਣ ਵਾਲੀਆਂ ਹਰਕਤਾਂ ਤੋਂ ਦੂਰ ਮਜ਼ਦੂਰਾਂ ਮੁਲਾਜ਼ਮਾਂ ਕਿਰਤੀ ਕਿਰਸਾਨਾਂ, ਵਿਦਿਆਰਥੀਆਂ ਤੇ ਆਮ ਸਾਧਾਰਨ ਲੋਕਾਂ ਦੇ ਸੁਪਨਿਆਂ ਨੂੰ ਸਜਾਉਣ ਲਈ ਕੀਤੇ ਜਾਣ ਵਾਲੇ ਸੰਘਰਸ਼ਾਂ ਵਿਚ ਵੀ ਹਿੱਸਾ ਪਾਉਂਦੀ ਦਿਸ ਰਹੀ ਹੈ। ਮੰਗਤ ਚੰਚਲ ਨੂੰ ਮੈਂ ਮੁਲਾਜ਼ਮਾਂ ਤੇ ਹੋਰ ਲੋਕਾਂ ਲਈ ਸੰਘਰਸ਼ ਕਰਨ ਵਾਲੀਆਂ ਜਥੇਬੰਦੀਆਂ ਵਿਚ ਵਿਚਰਦਿਆਂ ਤੱਕਿਆ ਹੈ। ਉਹ ਤੁਹਾਨੂੰ ਸੰਘਰਸ਼ਾਂ ਵਿਚ ਲਾਮਬੰਦ ਹੋਏ ਲੋਕਾਂ ਦੇ ਜਲਸਿਆਂ ਵਿਚ ਆਈਆਂ ਗ਼ਜ਼ਲਾਂ ਰਾਹੀਂ ਚੇਤਨਾ ਦੀ ਤਿੱਖੀ ਮਹਿਕ ਖਿਲਾਰਦਿਆਂ ਮਿਲ ਜਾਵੇਗਾ। ਉਹ ਅਧਿਆਪਕਾਂ ਦੀ ਜਥੇਬੰਦੀ ਵਿਚ ਸਰਗਰਮ ਰਿਹਾ ਹੈ। ਇਹੋ ਕਾਰਨ ਹੈ ਕਿ ਉਸਦੀਆਂ ਗ਼ਜ਼ਲਾਂ ਵਿਚ ਮਾਨਵੀ ਪੀੜਾ ਨੂੰ ਵੀ ਅਭਿਵਿਅਕਤੀ ਮਿਲੀ ਹੈ। ਉਸ ਦੀ ਦਿਲੀ ਖਾਹਿਸ਼ ਹੈ ਕਿ ਉਹ ਲੋਕਾਂ ਦੇ ਹਿੱਤਾਂ ਦੀ ਗੱਲ ਕਰੇ। ਇਸ ਤਰ੍ਹਾਂ ਉਸਦੀ ਸ਼ਾਇਰੀ ਆਪਣੇ ਆਪ ਹੀ ਉਸਨੂੰ ਜਨ ਸਾਧਾਰਨ ਦੇ ਨੇੜੇ ਲੈ ਜਾਂਦੀ ਹੈ। ਉਨ੍ਹਾਂ ਦੇ ਦੁੱਖਾਂ ਸੁੱਖਾਂ, ਉਨ੍ਹਾਂ ਦੀਆਂ ਖੁਸ਼ੀਆਂ, ਹਸਰਤਾਂ ਨਾਲ ਜੁੜ ਜਾਂਦੀ ਹੈ। ਉਹ ਜਾਣਦਾ ਹੈ ਕਿ ਕੋਈ ਵੀ ਸ਼ਾਇਰ ਜਨ ਸਾਧਾਰਨ ਨਾਲੋਂ ਕੱਟ ਕੇ ਜਿੰਦਾ ਨਹੀਂ ਰਹਿ ਸਕਦਾ। ਇਸ ਤਰ੍ਹਾਂ ਉਸਦੀ ਸ਼ਾਇਰੀ ਜਿੱਥੇ ਆਮ ਲੋਕਾਂ ਲਈ ਪ੍ਰੇਰਣਾ ਤੇ ਉਤਸ਼ਾਹਿਤ ਕਰਨ ਵਾਲੀ ਬਣ ਜਾਂਦੀ ਹੈ ਉਥੇ ਦੂਸਰੇ ਲੋਕਾਂ ਲਈ ਚੰਗਾ ਇਨਸਾਨ ਬਣਨ ਦੀ ਜਾਚ ਸਿਖਾਉਣ ਦਾ ਮਾਧਿਅਮ।

ਮੰਗਤ ਚੰਚਲ ਦੀ ਸ਼ਾਇਰੀ ਦੀ ਪਰਵਾਜ਼ ਲੋਕਾਂ ਲਈ ਹੈ। ਉਹ ਸਾਰਿਆਂ ਦਾ ਸੁੱਖ ਮੰਗਣ ਵਾਲਾ ਸ਼ਾਇਰ ਹੈ। ਉਸਦਾ ਕੋਈ ਵੈਰੀ ਨਹੀਂ। ਉਹ ਆਪਣੇ ਇਕ ਸ਼ਿਅਰ ਵਿਚ ਆਖਦਾ ਹੈ-

"ਮਿੱਤਰੋ ਮੇਰਾ ਜੀ ਕਰਦਾ ਹੈ, ਐਸਾ ਇਕ ਮੈਂ ਗੀਤ ਲਿਖਾਂ,
ਸਾਰੇ ਜਗ ਨੂੰ ਆਪਣਾ ਆਖਾਂ ਵੈਰੀ ਨੂੰ ਵੀ ਮੀਤ ਲਿਖਾ
ਦਿਲ ਨਹੀਂ ਕਰਦਾ ਹੈ ਮੰਦਰ ਜਾਵਾਂ, ਪੱਥਰਾਂ ਅੱਗੇ ਨੱਕ ਰਗੜਾਂ
ਮੈਂ ਚਾਹੁੰਦਾ ਲੋਕਾਂ ਦਾ ਹੋ ਜਾਂ, ਲੋਕ ਹਿੱਤਾਂ ਦੇ ਗੀਤ ਲਿਖਾਂ।"

ਉਸ ਨੂੰ ਹਰ ਇਕ ਦੀ ਉਡਾਰੀ ਖੁਸ਼ੀ ਦਿੰਦੀ ਹੈ। ਮਾਨਵੀ ਸਮਾਜਿਕ ਅਸਮਾਨਤਾ ਪ੍ਰਤੀ ਚੇਤਨਾ ਕਰਨਾ ਉਸ ਲਈ ਸਰਵੋਤਮ ਹੈ। ਪਰ ਮੁਖੌਟੇ ਪਾ ਕੇ ਤੁਰਨ ਵਾਲਿਆਂ ਨਾਲ਼ ਉਸਦੀ ਕੋਈ ਹਮਦਰਦੀ ਨਹੀਂ। ਉਸਦੀ ਸੋਚ ਭਾਰਤੀ ਸੰਸਕ੍ਰਿਤੀ ਵਿਚ ਵਿਆਪਤ ਦ੍ਰਿਸ਼ਟੀਕੋਣ ਵਿਸ਼ਵ-ਬੰਧੁੱਤਵ ਦੀ ਭਾਵਨਾ ਨਾਲ ਲਬਰੇਜ਼ ਹੈ ਜਿਸ ਵਿਚ ਮਨੁੱਖ ਨੂੰ ਮਨੁੱਖ ਤੋਂ ਖ਼ਤਰਾ ਨਹੀਂ ਹੋਵੇਗਾ ਤੇ ਹਰ ਮਨੁੱਖ ਸਮਾਜ ਵਿਚ ਬਰਾਬਰ ਤੇ ਸਮੁੱਚੀ ਸੁਤੰਤਰਤਾ ਨਾਲ ਜੀ ਸਕੇਗਾ, ਵਿਕਾਸ ਕਰ ਸਕੇਗਾ।

'ਨਾ ਕੋਈ ਦੁਸ਼ਮਣ ਮਿਲਿਆ ਮੈਨੂੰ ਨਾ ਹੀ ਵੈਰ ਸਹੇੜੇ
ਮੈਂ ਮਿੱਤਰਾਂ ਵਿਚ ਮਿੱਤਰ ਮੈਂ ਵਿਚ ਯਾਰਾਂ ਨਾਲ ਬਹਾਰਾਂ ਨੇ।'

ਉਹ ਜ਼ਮੀਨ ਨਾਲ ਜੁੜਿਆ ਰਹਿਣ ਵਾਲਾ ਸ਼ਾਇਰ ਹੈ। ਉਸਨੂੰ ਇਸ ਧਰਤੀ ਨਾਲ ਜੁੜੀਆਂ ਸਮੱਸਿਆਵਾਂ ਝੰਜੋੜਦੀਆਂ ਹਨ। ਲੋਕਾਂ ਲਈ ਕੰਮ ਕਰਦੇ, ਪਸੀਨਾ ਬਹਾਉਂਦੇ, ਸੰਘਰਸ਼ਾਂ ਵਿਚ ਲਾਮਬੰਦ



ਲੋਕ ਉਸਨੂੰ ਪਿਆਰੇ ਲੱਗਦੇ ਹਨ। ਸਭ ਤੋਂ ਵੱਡੀ ਗੱਲ ਉਸਨੂੰ ਆਪਣੇ ਪਰ੍ਹਾਂ 'ਤੇ ਵੀ ਪੂਰਨ ਵਿਸ਼ਵਾਸ ਹੈ। ਉਸਦੇ ਖ਼ਿਆਲਾਂ ਵਿਚ ਨਵੀਨਤਾ ਹੈ ਤੇ ਇੰਝ ਉਹ ਭੀੜ ਵਿਚ ਵੱਖਰਾ ਖੜ੍ਹਾ ਦਿਖਾਈ ਦਿੰਦਾ ਹੈ।

ਉਸਦੀਆਂ ਗ਼ਜ਼ਲਾਂ ਦਾ ਵਿਸ਼ਾ ਵਸਤੂ ਲੋਕਾਂ ਨਾਲੋਂ ਕੱਟਿਆ ਹੋਇਆ ਨਹੀਂ ਸਗੋਂ ਉਹ ਲੋਕ ਅਨੁਭੂਤੀ ਨੂੰ ਅਤਿਅੰਤ ਸਜਗਤਾ ਤੇ ਸਰਲਤਾ ਨਾਲ ਚਿਤਰਨ ਵਿਚ ਮਾਹਿਰ ਹੈ।

'ਸਿਖ਼ਰ ਦਪਹਿਰਾ ਮਾਘ ਦਾ ਸੂਰਜ ਰੋਸ਼ਨ ਚਾਰ ਚੁਫੇਰਾ
ਤੇਰੇ ਘਰ ਵਿਚ ਹਾਲੇ ਵੀ ਕਿਉਂ ਦਿਸਦਾ ਘੁਪ ਹਨੇਰਾ।'

ਲੋਕਾਂ ਤੋਂ ਪਰ੍ਹੇ ਦੀ ਗੱਲ ਕਰਨਾ ਉਹ ਉਚਿਤ ਨਹੀਂ ਸਮਝਦਾ। ਉਸ ਦੀਆਂ ਗ਼ਜ਼ਲਾਂ ਵਿਚਲੇ ਕਈ ਅਸ਼ਆਰ ਰਿਸ਼ਤਿਆਂ ਦੀ ਭਾਵੁਕ ਸਾਂਝ ਵਿਚਲੀ ਨੇੜਤਾ ਤੋਂ ਜਨਮ ਲੈਂਦੇ ਹਨ। ਇਸ ਤਰ੍ਹਾਂ ਉਸਦੀ ਸ਼ਾਇਰੀ ਵਿਚ ਸੂਖ਼ਮਤਾ ਤੇ ਕਰੜਈ ਵੀ ਮਿਲ਼ ਜਾਂਦੀ ਹੈ। ਉਸਦੀਆਂ ਗ਼ਜ਼ਲਾਂ ਜਿੱਥੇ ਸੋਚ ਨਾਲ ਭਰਪੂਰ ਹਨ ਉੱਥੇ ਉਹ ਜਜ਼ਬਿਆਂ ਦੀ ਤਰਲਤਾ ਨਾਲ ਵੀ ਲਬਰੇਜ਼ ਹਨ-

'ਧੀਆਂ ਦੇ ਨਾਂ ਵੀ ਦਿਲ ਕਰਦੈ ਐਸੀ ਇਕ ਵਸੀਅਤ ਲਿਖਾਂ।
ਮੋਈਓ ਨੀ ਮਰ ਜਾਣੀਓ ਦੀ ਥਾਂ, ਜੁਗਜੁਗ ਜੀਵੋਂ ਗੀਤ ਲਿਖਾਂ।"

ਉਸਦੇ ਹੇਠ ਲਿਖੇ ਅਸ਼ਆਰ ਅੱਜ ਦੇ ਪਰਿਵਾਰਕ ਜੀਵਨ ਵਿਚਲੀ ਯਥਾਰਥ ਤਸਵੀਰ ਨੂੰ ਉਜਾਗਰ ਕਰਦੇ ਹਨ-

'ਪੁੱਤਰ ਦੇ ਬਸਤੇ 'ਚੋਂ ਮਾਂ ਨੂੰ ਰਾਤ ਦਿਨੇ ਰੁਜ਼ਗਾਰ ਦਿਸੇ,
ਡਾਕਟਰ ਦਿਸੇ ਜਾਂ ਇੰਜੀਨੀਅਰ ਜਾਂ ਫਿਰ ਠਾਣੇਦਾਰ ਦਿਸੇ।'
'ਟੱਬਰ ਕੋਲੋਂ ਲੁਕਾ ਕੇ ਰੱਖੀ, ਚੀਜ਼ੀ ਤੱਕ ਕੇ ਜਦ ਹੱਸੇ
ਪੋਤੇ ਦੀ ਕਿਲਕਾਰੀ ਵਿਚੋਂ, ਦਾਦੀ ਨੂੰ ਸੰਸਾਰ ਦਿਸੇ।'

ਇਤਨਾ ਹੀ ਨਹੀਂ ਉਸਦੀਆਂ ਗ਼ਜ਼ਲਾਂ ਵਿਚ ਹੁਕਮਰਾਨਾਂ ਤੇ ਅਨਿਆਂ ਕਰਨ ਵਾਲ਼ਿਆਂ ਵਿਰੁੱਧ ਵੀ ਤਪਸ਼ ਵਿਆਪਤ ਹੈ। ਉਸਦੀਆਂ ਗ਼ਜ਼ਲਾਂ ਵਿਚਲੇ ਅਸ਼ਆਰ ਜੂਝਦੇ ਜੁਝਾਰ ਲੋਕਾਂ ਲਈ ਅੱਗੇ ਵੱਧਣ ਲਈ ਉਤਸ਼ਾਹ ਪੈਦਾ ਕਰਨ ਵਾਲੇ ਹਨ ਤੇ ਲੋਕਾਂ ਨੂੰ ਹਨੇਰੇ ਵਿਚੋਂ ਨਿਕਲ਼ ਕੇ ਰੋਸ਼ਨੀ ਵੱਲ ਲੈ ਜਾਣ ਲਈ ਪ੍ਰੇਰਦੇ ਪ੍ਰਤੀਤ ਹੁੰਦੇ ਹਨ।

-'ਜਦੋਂ ਸਭ ਲੋਕ ਦਿਲ ਛੱਡ ਕੇ, ਹਨੇਰੇ ਨਾਲ ਮਿਲ ਜਾਵਣ
ਤੂੰ ਬਣ ਜੁਗਨੂੰ ਜਗੀ ਜਾਵੀਂ, ਕਿ ਸੂਰਜ ਚੜ੍ਹਣ ਵਾਲਾ ਹੈ।'

*(ਡਾ. ਲੇਖਰਾਜ)*

## ਜਰਨੈਲ ਸਿੰਘ ਦੀ ਚਿਤਰਾਵਲੀ

ਕਾਫ਼ੀ ਲੰਮੇ ਅਰਸੇ ਤੋਂ ਪੰਜਾਬੀ ਸਭਿਆਚਾਰ ਦੀ ਪੇਸ਼ਕਾਰੀ ਕਰਦੀਆਂ ਚਿੱਤਰਕਾਰ ਜਰਨੈਲ ਸਿੰਘ ਦੀਆਂ ਪੇਂਟਿੰਗਜ਼ ਦੇਖਦੇ ਆ ਰਹੇ ਹਾਂ। ਜਲੰਧਰ ਰੈਣਕ ਬਜ਼ਾਰ ਦੀ ਪੇਂਟਿੰਗਜ਼ ਵਾਲੀ ਇਕ ਖ਼ਾਸ ਦੁਕਾਨ ਤੋਂ ਕਈ ਸਾਲ ਲਗਾਤਾਰ ਇਹ ਚਿੱਤਰ ਖਰੀਦ ਕੇ ਮੈਂ ਆਪਣੇ ਪਰਵਾਸੀ ਰਿਸ਼ਤੇਦਾਰਾਂ ਨੂੰ ਤੋਹਫ਼ੇ ਵਜੋਂ ਦੇਂਦਾ ਰਿਹਾ ਹਾਂ। ਜਰਨੈਲ ਸਿੰਘ ਨੇ ਪੰਜਾਬੀ ਰਹਿਣੀ ਬਹਿਣੀ, ਵਸਤੋਂ ਵਿਹਾਰ, ਖੇਡਾਂ ਮਨੋਰੰਜਨ ਆਦਿ ਹਰ ਛਿਣ ਨੂੰ ਬੁਰਸ਼-ਛੋਹਾਂ ਰਾਹੀਂ ਸਿਰਜਿਆ ਹੈ। ਚਿੱਤਰਕਲਾ ਦੇ ਖੇਤਰ ਵਿਚ ਕਾਫ਼ੀ ਕਲਾਕਾਰ ਦ੍ਰਿਸ਼ਟੀਗੋਚਰ ਹੋ ਰਹੇ ਹਨ ਪਰ ਜਰਨੈਲ ਸਿੰਘ ਦੀ ਚਿੱਤਰ-ਸ਼ੈਲੀ ਵਿਲੱਖਣ ਹੋਣ ਕਾਰਨ ਉਹ ਸਹਿਜੇ ਹੀ ਪਛਾਣਿਆ ਜਾਂਦਾ ਹੈ।

ਸ. ਜਰਨੈਲ ਸਿੰਘ ਪ੍ਰਸਿੱਧ ਚਿੱਤਰਕਾਰ ਸ. ਕ੍ਰਿਪਾਲ ਸਿੰਘ ਦਾ ਸਪੁੱਤਰ ਹੈ। ਕਿਰਪਾਲ ਸਿੰਘ ਨੇ ਸਿੱਖ ਧਰਮ ਤੇ ਇਤਿਹਾਸ ਨੂੰ ਬਾਖ਼ੂਬੀ ਆਪਣੇ ਚਿੱਤਰਾਂ ਰਾਹੀਂ ਪੇਸ਼ ਕੀਤਾ ਹੈ। ਉਸ ਦੇ ਬਣਾਏ ਚਿੱਤਰਾਂ ਵਿਚਲੇ ਸਿੱਖ ਨਾਇਕ, ਉਹਨਾਂ ਦੇ ਨਕਸ਼, ਹਥਿਆਰ, ਜੰਗੀ ਸਾਜੋ-ਸਮਾਨ, ਘੋੜੇ ਅਤੇ ਹੋਰ ਅਜਿਹੇ ਦ੍ਰਿਸ਼ ਚਿੱਤਰਾਂ ਵਿਚ ਇਕ ਵੱਖਰੀ ਦਿੱਖ ਰੱਖਦੇ ਹਨ, ਜਿਹਨਾਂ ਨੂੰ ਦੇਖਦੇ ਸਮੇਂ ਦਰਸ਼ਕਾਂ ਅੰਦਰ ਜੋਸ਼ ਪੈਦਾ ਹੋ ਜਾਂਦਾ ਹੈ। ਏਸੇ ਤਰ੍ਹਾਂ ਜਰਨੈਲ ਸਿੰਘ ਨੇ ਵੀ ਆਪਣਾ ਖੇਤਰ ਪੰਜਾਬੀ ਸਭਿਆਚਾਰ ਚੁਣਿਆ ਹੈ।

ਪੰਜਾਬ ਆਰਟ ਕੌਂਸਲ, ਚੰਡੀਗੜ੍ਹ ਵਲੋਂ ਉਸ ਦੀਆਂ ਪੇਂਟਿੰਗਜ਼ ਨੂੰ "ਪੰਜਾਬ ਪੇਂਟਿੰਗਜ਼" ਸਿਰਲੇਖ ਹੇਠ ਇਕ ਵੱਡ-ਆਕਾਰੀ ਪੁਸਤਕ ਦੇ ਰੂਪ ਵਿਚ ਛਾਪਿਆ ਗਿਆ ਹੈ। 71 ਦੇ ਕਰੀਬ ਅਤਿ ਸੁੰਦਰ ਇਹਨਾਂ ਚਿਤਰਾਂ ਰਾਹੀਂ ਪੰਜਾਬ ਦੇ ਪਿੰਡਾਂ, ਸੱਥਾਂ, ਘਰਾਂ ਦੇ ਵਿਹੜਿਆਂ, ਕੰਮ-ਧੰਦੇ ਕਰਦੇ ਕਿਸਾਨਾਂ, ਖੇਡਦੇ ਬੱਚਿਆਂ, ਭੱਠੀਆਂ 'ਤੇ ਦਾਣੇ ਭੁੰਨਣ ਦੇ ਦ੍ਰਿਸ਼ਾਂ, ਚੁੱਲ੍ਹੇ ਚੌਕਿਆਂ, ਤ੍ਰਿੰਝਣ, ਬਜ਼ੁਰਗਾਂ ਕੋਲ਼ੋਂ ਬਾਤਾਂ ਸੁਣਦੇ ਬੱਚਿਆਂ, ਨੱਚਦੇ ਗਾਉਂਦੇ ਪੰਜਾਬੀਆਂ, ਬਾਗ਼ ਫੁਲਕਾਰੀਆਂ ਦੀਆਂ ਵਰਤੋਂ ਕਰਦੀਆਂ ਮੁਟਿਆਰਾਂ, ਵਿਆਹ ਦੀਆਂ ਰਸਮਾਂ ਨਿਭਾਉਂਦੇ ਪੰਜਾਬੀਆਂ ਦੇ ਬੇਗਿਣਤ ਕੰਮਾਂ-ਕਾਰਾਂ ਦੇ ਚਿੱਤਰ ਸਿਰਜੇ ਗਏ ਹਨ। ਜਿਸ ਸੁਹਜ ਨਾਲ਼ ਜਰਨੈਲ ਸਿੰਘ ਫੁਲਕਾਰੀ ਤੇ ਪੰਜਾਬਣ ਦੇ ਨਕਸ਼ ਉਲੀਕਦਾ ਹੈ ਉਸ ਦਾ ਮੁਕਾਬਲਾ ਕਰਨਾ ਮੁਸ਼ਕਿਲ ਹੈ। ਤਿੱਖੇ ਨਕਸ਼ਾਂ ਵਾਲ਼ੇ ਚਿਹਰੇ ਉਪਰ ਪਾਈ ਫੁਲਕਾਰੀ ਦੀ ਅਨੇਕਾਂ ਚਿੱਤਰਕਾਰਾਂ ਨੇ ਨਕਲ ਕੀਤੀ, ਪਰ ਉਹਨਾਂ ਕੋਲੋਂ ਅਜਿਹੀ ਪੇਸ਼ਕਾਰੀ ਨਹੀਂ ਹੋਈ। 23 ਫੁਲਕਾਰੀ ਨਾਲ ਸੰਬੰਧਿਤ ਚਿਤਰ ਮਾਸਟਰ-ਪੀਸ ਹਨ, ਜਿਹੜੇ ਇਸ ਪੁਸਤਕ ਦਾ ਸਿਖ਼ਰ ਹਨ। ਅੱਜ ਤੱਕ ਕਿਸੇ ਵੀ ਕਲਾਕਾਰ ਵੱਲੋਂ ਏਹੋ ਜਿਹੇ ਫੁਲਕਾਰੀ ਨਾਲ ਲੈਸ ਪੰਜਾਬਣ ਮੁਟਿਆਰ ਦੇ ਚਿੱਤਰ ਨਹੀਂ ਸਿਰਜੇ ਗਏ।

ਦੂਸਰੀ ਪੁਸਤਕ 'ਕਾਮਾਗਾਟਾ ਮਾਰੂ' ਜਹਾਜ਼ ਦੇ ਮੁਸਾਫ਼ਰਾਂ ਦੀ ਯਾਤਰਾ ਦੀ ਕਹਾਣੀ ਚਿੱਤਰਾਂ ਰਾਹੀਂ ਪੇਸ਼ ਕਰਦੀ ਹੈ। ਇਸ ਪੁਸਤਕ ਦੀ ਕਹਾਣੀ ਕੈਨੇਡਾ ਨਿਵਾਸੀ ਪੰਜਾਬੀ ਕਵੀ ਅਜਮੇਰ ਰੋਡੇ ਵਲੋਂ ਲਿਖੀ ਹੈ। ਇਸ ਸਾਰੀ ਕਹਾਣੀ ਨੂੰ ਨਾਲ-ਨਾਲ ਚਿੱਤਰਾਂ ਰਾਹੀਂ ਵੀ ਪੇਸ਼ ਕੀਤਾ ਗਿਆ ਤੇ ਕੈਨੇਡਾ ਸਰਕਾਰ ਵੱਲੋਂ ਛਾਪੀ ਗਈ ਇਹ ਪੁਸਤਕ 'ਕਾਮਾ ਗਾਟਾ ਮਾਰੂ' ਜਹਾਜ਼ ਦੇ ਦੁਖਾਂਤ ਨੂੰ ਬਿਆਨ ਕਰਦੀ ਹੈ। ਕੈਨੇਡਾ ਦੇ ਪੰਜਾਬੀਆਂ ਦੇ ਉੱਦਮ ਅਤੇ ਸਹਿਯੋਗ ਨਾਲ ਤਿਆਰ ਕੀਤੇ ਗਏ ਇਸ ਪ੍ਰੋਜੈਕਟ ਵਿਚ 17 ਦੇ ਕਰੀਬ ਸ਼ਾਨਦਾਰ ਚਿੱਤਰ ਹਨ, ਜੋ ਗੁਰਦਿੱਤ ਸਿੰਘ ਦੇ ਇਸ ਕਾਰਜ ਨੂੰ ਕਹਾਣੀ ਤੇ ਚਿੱਤਰਾਂ ਰਾਹੀਂ ਬਿਆਨ ਕਰਦੇ ਹਨ। ਵੱਖਰੀ ਗੱਲ ਕਿ ਜਰਨੈਲ ਸਿੰਘ ਇਸ ਪੁਸਤਕ ਦੇ ਚਿੱਤਰਾਂ ਰਾਹੀਂ ਕੋਈ ਵੱਡੀ ਕਲਾ ਦੇ ਚਮਤਕਾਰ ਨਹੀਂ ਦਿਖਾ ਸਕਿਆ ਜੋ 'ਪੰਜਾਬ ਪੇਂਟਿੰਗਜ਼' ਪੁਸਤਕ ਵਿਚ ਸਿਖ਼ਰ ਛੋਹੀ ਗਈ ਹੈ। ਅਸਲ ਵਿਚ ਇਸ ਪੁਸਤਕ ਦਾ ਉਦੇਸ਼ ਕੈਨੇਡਾ ਨਾਲ ਜੁੜੀ ਇਸ ਦਰਦਨਾਕ ਘਟਨਾ ਨੂੰ ਨਵੀਂ ਪੀੜ੍ਹੀ ਦੇ ਪਾਠਕਾਂ ਦੀ ਸਮਝ ਦਾ ਹਿੱਸਾ ਬਣਾਉਣਾ ਹੈ। ਚਿਤਰਕਾਰ ਨੇ ਇਹਨਾਂ ਚਿੱਤਰਾਂ ਦੀ ਵੇਸ-ਭੂਸ਼ਾ, ਸਰੀਰਕ ਭਾਸ਼ਾ (ਬਾਡੀ ਲੈਂਗੂਏਜ਼) ਵਾਤਾਵਰਣ, ਖ਼ੁਸ਼ੀਆਂ, ਚਿੰਤਾਵਾਂ ਆਦਿ ਦੀ ਪੇਸ਼ਕਾਰੀ ਕੀਤੀ ਹੈ।

ਜਰਨੈਲ ਸਿੰਘ ਨੇ ਆਪਣੀ ਪੇਂਟਿੰਗਜ਼ ਰਾਹੀਂ ਨਿਰੰਤਰ ਵਿਕਾਸ ਕੀਤਾ ਹੈ। ਪਿਛਲੇ ਕੁੱਝ ਸਾਲਾਂ ਤੋਂ ਕੈਨੇਡਾ ਦੀ ਧਰਤੀ 'ਤੇ ਪੱਕੇ ਤੌਰ 'ਤੇ ਵੱਸ ਗਿਆ ਇਹ ਚਿੱਤਰਕਾਰ ਅਜੇ ਵੀ ਪੰਜਾਬ ਦੀ ਧਰਤੀ, ਏਥੋਂ ਦੇ ਖੇਤਾਂ, ਲੋਕਾਂ ਅਤੇ ਸਭਿਆਚਾਰ ਦੀ ਪੇਸ਼ਕਾਰੀ ਕਰਕੇ ਆਪਣਾ ਫ਼ਰਜ਼ ਨਿਭਾ ਰਿਹਾ ਹੈ। ਉਸ ਦਾ ਦਿਲ ਹਮੇਸ਼ਾ ਪੰਜਾਬ ਲਈ ਧੜਕਦਾ ਹੈ। ਸਾਡੀਆਂ ਨਵੀਆਂ ਪੀੜ੍ਹੀਆਂ ਇਸ ਤੇਜ਼ ਰਫ਼ਤਾਰੀ ਜੀਵਨ ਵਿਚ ਫਸੀਆਂ ਆਪਣੀਆਂ ਪੁਰਾਣੀਆਂ ਪਰੰਪਰਾਵਾਂ, ਕਦਰਾਂ-ਕੀਮਤਾਂ, ਸਭਿਆਚਾਰ, ਰਹਿਣੀ ਬਹਿਣੀ ਆਦਿ ਨੂੰ ਭੁੱਲ ਚੁੱਕੀਆਂ ਹਨ। ਜਰਨੈਲ ਸਿੰਘ ਦੀਆਂ ਪੇਂਟਿੰਗਜ਼ ਨੇ ਇਸ ਸਾਰੀ ਸਥਿਤੀ ਦੀ ਸੁੰਦਰ ਪੇਸ਼ਕਾਰੀ ਕਰਕੇ ਇਕ ਬਹੁਤ ਵੱਡਾ ਕਾਰਜ ਕੀਤਾ ਹੈ, ਜਿਸ ਕਾਰਨ ਉਹ ਵਧਾਈ ਦਾ ਹੱਕਦਾਰ ਹੈ। ਸ਼ਾਲਾ! ਉਸ ਦਾ ਬੁਰਸ਼ ਏਸੇ ਤਰ੍ਹਾਂ ਹੀ ਸਾਡੀ ਸਭਿਆਚਾਰਕ ਵਿਰਾਸਤ ਦਾ ਚਿਤਰਣ ਕਰਦਾ ਰਹੇ!!

*(ਡਾ. ਹਰਪ੍ਰੀਤ ਸਿੰਘ ਹੁੰਦਲ)*



# ਗੁਰੂ ਨਾਨਕ ਦੇਵ, ਅਜੋਕੇ ਪ੍ਰਸੰਗ ਵਿਚ

ਪੰਜਾਬ ਬਾਰੇ ਗੱਲ ਕਰਦਿਆਂ ਪ੍ਰੋ. ਪੂਰਨ ਸਿੰਘ ਨੇ ਕਿਹਾ ਸੀ-
ਪੰਜਾਬ ਨਾ ਹਿੰਦੂ ਨਾ ਮੁਸਲਮਾਨ,
ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ ਤੇ।
ਇਸ ਤੋਂ ਵੀ ਪਹਿਲਾਂ ਭਾਈ ਗੁਰਦਾਸ ਨੇ ਲਿਖਿਆ-
ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣੁ ਹੋਆ
ਜਿਉਂ ਕਰਿ ਸੂਰਜ ਨਿਕਲਿਆ, ਤਾਰੇ ਛਪੇ ਅੰਧੇਰੁ ਪਲੋਆ
ਸਿੰਘ ਬੁੱਕੇ ਮਿਰਗਾਵਲੀ ਭਨੀ ਜਾਇ ਨ ਧੀਰ ਧਰੋਆ।
ਜਿਥੈ ਬਾਬਾ ਪੈਰ ਧਰੇ, ਪੂਜਾ ਆਸਣ ਥਾਪਣਿ ਸੋਆ

(ਵਾਰ ਪਹਿਲੀ, ਪਾਉੜੀ 27)

ਗੁਰੂ ਨਾਨਕ ਸਾਹਿਬ ਭਗਤੀ ਲਹਿਰ ਦੇ ਕੇਵਲ ਸ਼੍ਰੇਸ਼ਟ ਕਵੀ ਹੀ ਨਹੀਂ ਸਨ, ਸਗੋਂ ਸਿੱਖ ਮੱਤ ਦੇ ਪਹਿਲੇ ਗੁਰੂ ਤੇ ਮੋਢੀ ਸਨ। ਗੁਰੂ ਨਾਨਕ ਦੇਵ ਦੀ ਵਡਿਆਈ, ਮਹਾਨਤਾ ਅਤੇ ਪੰਜਾਬ ਨੂੰ ਉਹਨਾਂ ਦੀ ਸਮੁੱਚੀ ਦੇਣ ਨੂੰ ਜੇ ਗੰਭੀਰਤਾ ਨਾਲ ਵਿਚਾਰਿਆ ਜਾਵੇ ਤਾਂ ਅਵੱਸ਼ ਹੀ ਸ਼ਬਦਾਂ ਦੀ ਥੁੜ ਅਨੁਭਵ ਹੁੰਦੀ ਹੈ। ਜਦ ਵੀ ਕਦੇ ਸਿੱਖ ਧਾਰਮਿਕ ਰਹੁ-ਰੀਤਾਂ ਦੀ ਸ਼ੁਰੂਆਤ ਹੁੰਦੀ ਹੈ ਤਾਂ ਗੁਰੂ ਨਾਨਕ ਦੇਵ ਜੀ ਦੇ ਸ਼ਾਹਕਾਰ "ਜਪੁਜੀ ਸਾਹਿਬ" ਦੇ ਉਚਾਰਣ ਨਾਲ ਸ਼ੁਰੂ ਹੁੰਦੀ ਹੈ। ਇਸ ਰਚਨਾ ਨੂੰ ਸੁਣ ਕੇ ਸਰੋਤਾ ਸੋਚਣ ਲੱਗਦਾ ਹੈ ਕਿ ਜਪੁਜੀ ਸਾਹਿਬ ਆਖ਼ਰ ਕਿਸ ਭਾਂਤ ਦੇ ਸਰੋਤਿਆਂ ਨੂੰ ਸੰਬੋਧਨ ਕਰਕੇ ਰਚੀ ਗਈ ਸੀ। ਗੁਰੂ ਨਾਨਕ ਸਾਹਿਬ ਦੇ ਸਾਹਮਣੇ ਇਹ ਸ਼ਾਹਕਾਰ ਰਚਦਿਆਂ ਕਿਸ ਭਾਂਤ ਦੇ ਸਰੋਤੇ ਅਤੇ ਪਾਠਕ ਹੋਣਗੇ। ਇਸ ਪ੍ਰਮੁੱਖ ਬਾਣੀ ਵਿਚ ਜੋ ਵਿਚਾਰਧਾਕ ਡੂੰਘਾਈ ਅਤੇ ਅਨੁਭਵ ਦੀ ਵਿਸ਼ਾਲਤਾ ਹੈ, ਉਹ ਨਿਸ਼ਚੇ ਹੀ ਵੱਡੇ-ਵੱਡੇ ਗੁਣੀ ਗਿਆਨੀਆਂ ਤੇ ਵਿਦਵਾਨਾਂ ਨੂੰ ਸੋਚਾਂ ਵਿਚ ਪਾ ਦਿੰਦੀ ਹੈ। ਇਸ ਰਚਨਾ ਵਿਚਲੇ ਅਨੁਭਵ ਦੀ ਡੂੰਘਾਈ ਤੇ ਵਿਸ਼ਾਲਤਾ ਰਾਤੋ ਰਾਤ ਪ੍ਰਾਪਤ ਹੋਣ ਵਾਲ਼ਾ ਅਨੁਭਵ ਨਹੀਂ ਹੈ। ਇਸ ਸਾਰੇ ਕੁਝ ਦੇ ਪਿਛੇ ਸਾਲਾਂ-ਬੱਧੀ ਲੰਮੀਆਂ ਉਦਾਸੀਆਂ ਤੇ ਗੰਭੀਰ ਗੋਸ਼ਟਾਂ ਦਾ ਡੂੰਘਾ ਅਨੁਭਵ ਸੀ। ਇਹ ਬਾਣੀ ਗੁਰੂ ਸਾਹਿਬ ਦੇ ਰਹੱਸਮਈ ਅਨੁਭਵ ਦਾ ਵੀ ਅਤਿ ਉੱਤਮ ਕਾਵਿ ਰੂਪਾਂਤਰਣ ਹੈ। ਏਸੇ ਕਰਕੇ ਆਦਿ-ਗ੍ਰੰਥ ਦੇ ਸੰਪਾਦਨ ਵੇਲੇ ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਨੂੰ ਸਭ ਤੋਂ ਪਹਿਲੇ ਸਥਾਨ 'ਤੇ ਅੰਕਿਤ ਕੀਤਾ ਹੈ।

ਸਮੇਂ-ਸਮੇਂ 20 ਵੀਂ ਸਦੀ ਦੇ ਕਈ ਪੰਜਾਬੀ ਕਵੀਆਂ ਨੇ ਸਿੱਖ ਜਗਤ ਵਿਚ ਫੈਲੇ ਕਥਨੀ ਤੇ ਕਰਨੀ ਦੇ ਪਾੜੇ ਬਾਰੇ ਕਈ ਥਾਈਂ ਸੰਕੇਤ ਮਾਤਰ ਕੀਤੇ ਹਨ ਅਤੇ ਸਿੱਖ ਮੱਤ ਵਿਚ ਫੈਲ ਰਹੇ ਪੁਜਾਰੀਵਾਦ ਅਤੇ ਤਰਕਹੀਣ ਮਨਤਾਂ ਤੇ ਮਨੌਤਾਂ ਵੱਲ ਸੰਕੇਤ ਕੀਤੇ ਹਨ। ਪਰ ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਅੰਤਰੀਵ ਭਾਵਨਾ ਅਤੇ ਅਜੋਕੇ ਧਾਰਮਿਕ ਵਿਖਾਵੇ ਅਤੇ ਫੈਲੇ ਪਾਖੰਡ ਵੱਲ ਤਿੱਖੀ ਤਰ੍ਹਾਂ ਸੰਕੇਤ ਪੰਜਾਬੀ ਦੇ ਅਜੋਕੇ ਕਵੀ ਜਸਵੰਤ ਜ਼ਫ਼ਰ ਨੇ ਕੀਤੇ ਹਨ। ਏਸੇ ਕਾਰਨ ਜਦ ਵੀ ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਦੇਣ ਬਾਰੇ ਕਿਤੇ ਵੀ, ਕਿਸੇ ਗਿਆਨ ਗੋਸ਼ਟੀ ਅਥਵਾ ਸੈਮੀਨਾਰ ਦਾ ਆਯੋਜਨ ਕੀਤਾ ਜਾਂਦਾ ਹੈ ਤਾਂ ਆਚੇਤ ਜਾਂ ਸੁਚੇਤ ਜਸਵੰਤ ਜ਼ਫ਼ਰ ਦੀਆਂ ਗੁਰੂ ਨਾਨਕ ਦੇਵ ਜੀ ਬਾਰੇ ਲਿਖੀਆਂ ਕਵਿਤਾਵਾਂ ਵਲ ਗੰਭੀਰ ਪਾਠਕ ਦਾ ਧਿਆਨ ਚਲੇ ਜਾਣਾ ਕੁਦਰਤੀ ਹੈ। ਜ਼ਫ਼ਰ ਨੇ ਆਪਣੀਆਂ ਕਵਿਤਾਵਾਂ ਵਿਚ ਇਸ ਕਥਨੀ ਤੇ ਕਰਨੀ ਦੇ ਗੰਭੀਰ ਪਾੜੇ ਨੂੰ ਤਿੱਖੀ ਤਰ੍ਹਾਂ ਉਜਾਗਰ ਕਰਦਿਆਂ ਦਸ ਕਵਿਤਾਵਾਂ (ਅਸੀਂ ਨਾਨਕ ਦੇ ਕੀ ਲੱਗਦੇ ਹਾਂ) ਲਿਖੀਆਂ ਹਨ। ਉਹ ਸਿੱਖ-ਜਗਤ ਲਈ ਵਿਚਾਰਨੀਆਂ

ਬੜੀਆਂ ਜ਼ਰੂਰੀ ਹਨ। ਇਹ ਮਨੁੱਖ ਨੂੰ ਤੀਖਣ ਅਹਿਸਾਸ ਕਰਵਾਉਂਦੀਆਂ ਹਨ-

ਨਾਨਕ ਤਾਂ ਪਹਿਲੇ ਦਿਨ ਹੀ
ਵਿਦਿਆਲੇ ਨੂੰ
ਵਿਦਿਆ ਦੀ ਵਲਗਣ ਨੂੰ
ਰੱਦ ਕੇ ਘਰ ਮੁੜੇ
ਘਰ ਮੁੜੇ ਘਰੋਂ ਜਾਣ ਲਈ
ਘਰੋਂ ਗਏ ਘਰ ਨੂੰ ਵਿਸਥਾਰਨ ਲਈ
ਵਿਸ਼ਾਲਣ ਲਈ।

(ਅਸੀਂ ਨਾਨਕ ਦੇ ਕੀ ਲਗਦੇ, ਪੰਨਾ-2)

ਕਵੀ ਗੁਰੂ ਨਾਨਕ ਨੂੰ ਵਾਰ ਵਾਰ ਯਾਦ ਕਰਦਾ ਹੈ ਕਿ ਉਹ ਗੁਰੂ ਨਾਨਕ ਦੇਵ ਵਾਂਗ ਵਿਦਿਆਲੇ ਨੂੰ ਨਕਾਰ ਨਹੀਂ ਸਕਿਆ, ਸਗੋਂ ਉਸ ਦੇ ਨਾਂ ਉਪਰ ਵਿਦਿਆਲੇ, ਮਹਾਂਵਿਦਿਆਲੇ, ਵਿਸ਼ਵ ਵਿਦਿਆਲੇ ਕਾਇਮ ਕਰਕੇ ਵਿਦਿਆ ਦੇ ਵਪਾਰੀ ਆਪਣੀ ਮਾਨਸਿਕ ਤ੍ਰਿਪਤੀ ਕਰਨ ਨਾਲ ਸੰਤੁਸ਼ਟ ਹੋ ਜਾਂਦੇ ਹਾਂ। ਕਵੀ ਇਸ ਭਾਵਨਾ ਪਿੱਛੇ ਕੰਮ ਕਰਦੀਆਂ ਕਰੂਰ ਸ਼ਕਤੀਆਂ ਨੂੰ ਨੰਗਿਆ ਕਰਦਾ ਲਿਖਦਾ ਹੈ-

ਬਹੁਤ ਖ਼ਤਰਨਾਕ ਸਿੱਧ ਹੋ ਸਕਦੈ
ਸਾਡੇ ਲਈ ਅਸਲੀ ਨਾਨਕ
ਅਜਿਹੇ ਨਾਨਕ ਦਾ ਅਸੀਂ
ਧਿਆਨ ਨਹੀਂ ਧਰ ਸਕਦੇ
ਜੋ ਘਰਾਂ ਨੂੰ ਉਜਾੜ ਸਕਦਾ
ਨਿਆਣੇ ਵਿਗਾੜ ਸਕਦਾ
ਕਿਸੇ ਕਾਅਬੇ ਵੱਲ ਪੈਰ ਕਰਕੇ
ਪ੍ਰਕਰਮਾ ਵਿਚ ਲੇਟਣ ਲਈ ਉਕਸਾ ਸਕਦਾ।

(—ਨਾਨਕ, ਪੰਨਾ-22)

ਅਜੋਕਾ ਸ਼ਰਧਾਲੂ ਸਮਾਜ ਦੀਆਂ ਪ੍ਰਚਲਿਤ ਕਦਰਾਂ ਕੀਮਤਾਂ, ਮੁੱਲਾਂ ਤੇ ਪ੍ਰੰਪਰਾਵਾਂ ਅਧੀਨ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਤੇ ਅਸੂਲਾਂ ਤੋਂ ਪੂਰੀ ਤਰ੍ਹਾਂ ਘੇਸਲ ਵੱਟੀ ਰੱਖਦਾ ਹੈ। ਉਹ ਆਪਣੀ ਕਲਪਨਾ ਸ਼ਕਤੀ ਰਾਹੀਂ ਕਿਸੇ ਦੂਜੇ ਨਾਨਕ ਦੀ ਤਸਵੀਰ ਮਨ ਮਸਤਕ ਵਿਚ ਉਸਾਰ ਕੇ ਪਾਖੰਡ-ਦੰਭ ਦਾ ਜੀਵਨ ਨਿਰਬਾਹ ਕਰਦਾ ਹੈ। ਉਸ ਦਾ ਘਰ/ਪਰਿਵਾਰ ਅਸਲੀ ਗੁਰੂ ਨਾਨਕ ਦੀਆਂ ਸਿਖਿਆਵਾਂ ਤੇ ਉਦੇਸ਼ਾਂ ਅਨੁਕੂਲ ਨਹੀਂ ਚੱਲ ਸਕਦਾ।

ਸਾਡੇ ਇਹਨਾਂ ਘਰਾਂ ਦੀਆਂ ਕੰਧਾਂ ਤੇ
ਨਾਨਕ ਦੇ ਸੋਭਾ ਸਿੰਘੀ ਚਿੱਤਰ ਹੀ ਟਿਕ ਸਕਦੇ
ਰਾਹਾਂ ਨੂੰ ਰੱਦ ਕੇ ਤੁਰਨ ਵਾਲੇ
ਖ਼ਤਰਨਾਕ ਨਾਨਕ ਦੀ ਅਸਲੀ ਤਸਵੀਰ ਦਾ ਭਾਰ
ਸਾਡੀ ਕੋਈ ਕੰਧ ਨਹੀਂ ਝੱਲ ਸਕਦੀ
ਮਾਫ਼ ਕਰਨਾ ਅਸੀਂ ਮਰ ਮਰ ਕੇ ਬਣਾਏ
ਘਰ ਨਹੀਂ ਢੁਆਉਣੇ
ਮਸਾਂ ਮਸਾਂ ਰੱਬ ਤੋਂ ਲਏ ਨਿਆਣੇ



ਹੱਥੋਂ ਨਹੀਂ ਗੁਆਉਣੇ
ਅਸੀਂ ਅਸਲੀ ਨਾਨਕ ਦੀ ਤਸਵੀਰ ਦਾ ਧਿਆਨ ਨਹੀਂ ਧਰਦੇ ਸਨ
ਮਾਫ਼ ਕਰਨਾ

(ਨਾਨਕ, ਪੰਨਾ-23)

ਪ੍ਰਸਿੱਧ ਪੰਜਾਬੀ ਕਵੀ ਸੁਰਜੀਤ ਪਾਤਰ ਇਹਨਾਂ ਕਵਿਤਾਵਾਂ ਬਾਰੇ ਟਿੱਪਣੀ ਕਰਦਾ ਲਿਖਦਾ ਹੈ-

ਨਾਨਕ ਰੌਸ਼ਨੀ ਵਿਚ ਲਿਖੀਆਂ ਜ਼ਫ਼ਰ ਦੀਆਂ ਇਹ ਕਵਿਤਾਵਾਂ ਇਸ ਗੱਲ ਦਾ ਬਹੁਤ ਤੀਖਣ ਅਹਿਸਾਸ ਕਰਵਾਉਂਦੀਆਂ ਹਨ ਕਿ ਅਸੀਂ ਨਾਨਕ ਨਾਮ ਲੇਵਾ ਲੋਕ ਨਾਨਕ ਦਾ ਨਾਮ ਲੈਂਦੇ ਹਾਂ, ਨਾਨਕ 'ਤੇ ਆਪਣਾ ਹੱਕ ਜਮਾਉਂਦੇ ਨਾਨਕ ਤੋਂ ਬਹੁਤ ਦੂਰ ਜਾ ਰਹੇ ਹਾਂ। ਦੂਰ ਹੀ ਨਹੀਂ ਵਿਪਰੀਤ ਜਾ ਰਹੇ ਹਾਂ, ਤੇ ਬਹੁਤ ਅਸੁਹਿਰਦ ਤੇ ਅਪ੍ਰਮਾਣਿਕ ਜੀਵਨ ਜੀਅ ਰਹੇ ਹਾਂ, ਸਾਡੇ ਜਿਹੇ ਲੋਕ ਨਾਨਕ ਦੇ ਕੀ ਲਗਦੇ ਹਨ?

ਜਸਵੰਤ ਜ਼ਫ਼ਰ ਬੜਾ ਖ਼ਰਵਾ ਸਵਾਲ ਪੁੱਛਣ ਦੀ ਪਹਿਲ ਕਰਦਾ ਹੈ, ਦੁਨਿਆਵੀ ਸੁੱਖ ਸਹੂਲਤਾਂ ਦਾ ਆਨੰਦ ਮਾਣ ਰਿਹਾ ਅਜੋਕਾ ਸ਼ਰਧਾਲੂ ਆਪਣੇ ਘਰ, ਪਰਿਵਾਰ, ਕਾਰੋਬਾਰ ਤੇ ਸਮਾਜਕ ਰੁਤਬੇ ਅਧੀਨ ਰਸਮੀ ਪ੍ਰਵਿਰਤੀਆਂ ਦਾ ਉਲੇਖ ਕਰਦਾ ਹੈ-

ਗੁਰਮੁਖ ਸਿੰਘ ਤੇ ਬੜੀ ਮਿਹਰ ਹੈ ਓਸ ਗੁਰੂ ਦੀ
ਜਿਹਨਾਂ ਪਿਉ ਦੀ ਕਮਾਈ ਵੀ ਗੁਆ ਛੱਡੀ
ਕੋਈ ਬਿਜਨੈਸ ਕਰਨ ਦੀ ਬਜਾਏ
ਭੁੱਖੇ ਸਾਧੂਆਂ ਨੂੰ ਰੋਟੀ ਖੁਆ ਛੱਡੀ
ਜੋ ਤੇਰਾ ਤੇਰਾ ਅਲਾਉਂਦੇ ਰਹੇ
ਤੇ ਮੋਦੀਖਾਨਾ ਲੁਟਾਉਂਦੇ ਰਹੇ
ਗਾਉਂਦੇ ਰਹੇ ਭਾਉਂਦੇ ਰਹੇ ਸੁਣਦੇ ਅਤੇ ਸੁਣਾਉਂਦੇ ਰਹੇ
ਬੱਚੇ ਨਾ ਕਿਧਰੇ ਸੈੱਟ ਕੀਤੇ
ਬੱਸ ਗੋਸ਼ਟੀਆਂ ਈ ਰਚਾਉਂਦੇ ਰਹੇ
ਤੁਸੀਂ ਪੁੱਛ ਸਕਦੇ ਹੋ
ਕਿ ਨਾਨਕ ਦੇ ਨਾਂ 'ਤੇ ਖੁੱਲ੍ਹੇ
ਮੋਦੀਖਾਨਿਆਂ ਦੇ ਮਾਲਕ
ਭਲਾ ਨਾਨਕ ਦੇ ਕੀ ਲੱਗਦੇ ਨੇ।

(ਗੁਰਮੁਖ ਸਿੰਘ, ਪੰਨਾ-25)

ਕਵੀ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਅਜੋਕੇ ਸਰੋਕਾਰ ਨੂੰ ਇਹਨਾਂ ਕਵਿਤਾਵਾਂ ਰਾਹੀਂ ਪੇਸ਼ ਕਰਦਾ ਹੋਇਆ ਸਾਡੀ ਜੀਵਨ-ਸ਼ੈਲੀ, ਕਾਰ-ਵਿਹਾਰ ਨੂੰ ਝੰਜੋੜਨ ਦੀ ਸ਼ਕਤੀ ਰੱਖਦਾ ਹੈ। ਗੁਰੂ ਨਾਨਕ ਦੇਵ ਨੇ ਪ੍ਰੰਪਰਾਗਤ ਧਰਮਾਂ ਦੇ ਸਿਧਾਂਤਾਂ ਨੂੰ ਮੰਨਣ ਤੋਂ ਇਨਕਾਰ ਕਰਦਿਆਂ ਅਜਿਹੇ ਸਿਧਾਂਤਾਂ ਦੀ ਨੀਂਹ ਰੱਖੀ, ਜਿਹੜੇ ਮਨੁੱਖਤਾ ਦੀ ਲੁੱਟ ਦਾ ਰਸਤਾ ਖੋਲ੍ਹਣ ਵਾਲੇ ਸਿਧਾਂਤਾਂ ਦਾ ਖੰਡਨ ਕਰਦੇ ਹੋਏ ਨਵੇਂ ਮਨੁੱਖ, ਨਵੇਂ ਸਮਾਜ ਅਤੇ ਨਵੇਂ ਰਾਸ਼ਟਰ ਦੀ ਸਿਰਜਣਾ ਕਰਨ ਵਾਲੇ ਸਿਧਾਂਤਾਂ ਦੇ ਪੂਰਨੇ ਪਾਉਂਦੇ ਸਨ। ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਅਪਨਾਉਣ ਲਈ ਜਿਥੇ ਗੁਰੂ ਦੀ ਲੋੜ ਉਤੇ ਜ਼ੋਰ ਦਿੱਤਾ ਗਿਆ, ਉਥੇ ਇਸ ਮਾਰਗ ਉਤੇ ਚੱਲਣ ਲਈ ਸੰਗਤ, ਨਾਮ ਸਿਮਰਨ ਤੋਂ ਵੱਖਰਾ ਹੈ।

ਅਜੋਕੇ ਦੌਰ ਦਾ ਇਹ ਕਵੀ ਆਪਣੀ ਗੱਲ ਨੂੰ ਸਪੱਸ਼ਟਤਾ, ਸੰਖੇਪਤਾ ਤੇ ਨਵੀਆਂ ਵਿਧੀਆਂ ਰਾਹੀਂ ਨਵੀਆਂ ਧਰਤੀਆਂ ਦੀ ਤਲਾਸ਼ ਕਰਦਾ ਹੋਇਆ ਸਪੱਸ਼ਟ ਕਰਦਾ ਹੈ। ਇਹ ਕਵਿਤਾਵਾਂ ਇਕ ਨਵੇਂ

ਵਿਚਾਰਧਾਰਾਈ ਆਧਾਰ ਦੀ ਸਿਰਜਣਾ ਕਰਦੀਆਂ ਹਨ ਤੇ ਅਜੋਕੇ ਮਨੁੱਖ ਦੇ ਅਡੰਬਰ-ਭਰੇ ਕਾਰ-ਵਿਵਹਾਰ ਉਪਰ ਡੂੰਘੀਆਂ ਕਟਾਖ਼ਸ਼ ਕਰਦੀਆਂ ਹਨ।

ਗੁਰੂ ਨਾਨਕ ਦੇਵ ਜੀ ਨੇ ਜਿਸ ਤਰ੍ਹਾਂ ਆਪਣੇ ਸਮੇਂ ਦੀ ਪੜਚੋਲ ਕੀਤੀ, ਗਲਤ ਸਮਾਜਿਕ, ਰਾਜਨੀਤਕ ਤੇ ਧਾਰਮਿਕ ਕੀਮਤਾਂ ਦਾ ਖੰਡਨ ਕੀਤਾ, ਉਹ ਵੱਖਰੀ ਮਿਸਾਲ ਹੈ। ਉਸ ਸਮੇਂ ਤੱਕ ਕਿਸੇ ਸਾਹਿਤਕਾਰ ਜਾਂ ਕਵੀ, ਸਿਵਾਏ ਭਗਤ ਕਬੀਰ ਜੀ ਦੇ ਇਸ ਤਰ੍ਹਾਂ ਦੀ ਬਲਵਾਨ ਪੜਚੋਲ ਨਹੀਂ ਸੀ ਕੀਤੀ। ਇਹ ਗੁਰੂ ਨਾਨਕ ਸਾਹਿਬ ਦੀ ਵਡਿਆਈ ਹੈ ਕਿ ਉਹਨਾਂ ਨੇ ਨਿਡਰ ਹੋ ਕੇ ਸਮਾਜਿਕ ਅਗਵਾਈ ਦਾ ਫਰਜ਼ ਆਪਣੀ ਬਾਣੀ, ਪ੍ਰਚਾਰ ਅਤੇ ਗੋਸ਼ਟਿਆਂ ਰਾਹੀਂ ਨਿਭਾਇਆ। ਇਹ ਬਾਣੀ ਪੜ੍ਹਕੇ ਲੋਕਾਂ ਦੇ ਮਨਾਂ ਵਿਚੋਂ ਰਾਜ ਸੱਤਾ ਦੇ ਹਊਏ ਦਾ ਡਰ ਚੁੱਕਿਆ ਗਿਆ ਤੇ ਆਖ਼ਰ ਉਹ ਧੱਕੜ ਸ਼ਾਹੀ ਦਾ ਮੁਕਾਬਲਾ ਕਰਨ ਲਈ, ਗੁਰੂ ਦੀ ਬਾਣੀ ਪੜ੍ਹਦੇ ਹੋਏ, ਆਪਾ ਵਾਰਨ ਲਈ ਤਿਆਰ ਹੋ ਗਏ।

ਕਿਸੇ ਵੀ ਮਹਾਨ ਚਿੰਤਕ, ਬੁੱਧੀਜੀਵੀ, ਗੁਰੂ ਅਥਵਾ ਵਲੀ ਪੈਗੰਬਰ ਦੀ ਮਹਾਨਤਾ ਜਾਂ ਵਡਿਆਈ ਇਸ ਗੱਲ ਵਿਚ ਹੁੰਦੀ ਹੈ ਕਿ ਉਸ ਦੀ ਸਿਖਿਆ ਦਾ ਸੰਦੇਸ਼ ਸਰਬ ਸਮਿਆਂ ਲਈ ਜਨ-ਸਧਾਰਣ ਨੂੰ ਨਰੋਈ ਸੇਧ ਤੇ ਅਗਵਾਈ ਦੇਵੇ। ਗੁਰੂ ਨਾਨਕ ਦੇਵ ਦੀ ਸਮੁੱਚੀ ਬਾਣੀ ਅਤੇ ਉਹਨਾਂ ਦੀ ਦੇਣ ਵਿਚ ਇਹ ਸਾਰੀਆਂ ਵਿਸ਼ੇਸ਼ਤਾਈਆਂ ਹਨ, ਅਜੋਕੇ ਪ੍ਰਸੰਗ ਵਿਚ ਲੋੜ ਇਸ ਗੱਲ ਦੀ ਹੈ ਕਿ ਉਹਨਾਂ ਦੀ ਸਿਖਿਆ ਅਥਵਾ ਬਾਣੀ ਦੁਆਲੇ ਸ਼ਰਧਾਵਾਦੀ ਢੰਗ ਨਾਲ ਮਿਥਿਹਾਸਕ ਧੁੰਧ ਨਾ ਖਿਲਾਰੀ ਜਾਵੇ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਵਿਚ ਹਰ ਤਰ੍ਹਾਂ ਦੇ ਵਿਰੋਧੀ ਵਿਚਾਰਾਂ ਵਾਲ਼ਿਆਂ ਨਾਲ ਗਹਿਰ-ਗੰਭੀਰ ਗੋਸ਼ਟਾਂ ਕਰਕੇ ਆਪਣੀ ਗੱਲ ਲੋਕਾਂ ਤੱਕ ਪਹੁੰਚਾਈ। ਪੰਜਾਬੀ ਕਵੀ ਜਸਵੰਤ ਜ਼ਫ਼ਰ ਨੇ ਏਸੇ ਕਾਰਨ ਹੀ ਇਹ ਸਵਾਲ ਉਠਾਇਆ ਹੈ ਕਿ ਅਸੀਂ ਗੁਰੂ ਨਾਨਕ ਦੇ ਕੀ ਲੱਗਦੇ ਹਾਂ ? ਇਹ ਹੁਣ ਅਸੀਂ ਸੋਚਣਾ ਹੈ ਕਿ ਸਚਮੁੱਚ ਅਸੀਂ ਗੁਰੂ ਨਾਨਕ ਦੇ ਕੀ ਲੱਗਦੇ ਹਾਂ ਤੇ ਉਹ ਸਾਡਾ ਕੀ ਲੱਗਦਾ ਹੈ ? ਮੈਂ ਆਪਣੀ ਗੱਲ ਇਕ ਸ਼ੇਅਰ ਨਾਲ ਖ਼ਤਮ ਕਰਦਾ ਹਾਂ-

ਤੁਰਿਆ ਕਵੀ ਤਾਂ ਨਾਲ ਓਸ ਦੇ ਸਾਜ਼ਿੰਦਾ ਵੀ ਤੁਰਿਆ
ਧੂੜਾਂ ਵਿਚੋਂ ਲਭਦੀਆਂ ਸੀ, ਸੱਜਰੀਆਂ ਕਵਿਤਾਵਾਂ।

*—ਡਾ. ਹਰਪ੍ਰੀਤ ਸਿੰਘ ਹੁੰਦਲ*
*ਪੰਜਾਬੀ ਵਿਭਾਗ*
*ਸਿੱਖ ਨੈਸ਼ਨਲ ਕਾਲਜ ਕਾਦੀਆਂ*

# ਗੁਰੂ ਰਵਿਦਾਸ ਬਾਣੀ ਵਿਚ ਮੁਕਤੀ ਦਾ ਸੰਕਲਪ

*—ਡਾ. ਲੱਕੀ ਸ਼ਰਮਾ*

'ਮੁਕਤੀ' ਸ਼ਬਦ ਜੀਵਨ-ਮੁਕਤੀ ਦੇ ਸੰਕਲਪ ਨਾਲ ਜੁੜਿਆ ਹੈ ਜੋ ਅਗੋਂ ਦੋ ਸ਼ਬਦਾਂ-ਜੀਵਨ ਅਤੇ ਮੁਕਤੀ ਦਾ ਸਮਾਸ ਹੈ। ਕਿਸੇ ਜਾਨਵਰ, ਹਸਤੀ ਜਾਂ ਜੀਵ ਦਾ ਸੰਸਾਰ ਵਿਚ ਬਿਤਾਇਆ ਸਮਾਂ 'ਜੀਵਨ' ਹੈ, ਜਿਸ ਦੀ ਸੀਮਾ ਮੌਤ ਹੈ। ਮੁਕਤੀ ਪ੍ਰਾਪਤ ਵਿਅਕਤੀ ਨੂੰ ਮੁਕਤ ਕਿਹਾ ਜਾਂਦਾ ਹੈ। ਜੋ ਵਿਅਕਤੀ ਜੀਵਨ ਵਿਚ ਹੀ ਸੰਸਾਰਕ ਪਰਪੰਚ ਤੋਂ ਬੇਲਾਗ ਅਤੇ ਅਪ੍ਰਭਾਵਿਤ ਹੋ ਕੇ ਜੀਵਨ ਬਤੀਤ ਕਰਨ ਲੱਗ ਜਾਂਦਾ ਹੈ, ਉਸਨੂੰ ਜੀਵਨ ਮੁਕਤ ਕਿਹਾ ਜਾਂਦਾ ਹੈ।

ਭਾਰਤੀ ਚਿੰਤਨ ਪ੍ਰਣਾਲੀ ਅਨੁਸਾਰ ਮੋਖ/ਮੁਕਤੀ ਦੀ ਪਰੰਪਰਾ ਆਦਿ ਕਾਲ ਤੋਂ ਚਲੀ ਆਉਂਦੀ ਹੈ। ਮਨੁੱਖੀ ਜੀਵਨ ਦਾ ਪ੍ਰਮੁੱਖ ਉਦੇਸ਼ ਮੋਖ ਦੀ ਪ੍ਰਾਪਤੀ ਹੈ। ਵੈਦਿਕ ਅਤੇ ਉਪਨਿਸ਼ਦਿਕ ਸਾਹਿਤ ਵਿਚ



ਧਰਮ, ਅਰਥ, ਕਾਮ ਅਤੇ ਮੋਕਸ਼ ਨਾਮ ਦੇ ਚਾਰ ਪਦਾਰਥਾਂ ਵਿਚੋਂ ਮੋਖ ਅਤੇ ਮੁਕਤੀ ਨੂੰ ਸਰਬੋਤਮ ਮੰਨਿਆ ਜਾਂਦਾ ਰਿਹਾ ਹੈ। ਵੱਖ-ਵੱਖ ਦਰਸ਼ਨ-ਵੇਤਿਆਂ ਨੇ ਆਪਣੇ-ਆਪਣੇ ਅਨੁਭਵ ਅਨੁਸਾਰ, ਇਸ ਅਵਸਥਾ ਦਾ ਵਰਨਣ ਕੀਤਾ ਹੈ। ਕਿਸੇ ਨੇ ਇਸ ਨੂੰ ਮੁਕਤੀ, ਕਿਸੇ ਨੇ ਮੋਖ, ਕਿਸੇ ਨੇ ਨਿਵਾਰਣ, ਕਿਸੇ ਨੇ ਕੈਵਲਯ, ਪਰਮਪਦ, ਪਰਮਗਤਿ, ਪਰਮਸੁੱਖ ਆਦਿ ਭਿੰਨ-ਭਿੰਨ ਨਾਮ ਪ੍ਰਦਾਨ ਕੀਤੇ ਹਨ। ਪਰੰਤੂ ਮੁਕਤੀ ਸ਼ਬਦ ਨੂੰ ਹੀ ਸਭ ਤੋਂ ਵੱਧ ਲੋਕਪ੍ਰਿਅਤਾ ਹਾਸਲ ਹੋਈ ਹੈ।

ਸੰਸਕ੍ਰਿਤ ਧਾਤੂ ਮੁਚ ਤੋਂ ਨਿਕਲੇ ਸ਼ਬਦ ਮੁਕਤੀ ਦਾ ਸ਼ਾਬਦਿਕ ਅਰਥ ਹੈ ਛੁਟਕਾਰਾ, ਨਜਾਤ, ਰਿਹਾਈ ਜਾਂ ਬੰਧਨ-ਹੀਣਤਾ। ਧਾਰਮਿਕ ਸ਼ਬਦਾਵਲੀ ਵਿਚ ਹਰ ਪ੍ਰਕਾਰ ਦੇ ਦੁੱਖਾਂ ਜਾਂ ਕਸ਼ਟਾਂ ਤੋਂ ਸਦਾ ਲਈ ਛੁਟਕਾਰਾ ਪਾਉਣਾ ਮੁਕਤੀ ਹੈ। ਹਰ ਧਰਮ ਜਾਂ ਧਾਰਮਿਕ ਫਿਰਕੇ ਨੇ ਇਸ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਵਾਨ ਕੀਤਾ ਹੈ। ਜਿਵੇਂ—

1. ਨਯਾਯ ਸ਼ਾਸਤਰ ਅਨੁਸਾਰ ਛੇ ਇੰਦ੍ਰੀਆਂ, ਇਨ੍ਹਾਂ ਦੇ ਛੇ ਵਿਸ਼ੇ ਅਤੇ ਛੇ ਗਿਆਨਾਂ ਤੋਂ ਇਲਾਵਾ ਸੁੱਖ, ਦੁੱਖ ਤੇ ਮਨ ਇਨ੍ਹਾਂ ਇੱਕੀਆਂ ਦੁੱਖਾਂ ਦਾ ਜੋ ਨਾਸ ਹੁੰਦਾ ਹੈ, ਉਹ ਮੁਕਤੀ ਹੈ।
2. ਵੈਸ਼ੇਸ਼ਿਕ ਮੱਤ ਅਨੁਸਾਰ ਵਿਚਾਰ ਤੇ ਅਭਿਆਸ ਦੁਆਰਾ ਜੀਵਾਤਮਾ ਦਾ ਨੌਂ ਗੁਣਾਂ (ਗਿਆਨ ਸੁੱਖ, ਦੁੱਖ, ਇੱਛਾ, ਦ੍ਵੈਸ਼, ਪ੍ਰਯਤਨ, ਧਰਮ, ਅਧਰਮ ਅਤੇ ਭਾਵਨਾ) ਤੋਂ ਅਸੰਗ ਜਾਂ ਮੁਕਤ ਹੋ ਜਾਣਾ ਹੀ ਮੁਕਤੀ ਹੈ।
3. ਸਾਂਖ੍ਯ ਮਤ ਅਨੁਸਾਰ ਪ੍ਰਕ੍ਰਿਤੀ ਅਤੇ ਪੁਰਸ਼ ਦਾ ਭਿੰਨ-ਭਿੰਨ ਗਿਆਨ ਹੋਣ ਕਾਰਣ ਅਧਿਆਤਮਕ, ਅਧਿ ਭੌਤਿਕ ਅਤੇ ਅਧਿ ਦੈਵਿਕ ਤਿੰਨੋਂ ਪ੍ਰਕਾਰ ਦੇ ਦੁੱਖਾਂ ਦਾ ਪੂਰਣ ਤੌਰ ਤੇ ਦੂਰ ਹੋ ਜਾਣਾ ਮੁਕਤੀ ਹੈ।
4. ਯੋਗ ਮਤ ਅਨੁਸਾਰ ਪੰਜ ਕਲੇਸ਼ਾਂ (ਅਵਿੱਦਿਆ, ਹਉਮੈ, ਮੋਹ, ਵੈਰ ਅਤੇ ਅਭਿਨਿਵੇਸ਼) ਦਾ ਸਮਾਧੀ ਦੇ ਅਭਿਆਸ ਦੁਆਰਾ ਮਿਟ ਜਾਣਾ ਅਤੇ ਜੀਵ ਆਤਮਾ ਨੂੰ ਸਵਤੰਤਰਤਾ ਦੀ ਪ੍ਰਾਪਤੀ ਹੋਣਾ ਹੀ ਮੁਕਤੀ ਹੈ।
5. ਵੇਦਾਂਤ ਮਤ ਅਨੁਸਾਰ ਆਤਮ ਗਿਆਨ ਦੁਆਰਾ ਅਵਿੱਦਿਆ ਉਪਾਧੀ ਦੂਰ ਕਰਕੇ ਜੀਵ ਨਾਲ ਬ੍ਰਹਮ ਦਾ ਅਭੇਦ ਹੋਣਾ ਹੀ ਮੁਕਤੀ ਹੈ।
6. ਸ਼ੈਵ, ਵੈਸ਼ਣਵ ਆਦਿ ਮੱਤਾਂ ਅਨੁਸਾਰ ਆਪਣੇ-ਆਪਣੇ ਇਸ਼ਟ ਦੇਵਤਾ ਦੀ ਉਪਾਸਨਾ ਜਾਂ ਧਿਆਨ ਕਰਕੇ ਆਪਣੇ ਉਪਾਸਯ ਦੇਵਤਾ ਦੇ ਲੋਕ ਵਿਚ ਜਾ ਕੇ ਅਨੰਦ ਪ੍ਰਾਪਤ ਕਰਨਾ ਹੀ ਮੁਕਤੀ ਹੈ।
7. ਜੈਨ ਮੱਤ ਅਨੁਸਾਰ ਤਪ ਅਹਿੰਸਾ ਆਦਿ ਧਰਮ ਕਰਮ ਕਰਨ ਤੋਂ ਕਰਮਾਂ ਦੇ ਬੰਧਨਾਂ ਦਾ ਅਭਾਵ ਹੋਣਾ ਤੇ ਜੀਵ ਦਾ ਉੱਚੇ ਲੋਕ ਵਿਚ ਸਦੀਵੀ ਨਿਵਾਸ ਹੀ ਮੁਕਤੀ ਹੈ।
8. ਬੁੱਧ ਮਤ ਅਨੁਸਾਰ ਅੱਠ ਸ਼ੁੱਭ ਗੁਣਾਂ (ਸਦਵਿਸ਼ਵਾਸ, ਸਦਵਿਚਾਰ, ਸਦਵਾਕਯ, ਸਤਕਰਮ, ਸਦਜੀਵਨ, ਸਤਪ੍ਰਯਤਨ, ਸਤਚਿੰਤਨ ਅਤੇ ਸਦਧਿਆਨ) ਦੇ ਧਾਰਣ ਤੋਂ ਸਰਵ ਇੱਛਾ ਦਾ ਤਿਆਗ ਹੋਣ ਤੇ ਨਿਵਾਰਣ ਪਦ ਦੀ ਪ੍ਰਾਪਤੀ ਹੁੰਦੀ ਹੈ।
9. ਸੂਫ਼ੀਆਂ ਦਾ ਮੰਨਣਾ ਹੈ ਕਿ ਰੱਬ ਤੇ ਰੂਹ ਦੇ ਮਿਲਾਪ ਨੂੰ ਮੁਕਤੀ ਆਖਦੇ ਹਨ।
10. ਇਸਲਾਮ ਅਨੁਸਾਰ ਕੁਰਾਨ ਸ਼ਰੀਫ ਦੇ ਵਚਨਾਂ ਤੇ ਅਮਲ ਕਰਨ, ਸ਼ਰ੍ਹਾ ਦੇ ਪੱਕੇ ਪਾਬੰਦ ਰਹਿਣ ਅਤੇ ਪੈਗੰਬਰ ਹਜ਼ਰਤ ਮੁਹੰਮਦ ਤੇ ਨਿਸ਼ਚਾ ਰੱਖਣ ਕਾਰਣ ਹਸ਼ਰ ਦੇ ਦਿਹਾੜੇ ਰੱਬੀ ਫੈਸਲੇ ਮੁਤਾਬਿਕ ਬਹਿਸ਼ਤ ਦੀ ਪ੍ਰਾਪਤੀ ਕਰਨਾ ਹੀ ਮੁਕਤੀ ਹੈ।
11. ਈਸਾਈ ਮੱਤ ਅਨੁਸਾਰ ਪਰਮਾਤਮਾ ਪੁੱਤਰ ਹਜ਼ਰਤ ਈਸਾ ਉੱਤੇ ਪੂਰਣ ਵਿਸ਼ਵਾਸ ਰੱਖ ਕੇ ਪਾਪਾਂ ਤੋਂ ਛੁਟਕਾਰਾ ਅਤੇ ਅਖੈ (ਮੁਕਤ) ਜੀਵਨ ਪ੍ਰਾਪਤ ਕਰਨਾ ਹੀ ਮੁਕਤੀ ਹੈ।

12. ਸਿੱਖ ਮੱਤ ਅਨੁਸਾਰ ਗੁਰਮੁੱਖਾਂ ਦੀ ਸੰਗਤ ਦੁਆਰਾ ਨਾਮ ਤੇ ਤੱਤ ਅਤੇ ਅਭਿਆਸ ਦੇ ਪ੍ਰਕਾਰ ਨੂੰ ਜਾਣਕੇ ਸਿਰਜਣਹਾਰ ਨਾਲ ਲਿਵ ਜੋੜਣ, ਹਉਮੈ ਤਿਆਗ ਕੇ ਪਰਉਪਕਾਰ ਕਰਨ, ਅੰਤ ਕਰਣ ਨੂੰ ਅਵਿਦਿਆ ਅਤੇ ਭ੍ਰਮਜਾਲ ਤੋਂ ਅਤੇ ਸ਼ਰੀਰ ਨੂੰ ਅਪਵਿਤ੍ਰਤਾ ਤੋਂ ਪਾਕ ਰੱਖਣ ਅਰਥਾਤ ਨਾਮਦਾਨ, ਇਸਨਾਨ ਕਰਨ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ। ਇਸ ਤਰ੍ਹਾਂ ਜੀਉਂਦੇ ਹੋਏ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ।

ਮੱਧਯੁੱਗ ਦੇ ਸੰਤ-ਸਾਧਕਾਂ ਵਿਚ ਮੁਕਤੀ ਭਾਵ ਜੀਵਨ-ਮੁਕਤੀ ਦੀ ਗੱਲ ਬੜੇ ਵਿਸਤਾਰ ਅਤੇ ਭਾਵਮਈ ਸ਼ੈਲੀ ਵਿਚ ਚਿਤਰੀ ਗਈ ਹੈ। ਪੰਜਾਬੀ ਸਾਹਿਤ ਵਿਚ ਗੁਰੂ ਸਾਹਿਬਾਨ ਫ਼ਰਮਾਉਂਦੇ ਹਨ ਕਿ ਜਿਸ ਮਨੁੱਖ ਨੇ ਹਉਮੈ ਗਵਾ ਲਈ ਗੁਰੂ ਦਾ ਸ਼ਬਦ ਮਨ ਵਸਾ ਲਿਆ, ਗੋਬਿੰਦ ਦੀ ਅਰਾਧਨਾ ਕਰ ਲਈ ਉਹ ਮੁਕਤੀ, ਪਰਮਗਤਿ ਜਾਂ ਮੋਖ ਪ੍ਰਾਪਤ ਕਰ ਲੈਂਦਾ ਹੈ।

ਮੁਕਤੀ ਦੁਆਰਾ ਸੋਈ ਪਾਏ
ਜਿ ਵਿਚਹੁ ਆਪ ਗਵਾਇ (ਆਦਿ ਗ੍ਰੰਥ ਪੰਨਾ-1276)
ਅਤੇ
ਗੁਰੂ ਕੇ ਸ਼ਬਦ ਜੋ ਮਰ ਜੀਵੇ,
ਸੋ ਪਾਏ ਮੋਖ ਦੁਆਰ॥ (ਆਦਿ ਗ੍ਰੰਥ, ਪੰਨਾ-942)

ਇਸ ਤੋਂ ਉਲਟ, ਮਨਮੁੱਖ ਵਿਅਕਤੀ ਆਪਣੇ ਜਨਮ ਨੂੰ ਅੰਞਾਈਂ ਗਵਾ ਕੇ ਆਵਾਗਮਨ ਦੇ ਚੱਕਰ ਵਿਚ ਉਲਝਿਆ ਰਹਿੰਦਾ ਹੈ। ਮੋਹ ਮਗਨ ਹੋਣ ਕਰਕੇ ਇਸ ਨੂੰ ਬਹੁਤ ਵਾਰ ਗਰਭਵਾਸ ਕਰਨਾ ਪੈਂਦਾ ਹੈ ਅਤੇ ਹਉਮੈ ਦੇ ਬੰਧਨ ਅਧੀਨ ਉਸ ਨੂੰ ਮੁੜ-ਮੁੜ ਜੂਨਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਉਹ ਤੇ ਆਵਾਗਮਨ ਵਿਚ ਫੱਸਿਆ ਰਹਿੰਦਾ ਹੈ।

ਇਸ ਤਰ੍ਹਾਂ ਗੁਰਬਾਣੀ ਤੇ ਰਵਿਦਾਸ ਬਾਣੀ ਦੋਹਾਂ ਵਿਚ ਨਿਰੂਪਿਤ ਮੁਕਤੀ ਦਾ ਸੰਕਲਪ ਜੀਵਨ-ਮੁਕਤੀ ਤੇ ਆਵਾਗਵਨ ਨਾਲ ਜੁੜਿਆ ਹੈ।

ਰਵਿਦਾਸ ਬਾਣੀ ਵਿਚ ਜੀਵਨ ਮੁਕਤੀ ਅਤੇ ਜੀਵਨ-ਮਰਨ ਦੇ ਕਈ ਪਰੋਖ ਤੇ ਅਪਰੋਖ ਹਵਾਲੇ ਦ੍ਰਿਸ਼ਟੀ ਗੋਚਰ ਹੁੰਦੇ ਹਨ।

ਭਗਤ ਰਵਿਦਾਸ ਪ੍ਰਭੂ ਦੀ ਭਗਤੀ ਵਿਚਲੇ ਆਪਣੇ ਡੂੰਘੇ ਵਿਸ਼ਵਾਸ ਸਦਕਾ ਆਪਣੀ ਉਸ ਉਚੇਰੀ ਆਤਮਿਕ ਅਵਸਥਾ ਦੇ ਸੰਕੇਤ ਦਿੰਦੇ ਹਨ, ਜਿਸ ਵਿਚ ਉਹਨਾਂ ਨੂੰ ਪੂਰਨ ਪਰਮਾਨੰਦ ਪ੍ਰਾਪਤ ਹੋ ਸਕਿਆ। 'ਬੇਗ਼ਮਪੁਰੇ' ਵਾਲਾ ਸ਼ਬਦ ਉਹਨਾਂ ਦੀ ਜੀਵਨ ਮੁਕਤੀ ਅਤੇ ਜੀਵਨ ਮਰਨ ਸਥਿਤੀ ਦਾ ਦੀ ਸਪੱਸ਼ਟ ਉਦਾਹਰਨ ਹੈ, ਕਿਉਂਕਿ ਸਭ ਪ੍ਰਕਾਰ ਦੀਆਂ ਤ੍ਰਿਸ਼ਨਾਵਾਂ ਅਤੇ ਵਿਕਾਰਾਂ ਤੋਂ ਨਿਜਾਤ ਪ੍ਰਾਪਤ ਕਰ ਲੈਣ ਵਾਲਾ ਸਾਧਕ ਹੀ ਗੱਜ-ਵੱਜ ਕੇ ਇਹ ਐਲਾਨ ਕਰ ਸਕਦਾ ਹੈ-

ਅਬ ਮੋਹਿ ਖੂਬ ਵਤਨ ਗਹ ਪਾਈ।
ਊਹਾਂ ਖੈਰਿ ਸਦਾ ਮੇਰੇ ਭਾਈ॥
ਕਾਇਮੁ ਦਾਇਮੁ ਸਦਾ ਪਾਤਿਸਾਹੀ।
ਦੋਮ ਨਾ ਸੇਮ ਏਕ ਸੋ ਆਹੀ॥
ਆਬਦਾਨੁ ਸਦਾ ਮਸਹੂਰ।
ਊਹਾ ਗਤੀ ਬਸਹਿ ਮਾਮੂਰ॥
(ਆਦਿ ਗ੍ਰੰਥ, ਪੰਨਾ-345)

'ਉਰਵਾਰ ਪਾਰ ਦੇ ਦਾਤੇ' ਨੂੰ ਉਹ ਪੂਰੇ ਆਤਮ-ਵਿਸ਼ਵਾਸ ਨਾਲ ਸੰਬੋਧਿਤ ਕਰਦੇ ਹੋਏ ਆਖਦੇ



ਹਨ ਕਿ 'ਸ਼ਬਦ-ਜੰਜਾਲ' ਤਿਆਗ ਦੇਣ ਕਾਰਨ, ਹੁਣ ਉਹਨਾਂ ਨੂੰ ਕਿਸੇ ਜਮ-ਡੰਡ ਦਾ ਡਰ ਨਹੀਂ ਰਿਹਾ।

ਰਵਿਦਾਸ ਜੀ ਲਿਖਦੇ ਹਨ ਕਿ ਵੱਡੇ-ਭਾਗਾਂ ਨਾਲ਼ ਜਦੋਂ ਮਨੁੱਖ ਦੀ ਸੁਰਤ ਪ੍ਰਭੂ ਦੇ ਚਰਨਾਂ ਨਾਲ਼ ਜੁੜ ਜਾਵੇ ਤਾਂ ਉਹ ਸਦੀਵੀ ਅਡੋਲਤਾ ਵਿਚ ਇਕ ਤਰ੍ਹਾਂ ਟਿਕ ਜਾਂਦਾ ਹੈ। ਅਸਲੀਅਤ ਦੀ ਸੋਝੀ ਹੋਣ ਕਾਰਨ ਉਸਦਾ ਹਿਰਦਾ ਚਾਨਣ-ਚਾਨਣ ਹੋ ਜਾਂਦਾ ਹੈ ਅਤੇ ਇੰਝ ਉਸਦਾ ਜਨਮ ਮਰਨ ਦਾ ਡਰ ਹਮੇਸ਼ਾ ਲਈ ਖਤਮ ਹੋ ਜਾਂਦਾ ਹੈ।

ਸਹਜ ਸਮਾਧਿ ਉਪਾਧਿ ਰਹਤ ਫੁਨਿ,
ਬਡੈ ਭਾਗਿ ਲਿਵ ਲਾਗੀ॥
ਕਹਿ ਰਵਿਦਾਸ ਪ੍ਰਗਾਸ ਰਿਦੈ ਧਾਰਿ,
ਜਨਮ ਮਰਨ ਭੈ ਭਾਗੀ॥
(ਆਦਿ ਗ੍ਰੰਥ, ਪੰਨਾ-658)

ਮੁਕਤੀ ਵਿਦਿਆ ਅਤੇ ਵਿਗਿਆਨ ਦੀ ਸਹਾਇਤਾ ਨਾਲ ਮਿਲਣ ਵਾਲੀ ਕੋਈ ਵਸਤੂ ਨਹੀਂ।
"ਮੁਕਤੀ ਨਹੀਂ, ਬਿਦਿਆ ਬਿਗਆਨਿ॥'
(ਆਦਿ ਗ੍ਰੰਥ, ਪੰਨਾ-907)

ਇਸ ਦੇ ਪੜ੍ਹੇ-ਲਿਖੇ ਅਤੇ ਅਨਪੜ੍ਹ ਹੋਣ ਨਾਲ ਕੋਈ ਸਬੰਧ ਨਹੀਂ।
ਜੋ ਪ੍ਰਾਣੀ ਗੋਵਿੰਦ ਧਿਆਵੈ,
ਪੜ੍ਹਿਆ ਅਣ ਪੜ੍ਹਿਆ ਪਰਮਗਤਿ ਪਾਵੈ।
(ਆਦਿ ਗ੍ਰੰਥ, ਪੰਨਾ-197)

ਉਨ੍ਹਾਂ ਅਨੁਸਾਰ ਜੀਵਨ-ਮੁਕਤੀ ਪ੍ਰਾਪਤ ਕਰਨ ਲਈ ਪ੍ਰਭੂ-ਭਗਤੀ ਤੇ ਨਾਮ-ਸਿਮਰਨ ਦੀ ਅਵਸ਼ਕਤਾ ਹੈ ਕਿਉਂਕਿ ਇੰਵ ਹੀ ਉਸ ਪਰਮਾਤਮਾ ਦੀ ਬਖਸ਼ਿਸ਼ ਪ੍ਰਾਪਤ ਹੁੰਦੀ ਹੈ। ਮਨੁੱਖ ਤੇਰ-ਮੇਰ ਤੋਂ ਖਲਾਸੀ ਪਾ ਲੈਂਦਾ ਹੈ ਅਤੇ ਪ੍ਰਭੂ ਦਰਬਾਰ ਤਕ ਉਸਦੀ ਰਸਾਈ ਹੋ ਜਾਂਦੀ ਹੈ। ਆਪਣੇ ਵਿਅਕਤੀਗਤ ਜੀਵਨ ਦੇ ਉਦਾਹਰਨ ਦੁਆਰਾ ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਪ੍ਰਭੂ ਨੇ ਕ੍ਰਿਪਾ ਕਰਕੇ ਉਨ੍ਹਾਂ ਨੂੰ ਅਪਣਾ ਲਿਆ ਹੈ। ਉਨ੍ਹਾਂ ਦਾ ਅੰਦਰ ਉੱਚ ਆਤਮਕ ਜੀਵਨ ਦੀ ਸੂਝ ਨਾਲ ਪ੍ਰਕਾਸ਼ਵਾਨ ਹੋ ਗਿਆ ਹੈ ਅਤੇ ਸਭ ਕਲੇਸ਼ ਕੱਟ ਗਏ ਹਨ।

ਉਪਜਿਓ ਗਿਆਨ ਹੂਆ ਪਰਗਾਸ,
ਕਰਿ ਕਿਰਪਾ ਲੀਨੇ ਕੀਟ ਦਾਸ॥
ਕਹੁ ਰਵਿਦਾਸ ਅਬ ਤ੍ਰਿਸ਼ਨਾ ਚੂਕੀ,
ਜਪਿ ਮੁਕੰਦ ਸੇਵਾ ਤਾਹੂ ਕੀ॥
(ਆਦਿ ਗ੍ਰੰਥ, ਪੰਨਾ-875)

ਉਹਨਾਂ ਦਾ ਵਿਚਾਰ ਹੈ ਕਿ ਮਨ ਦੀ ਮਤ ਮੰਨਣ ਵਾਲਾ ਜੀਵ ਸਦਾ ਭਟਕਦਾ ਰਹਿੰਦਾ ਹੈ। ਪਰ ਮਨ ਤਿਆਗਣ ਵਾਲਾ ਮੁਨੀ ਰੂਪ ਹੋ ਜਾਂਦਾ ਹੈ, ਜਿਹੜਾ ਤ੍ਰਿਲੋਕੀ ਵਿਚ ਵਿਆਪਕ ਪਰਮਾਤਮਾ ਨਾਲ ਸਾਖਿਆਤ ਮਿਲਾਪ ਪ੍ਰਾਪਤ ਕਰ ਲੈਂਦਾ ਹੈ। ਸਭ ਕਰਮ-ਧਰਮ ਗਿਆਨ ਦੀ ਪ੍ਰਾਪਤੀ ਲਈ ਕੀਤੇ ਜਾਂਦੇ ਹਨ, ਪਰੰਤੂ ਜਦੋਂ ਗਿਆਨ ਹਾਸਲ ਹੋ ਜਾਵੇ ਸਭ ਕਰਮ-ਧਰਮ ਪਿੱਛੇ ਰਹਿ ਜਾਂਦੇ ਹਨ। ਜਿਵੇਂ ਇਕ ਇਸਤਰੀ ਘਿਓ ਦੀ ਪ੍ਰਾਪਤੀ ਲਈ ਦੁੱਧ ਰਿੜਕਦੀ ਹੈ ਪਰੰਤੂ ਘਿਉ ਪ੍ਰਾਪਤ ਹੋ ਜਾਵੇ ਤਾਂ ਉਸਦੇ ਪਿਛਲੇ ਜਤਨ ਮਹੱਤਵਹੀਣ ਹੋ ਜਾਂਦੇ ਹਨ। ਇਹੀ ਗੱਲ ਪ੍ਰਭੂ ਗਿਆਨ ਦੇ ਸੰਦਰਭ ਵਿਚ ਢੁੱਕਦੀ ਹੈ। ਮਨੁੱਖ ਵੀ ਸੰਸਾਰਿਕਤਾ ਨਿਭਾਉਂਦਾ ਹੋਇਆ ਹੀ ਜੀਵਨ ਮੁਕਤ ਹੋ ਸਕਦਾ ਹੈ ਅਤੇ ਉਸ ਉਪਰੰਤ ਉਹ ਸਦਾ

ਨਿਰਬਾਨ, ਵਾਸਨਾ-ਮੁਕਤ ਅਵਸਥਾ ਵਿਚ ਵਿਚਰਦਾ ਹੈ।

ਗਿਆਨੈ ਕਾਰਨ ਕਰਮ ਅਭਿਆਸੁ,
ਗਿਆਨੁ ਭਇਆ ਤਾ ਕਰਮਹ ਨਾਸੁ ॥
ਘ੍ਰਿਤ ਕਾਰਨ ਦਧਿ ਮਥੈ ਸਇਆਨ,
ਜੀਵਨ-ਮੁਕਤ ਸਦਾ ਨਿਰਵਾਨ ॥

(ਆਦਿ ਗ੍ਰੰਥ, ਪੰਨਾ-167)

ਜੀਵਨ-ਮੁਕਤੀ ਲਈ ਗੁਰੂ ਤੇ ਸਾਧ-ਸੰਗਤ ਦਾ ਵਿਸ਼ੇਸ਼ ਮਹੱਤਵ ਸਵੀਕਾਰਿਆ ਗਿਆ ਹੈ।

ਜਨ ਰਵਿਦਾਸ ਰਾਮ ਰੰਗਿ ਰਾਤਾ।
ਇਉਂ ਗੁਰ ਪਰਸਾਦਿ ਨਰਕ ਨਹੀਂ ਜਾਤਾ ॥

(ਆਦਿ ਗ੍ਰੰਥ, ਪੰਨਾ-487)

ਅਤੇ

ਮਿਲਤ ਪਿਆਰੋ ਪ੍ਰਾਨਨਾਥ ਕਵਨ ਭਗਤਿ ਤੇ,
ਸਾਧ ਸੰਗਤਿ ਪਾਈ ਪਰਮਗਤੇ ॥

(ਆਦਿ ਗ੍ਰੰਥ, ਪੰਨਾ-1293)

ਸਾਧ ਸੰਗਤ ਵਿਚ ਜਾਣ ਨਾਲ ਭਰਮ-ਭੁਲੇਖੇ ਦੂਰ ਹੋ ਜਾਂਦੇ ਹਨ। ਸਾਧੂ ਦੀ ਓਟ ਨਾਲ ਕਰੋੜਾਂ ਪਾਪ ਮਿਟ ਜਾਂਦੇ ਹਨ। ਉਸਦੀ ਸਿੱਖਿਆ ਅਨੁਸਾਰ ਨਾਮ ਜੱਪਣ ਨਾਲ ਜਾਤ, ਜਨਮ ਅਤੇ ਜੂਨਾਂ ਤੋਂ ਛੁਟਕਾਰਾ ਮਿਲ ਸਕਦਾ ਹੈ ਅਤੇ ਮਨੁੱਖ ਜਨਮ-ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦਾ ਹੈ। ਰਵਿਦਾਸ ਬਾਣੀ ਵਿਚ ਉਲਿਖਤ ਹੈ ਕਿ ਜਿਸਨੇ ਮਨ ਹੀ ਮਨ ਪ੍ਰਭੂ ਦਾ ਦਰਸ਼ਨ ਕਰ ਲਿਆ ਤੇ ਭਗਤੀ ਦੀ ਜੁਗਤੀ ਨਾਲ ਮੱਤ ਨੂੰ ਮਾਇਆ ਵਿਚ ਖੁੱਭਣ ਤੋਂ ਰੋਕ ਲਿਆ, ਉਸਨੇ ਜੀਉਂਦੇ ਜੀਅ ਮੁਕਤੀ ਪ੍ਰਾਪਤ ਕਰ ਲਈ।

ਸਾਧੂ ਕੀ ਜਉ ਲੇਹਿ ਓਟ।
ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥
ਕਹਿ ਰਵਿਦਾਸ ਜੋ ਜਪੈ ਨਾਮੁ।
ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥

(ਆਦਿ ਗ੍ਰੰਥ, ਪੰਨਾ 1196)

ਸੋ ਸਪੱਸ਼ਟ ਹੈ-

1. 'ਮੁਕਤੀ' ਦਾ ਸੰਕਲਪ ਸਿਰਫ਼ ਭਾਰਤੀ ਦਰਸ਼ਨ ਵਿਚ ਹੀ ਨਹੀਂ, ਪੂਰੇ ਵਿਸ਼ਵ ਦੇ ਦਰਸ਼ਨ ਵਿਚ ਇਕ ਮਹੱਤਵਪੂਰਨ ਸਥਾਨ ਰੱਖਦਾ ਹੈ।
2. ਭਗਤ ਰਵਿਦਾਸ ਦੀ ਬਾਣੀ ਜੀਉਂਦੇ ਜੀਅ ਮੁਕਤੀ ਪ੍ਰਾਪਤੀ ਦੀ ਗੱਲ ਕਰਦੀ ਹੈ।
3. ਭਗਤ ਰਵਿਦਾਸ ਦੇ ਵਿਚਾਰਾਂ ਅਨੁਸਾਰ ਨਾਮ ਸਿਮਰਨ ਰਾਹੀਂ, ਪ੍ਰਭੂ ਦੇ ਚਰਨਾਂ ਵਿਚ ਲਿਵ ਲਾ ਕੇ, ਸਾਧ-ਸੰਗਤ ਦਾ ਸੰਗ ਕਰਕੇ, ਭਗਤੀ ਦੀ ਜੁਗਤੀ ਜਾਣਕੇ ਕੋਈ ਵੀ ਸਾਧਕ ਜੀਉਂਦਿਆਂ ਜੀਅ ਮੁਕਤੀ ਪ੍ਰਾਪਤ ਕਰ ਸਕਦਾ ਹੈ।

*ਮੋਬ-9803741413*
***E-mail-profluckysharma@gmail.com***



# ਪੁਸਤਕ ਪ੍ਰਾਪਤੀ

1. ਮਿੱਟੀ ਨਾ ਫਰੋਲ ਜੋਗੀਆ (ਇਤਿਹਾਸਕ ਖੋਜ) ਸੁਰਜੀਤ ਗਿੱਲ, ਪੀਪਲਜ਼ ਫੋਰਮ ਬਰਗਾੜੀ (ਫਰੀਦਕੋਟ)
2. ਜੇਲ੍ਹਾਂ ਜਾਈ (ਜੇਲ੍ਹ ਕਵਿਤਾਵਾਂ) ਮੱਲ ਸਿੰਘ ਰਾਮ ਪੁਰੀ, ਉਡਾਣ ਪਬਲੀਕੇਸ਼ਨ, ਮਾਨਸਾ
3. ਐਸੇ ਸਮੇਂ ਮੇਂ (ਹਿੰਦੀ ਕਵਿਤਾਵਾਂ) ਮਨੋਜ ਸ਼ਰਮਾ, ਯੂਨੀਸਟਾਰ, ਚੰਡੀਗੜ੍ਹ
4. ਫਰੈਂਡਰਿਕ ਏਂਗਲਜ਼ (ਜੀਵਨੀ) ਹਰਭਜਨ ਸਿੰਘ ਹੁੰਦਲ, ਪੰਨੇ 98, ਮੁੱਲ 70/- ਪੀਪਲਜ਼ ਫੋਰਮ ਬਰਗਾੜੀ (ਫਰੀਦਕੋਟ)
5. ਪਰਤਾਂ 'ਚ ਜੀਉਂਦਾ ਮਨੁੱਖ (ਚੋਣਵੀਂ ਕਵਿਤਾ) ਬਲਬੀਰ ਪਰਵਾਨਾ, ਪੀਪਲਜ਼ ਫੋਰਮ ਬਰਗਾੜੀ (ਫਰੀਦਕੋਟ)
6. ਅਦਬ ਦੀ ਬੰਦਗੀ (ਆਲੋਚਨਾ) ਡਾ. ਗੁਰਨਾਇਬ ਸਿੰਘ, ਮੁੱਲ 200/- ਪੰਨੇ 208, ਗ੍ਰੇਸ਼ਜ ਪਟਿਆਲਾ
7. ਛਬੀਲ (ਲੰਮੀ ਕਵਿਤਾ) ਡਾ. ਗੁਰਨਾਇਬ ਸਿੰਘ ਪੰਨੇ 66, ਮੁੱਲ 125/- ਸੰਗਮ ਪਬਲੀਕੇਸ਼ਨ, ਸਮਾਣਾ
8. ਸੁਪਨਿਆਂ ਦਾ ਜਜ਼ੀਰਾ (ਕਵਿਤਾ-ਸੰਗ੍ਰਹਿ) ਗੁਰਦਿਆਲ, ਪੱਲਾ, ਮੁੱਲ 175/- ਪੰਨੇ 86, ਲੋਕਗੀਤ ਪ੍ਰਕਾਸ਼ਨ
9. ਖੋਜ (ਕਹਾਣੀਆਂ), ਹਰਮੁਹਿੰਦਰ ਚਹਿਲ, ਪੰਨੇ 144, ਮੁੱਲ 180/- ਸੰਗਮ ਪਬਲੀਕੇਸ਼ਨ, ਪਟਿਆਲਾ
10. ਗਲੀ ਨੰਬਰ ਚਾਰ (ਨਾਵਲ), ਬਿਕਰਮਜੀਤ ਨੂਰ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ।
11. ਚੁੰਨੀ ਦਾ ਪੱਲਾ (ਨਾਵਲ), ਬਿਕਰਮਜੀਤ ਨੂਰ, ਉਡਾਨ ਪਬਲੀਕੇਸ਼ਨ, ਮਾਨਸਾ
12. ਸੂਰਜ ਦਾ ਹਲਫ਼ੀਆ ਬਿਆਨ (ਕਾਵਿ ਸੰਗ੍ਰਹਿ), ਨਵਤੇਜ ਗੜ੍ਹਦੀਵਾਲਾ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ।
13. ਇਸਲਾਮ ਸਿਧਾਂਤ ਅਤੇ ਸਿੱਖਿਆ, ਪ੍ਰੋ. ਗੁਰਚਰਨ ਸਿੰਘ ਤਲਵਾੜਾ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ
14. ਪੰਜਾਬੀ ਲੋਕਧਾਰਾ ਦੇ ਸੰਗ੍ਰਹਿ, ਸੰਪਾਦਨ ਤੇ ਮੁਲਾਂਕਣ ਵਿਚ ਅੰਗਰੇਜ਼ ਵਿਦਵਾਨਾਂ ਦਾ ਯੋਗਦਾਨ, ਸੈਮੂਅਲ ਗਿੱਲ, 5ਆਬ ਪ੍ਰਕਾਸ਼ਨ।
15. ਮਾਂ ਧੀ ਦਾ ਸੰਵਾਦ, ਬਖ਼ਸ਼, ਨਵੀਂ ਦੁਨੀਆਂ ਪਬਲੀਕੇਸ਼ਨ, ਪਟਿਆਲਾ।
16. ਦਾਰੋ ਘਤਿੱਤੀ (ਕਹਾਣੀ ਸੰਗ੍ਰਹਿ), ਪ੍ਰੀਤ ਨੀਤਪੁਰ, ਪਰਵਾਜ਼ ਪ੍ਰਕਾਸ਼ਨ, ਜਲੰਧਰ
17. ਬੁੱਲ੍ਹਾ ਨੱਚੇ ਤਾਰ ਦਵੱਲੇ (ਕਾਵਿ ਸੰਗ੍ਰਹਿ), ਯੋਧ ਸਿੰਘ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
18. ਸੰਨ ਸੰਤਾਲੀ ਤੋਂ ਬਾਅਦ (ਨਾਵਲ), ਬਿਕਰਮਜੀਤ ਨੂਰ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ
19. ਬਲਦੇ ਖੰਭਾਂ ਦੀ ਲੋਅ (ਗ਼ਜ਼ਲਾਂ), ਸੁਲੱਖਣ ਸਰਹੱਦੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

20. ਮੈਂ ਕਿਉਂ ਜੀਅ ਰਿਹਾਂ (ਕਹਾਣੀ ਸੰਗ੍ਰਹਿ), ਡਾ. ਕਰਮਜੀਤ ਸਿੰਘ ਨਡਾਲਾ, ਪਰਵਾਜ਼ ਪ੍ਰਕਾਸ਼ਨ, ਜਲੰਧਰ।
21. ਪੈੜਾਂ ਦੇ ਪ੍ਰਛਾਵੇਂ (ਵਿਰਸਾ), ਰਘਬੀਰ ਸਿੰਘ ਤੀਰ ਤਰਨਤਾਰਨ, ਮਾਝਾ ਪੰਜਾਬੀ ਸੱਥ
22. ਸੱਭੇ ਗੱਲਾਂ ਖੋਟੀਆਂ (ਵਿਅੰਗ), ਡਾ. ਮੋਨੋਜੀਤ, ਨੈਸ਼ਨਲ ਬੁੱਕ ਸ਼ਾਪ, ਦਿੱਲੀ
23. ਵਹਿਸ਼ਤ ਦੇ ਆਰ-ਪਾਰ (ਨਾਵਲ), ਨਿਰਮਲ ਨਿੰਮਾ ਲੰਗਾਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ
24. ਦ੍ਰਿਸ਼ਟੀਕੋਣ (ਕਾਵਿ ਸੰਗ੍ਰਹਿ), ਡਾ. ਲੇਖ ਰਾਜ, ਲੋਕਗੀਤ ਪ੍ਰਕਾਸ਼ਨ,
25. ਪੁਲ ਕੰਜ਼ਰੀ (ਕਥਾ ਕ੍ਰਿਤੀ), ਨਿਰਮਲ ਅਰਪਨ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
26. ਜੱਗਾ ਡਾਕੂ (ਨਾਵਲ), ਧਰਮ ਸਿੰਘ ਗੁਰਾਇਆ, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ
27. ਰੁੱਤ ਰੰਗੀਲੀ, (ਗੀਤ ਸੰਗ੍ਰਹਿ), ਸੁਖਦੇਵ ਸਿੰਘ ਬਿਸ਼ਨਕੋਟੀ, ਨਵੀਨ ਪ੍ਰਕਾਸ਼ਨ, ਅੰਮ੍ਰਿਤਸਰ
28. ਬਾਤਾਂ ਸ਼ਾਤਾਂ (ਕਵਿਤਾ), ਮੁਸ਼ਤਾਕ, ਲੁਧਿਆਣਾ
29. ਫੁੱਲ ਸੰਧੂਰੀ ਮਹਿਕ ਕੁਸੈਲੀ, ਸੁਰਜੀਤ ਮਾਨ, ਚਿੰਤਨ ਪ੍ਰਕਾਸ਼ਨ, ਲੁਧਿਆਣਾ
30. ਅੰਗੂਠਾ (ਕਾਵਿ ਨਾਟਕ), ਸੁਖਦੇਵ ਨਡਾਲੋਂ, ਸ਼ਿਲਪੀ ਪ੍ਰਕਾਸ਼ਨ, ਕਪੂਰਥਲਾ
31. ਵਰਜਿਤ ਸੁਰ ਦਾ ਮੂਕ ਸੰਵਾਦ, ਸੁਖਦੇਵ ਨਡਾਲੋਂ, ਸ਼ਿਲਪੀ ਪ੍ਰਕਾਸ਼ਨ, ਕਪੂਰਥਲਾ
32. ਸਵਾਲ ਨਾ ਕਰ (ਕਵਿਤਾਵਾਂ), ਮਲਵਿੰਦਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
33. ਡਾ. ਰਵਿੰਦਰ : ਕਾਵਿ ਚਿੰਤਨ, ਚੇਤਨਾ ਪ੍ਰਕਾਸ਼ਨ,
34. ਸੈਮੂਅਲ ਗਿੱਲ, ਬਟਾਲੇ ਦੀ ਸਮਕਾਲੀ ਗ਼ਜ਼ਲ ਸੁੰਦਰ ਬੁੱਕ ਡਿਪੋ
35. ਸੈਮੂਅਲ ਗਿੱਲ, ਧਰਤੀ ਵਿਚ ਤ੍ਰੇੜਾਂ (ਗ਼ਜ਼ਲ ਸੰਗ੍ਰਹਿ), ਲੋਕਗੀਤ ਪ੍ਰਕਾਸ਼ਨ
36. ਲੱਕੀ ਸ਼ਰਮਾ (ਡਾ.) ਕੱਲੀਆਂ ਕਾਰੀਆਂ, ਸੁੰਦਰ ਬੁੱਕ ਡਿਪੋ
37. ਲੱਕੀ ਸ਼ਰਮਾ (ਡਾ.) ਭਗਤ ਰਵਿਦਾਸ, ਮਹਾਨ ਵਿਚਾਰਕ ਅਤੇ ਸੰਤ ਕਵੀ
38. ਅਨੂਪਜੀਤ ਕੌਰ (ਡਾ.) ਪੰਜਾਬੀ ਲੋਕ-ਪਹਿਰਾਵਾ, (ਸਭਿਆਚਾਰਕ ਅਧਿਐਨ)
39. ਹਰਭਜਨ ਸਿੰਘ ਹੁੰਦਲ, ਬੇਲੇ ਦੇ ਪਿੱਛੇ ਪਿੱਛੇ (ਅਫ਼ਜ਼ਲ ਤੌਸੀਫ਼)
40. ਅਮਰਜੀਤ ਸਿੰਘ ਕਲਾਰ, ਜ਼ਿੰਦਗੀ ਦੇ ਝਰੋਖੇ ਤੋਂ,
41. ਕਰਮ ਸਿੰਘ ਜ਼ਖਮੀ, ਕਦ ਬੋਲਾਂਗੇ, ਸੰਗਮ ਪਬਲੀਕੇਸ਼ਨਜ਼ ਸਮਾਣਾ
42. ਜਰਨੈਲ ਸਿੰਘ, ਕਾਲ਼ੇ ਵਰਕੇ, ਲੋਕਗੀਤ ਪ੍ਰਕਾਸ਼ਤ
43. ਯੋਧ ਸਿੰਘ, ਲੋਆ ਦੇ ਲਾਮ ਲਸ਼ਕਰੋ, ਲੋਕਗੀਤ ਪ੍ਰਕਾਸ਼ਨ
44. ਯੋਧ ਸਿੰਘ : ਹਰ ਜ਼ਰ੍ਹਾ ਆਹੂਤ ਹੈ ਯੱਗ ਦਾ (ਕਾਵਿ ਸੰਗ੍ਰਹਿ), ਜੀਨੀਅਸ ਗਰਾਫਿਕਸ









ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ



ਭਾਰਤੀ ਸਹਿਤ ਅਕੈਡਮੀ ਇਨਾਮ, 2015

Chirag Quarterly ISSN 2349-3658 April - June 2015
Registered with the Registrar of News-Papers of India No. PUN-PUN 0 2276/AL/TC94


# ਨਵੀਂ ਦੁਨੀਆਂ

ਕੈਨੇਡਾ ਵਿਚ ਪੰਜਾਬੀ ਪੱਤਰਕਾਰੀ ਦੀਆਂ ਨਵੀਆਂ
ਪੈੜਾਂ ਪਾਉਣ ਵਾਲੀ ਅਖ਼ਬਾਰ

"ਨਵੀਂ ਦੁਨੀਆਂ"

ਤੀਸਰੇ ਵਰ੍ਹੇ ਵਿਚ ਪ੍ਰਵੇਸ਼ ਮੌਕੇ

**ਚਿਰਾਗ਼** ਦੇ ਪਾਠਕਾਂ ਲਈ

ਸ਼ੁੱਭ-ਇੱਛਾਵਾਂ

**ਸੰਪਾਦਕੀ-ਮੰਡਲ ਜਸਵੀਰ ਦਿਓਲ,
ਨਵਤੇਜ ਰਾਣਾ, ਦਲਬੀਰ ਸਾਂਗਿਆਣ**

**ਸਲਾਹਕਾਰ** -

ਕਿਰਤਮੀਤ ਕੁਹਾੜ,

ਜੈਸੀ ਸਿੰਘ ਕੈਲਗਰੀ (ਐਡਮਿੰਟਨ) ਕੈਨੇਡਾ

**ਸੰਪਰਕ : 780-465-9118**

**ਐਡਮਿੰਟਨ (ਐਲਬਰਟਾ) ਕੈਨੇਡਾ**

Info@naviduniya.com